ੴ

ਮਾਸਿਕ ਪੱਤਰ

# ਸੂਰਾ

ਅੰਮ੍ਰਿਤਸਰ



ਆਪ ਦੀ
ਜਨਮ
ਸ਼ਤਾਬਦੀ
ਨਾਰੰਗਵਾਲ ਵਿਖੇ
10 ਤੋਂ 13 ਜੂਨ

*

JUN
1993

ਭਾਈ
ਸਾਹਿਬ
ਭਾਈ
ਰਣਧੀਰ
ਸਿੰਘ
ਜੀ

*

ਜੂਨ
੧੯੯੩

www.AKJ.Org

# ਤ ਤ ਕ ਰਾ


| | | |
|---|---|---|
| ਗੁਰਸਿਖੀ ਬਾਰੀਕ ਹੈ | ੩ | ਭਾਈ ਸਾਹਿਬ ਗੁਰਦਾਸ ਜੀ |
| ਸੰਪਾਦਕੀ—ਗੁਰਸਿਖੀ ਦੀ ਵਿਆਖਿਆ | ੪ | — — — |
| ਨਾਮਿ ਰਤਾ ਸੋਈ ਨਿਰਬਾਣੁ | ੫ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਰਸਨਾ ਸਾਦ ਚਖੈ ਭਾਇ ਦੂਜੈ | ੯ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਦੋ ਰੁਬਾਈਆਂ | ੧੩ | ਸ: ਤੇਗ ਬਹਾਦਰ ਸਿੰਘ ਤੇਗ |
| ਭਾ: ਸਾ: ਭਾਈ ਰਣਧੀਰ ਸਿੰਘ ਜੀ ਦਾ ਯੋਗਦਾਨ | ੧੪ | ਪ੍ਰੋਫੈਸਰ ਜੋਗਿੰਦਰ ਸਿੰਘ ਜੀ |
| ਪੁਰਖ ਪੁਰਖੋਤਮ ਭਾਈ ਰਣਧੀਰ ਸਿੰਘ ਜੀ | ੨੦ | ਸ: ਭਗਤ ਸਿੰਘ ਜੀ ਹੀਰਾ |
| ਭਾ: ਸਾ: ਭਾਈ ਰਣਧੀਰ ਸਿੰਘ ਜੀ | ੨੭ | ਗਿਆਨੀ ਜਸਵੰਤ ਸਿੰਘ ਜੀ |
| ਸੋਨੇ ਦੀ ਚਿੜੀ—ਭਾਈ ਸਾਹਿਬ | ੩੧ | ਭਾਈ ਜੋਧ ਸਿੰਘ ਜੀ |
| ਤੂੰ ਪਰਬਤ ਮੇਰਾ ਓਲ੍ਹਾ | ੩੫ | ਪ੍ਰਿੰਸੀਪਲ ਸੁਜਾਨ ਸਿੰਘ ਜੀ |
| ਕੀਰਤਨ ਦੀ ਅਯੋਗ ਵਰਤੋਂ ਤੇ ਗੁਰਬਾਣੀ ਦੀ ਗ਼ਲਤ ਵਿਆਖਿਆ | ੪੦ | ਲੈ: ਕਰਨਲ ਦਲਜੀਤ ਸਿੰਘ ਜੀ |
| ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹੀਦੀ ਬਾਰੇ ਤੱਥ (੨) | ੪੨ | ਕੈਪਟਨ ਸਵਰਨ ਸਿੰਘ ਜੀ |
| ਸਿਖ ਵਿਦਵਾਨਾਂ ਨੂੰ ਸਾਵਧਾਨੀ ਦੀ ਲੋੜ | ੪੯ | ਸ੍ਰੀ ਅਕਾਲ ਤਖਤ ਸਾਹਿਬ |
| ਸਾਡੀ ਸਿਰਦਾਰੀ, ਦਸਤਾਰ ਦੇ ਨਾਲ ਹੈ | ੫੦ | ਪ੍ਰੋਫੈਸਰ ਹਰਬੰਸ ਸਿੰਘ ਜੀ |


ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਵਤਾਰ ਦਿਵਸ ੫ ਜੂਨ

**ਥਾਂ ਦੀ ਤੰਗੀ ਕਰਕੇ ਐਤਕੀ 'ਕਬਿਤ ਸਵੱਯੇ ਭਾਈ ਗੁਰਦਾਸ ਜੀ' ਨਹੀਂ ਦਿੱਤੇ ਜਾ ਸਕੇ।**

## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਾ ਕੇ ਰਸੀਦ ਲਓ

੧. ਲੁਧਿਆਣਾ — ਭਾਈ ਕੰਵਰਜੀਤ ਸਿੰਘ ਜੀ, 291 ਫ਼ੇਸ 2, ਡੁਗਰੀ
੨. ਕਪੂਰਥਲਾ — ਭਾਈ ਚਰਨਪਾਲ ਸਿੰਘ, 799-ਏ, ਆਰ.ਸੀ.ਐਫ.
੩. ਜਲੰਧਰ — ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ
੪. ਹੁਸ਼ਿਆਰਪੁਰ — ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੫. ਚੰਡੀਗੜ੍ਹ ਤੇ ਮੋਹਾਲੀ — ਭਾਈ ਫ਼ੌਜਿੰਦਰ ਸਿੰਘ ਜੀ, ੫੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ
੬. ਜ਼ਿਲਾ ਸੰਗਰੂਰ — (ੳ) ਰੋਹੀੜਾ-ਘਲੂਘਾਰਾ, *Via* ਅਹਿਮਦਗੜ੍ਹ, ਭਾ: ਸ਼ਨਦੀਪ ਸਿੰਘ ਜੀ
(ਅ) ਪਿੰਡ ਉਪੋਕੇ, (ਉਪਲਖੇੜੀ), ਡਾਕਖਾਨਾ ਮਲੇਰਕੋਟਲਾ, ਭਾਈ ਤ੍ਰਿਲੋਚਨ ਸਿੰਘ ਜੀ
੭. ਦਿੱਲੀ — ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹ ਨਗਰ
੮. ਸਾਰੇ ਸਮਾਗਮਾਂ ਸਮੇਂ — ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ
੯. ਬਠਿੰਡਾ — ਭਾਈ ਗੋਬਿੰਦ ਸਿੰਘ ਜੀ, ਮਕਾਨ ਨੰਬਰ ੭੮੧੯, ਨੇੜੇ ਡੰਗਰਾਂ ਦਾ ਹਸਪਤਾਲ
੧੦. ਮੋਗਾ — ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ. ਟੀ. ਰੋਡ, ਫ਼ੋਨ 43349
੧੧. ਅੰਮ੍ਰਿਤਸਰ — ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45787 ਘਰ 231520

ਸੂਚਨਾ—ਹਰ ਐਤਵਾਰ 'ਸੂਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੋੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੧-੬-੯੩ ਨੂੰ ਪ੍ਰਕਾਸ਼ਤ ਕੀਤਾ

www.AKJ.Org

ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

ਦੇਸ ੩੦-੦੦
ਇਕ ਪਰਚਾ ੩-੦੦

(ਪਰਦੇਸ਼ ਸਾਰੇ)
**ਸਾਲਾਨਾ ਚੰਦਾ**

ਸਮੁੰਦਰੀ ਡਾਕ ੮-੦੦
ਹਵਾਈ ਡਾਕ ੨੫੦-੦੦

**Foreign Subscription**
**Sea Mail 80-00**
**Air Mail 250-00**

**ਅਮਾਨਤੀ ਲਾਈਫ਼ ਮੈਂਬਰ**

ਦੇਸ ੨੫੦-੦੦
ਪਰਦੇਸ
ਸਮੁੰਦਰੀ ਡਾਕ ੮੦੦-੦੦
ਹਵਾਈ ਡਾਕ ੨੦੦੦-੦੦

## ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੭ | ਜੂਨ ੧੯੯੩ | ਅੰਕ ੬

# ਗੁਰਸਿਖੀ ਬਾਰੀਕ ਹੈ

ਗੁਰਸਿਖੀ ਬਾਰੀਕ ਹੈ, ਖੰਡੇ ਧਾਰ ਗਲੀ ਅਤਿ ਭੀੜੀ ॥
ਓਥੈ ਟਿਕੈ ਨ ਭੁਣਹਣਾ[1], ਚਲਿ ਨ ਸਕੈ ਉਪਰਿ ਕੀੜੀ ॥
ਵਾਲਹੁੰ ਨਿਕੀ ਆਖੀਐ, ਤੇਲੁ ਤਿਲਹੁੰ ਲੈ ਕੋਲੂ ਪੀੜੀ ॥
ਗੁਰਮੁਖਿ ਵੰਸੀ ਪਰਮਹੰਸ, [2]ਖੀਰ ਨੀਰ ਨਿਰਨਉ ਚੁੰਜਿ ਵੀੜੀ[3] ॥
ਸਿਲਾ ਅਲੂਣੀ ਚਟਣੀ, ਮਾਣਕ ਮੋਤੀ ਚੋਗ ਨਿਵੀੜੀ[4] ॥
ਗੁਰਮੁਖਿ ਮਾਰਗਿ ਚਲਣਾ, ਆਸ ਨਿਰਾਸੀ ਝੀੜ-ਉਝੀੜੀ[5] ॥
ਸਹਜਿ ਸਰੋਵਰਿ ਸਚਖੰਡਿ, ਸਾਧ ਸੰਗਤਿ ਸਚ ਤਖਤਿ ਹਰੀੜੀ[6] ॥
[7]ਚੜ੍ਹਿ ਇਕੀਹ ਪਤਿ ਪਉੜੀਆਂ, ਨਿਰੰਕਾਰੁ ਗੁਰ ਸਬਦੁ ਸਹੀੜੀ[8] ॥
ਗੁੰਗੇ ਦੀ ਮਠਿਆਈਐ, ਅਕਥ ਕਥਾ ਵਿਸਮਾਦੁ ਬਚੀੜੀ[9] ॥
ਗੁਰਮੁਖਿ ਸੁਖ ਫਲ ਸਹਜਿ ਅਲੀੜੀ[10] ॥ [ਭਾਈ ਸਾਹਿਬ ਗੁਰਦਾਸ ਜੀ, ੧੧/੫

੧. ਮੱਛਰ। ੨. ਦੁੱਧ ਤੇ ਪਾਣੀ ਦਾ ਨਿਰਣਾ ਕਰਦੇ ਹਨ। ੩. ਵਿਚਾਰ ਵਾਲੀ। ੪. ਨਵੀਨ, ਉੱਜਲ। ੫. ਸੂਖਮ ਤੋਂ ਸੂਖਮ, ਭਾਵ ਰਤਾ ਜਿੰਨੀ ਆਸ ਨਹੀਂ ਫੁਰਦੀ। ੬. ਹਰੀ ਪ੍ਰਭੂ ਦਾ। ੭. ਵੀਹ ਵਿਸਵੇ ਸੰਸਾਰ ਦੀਆਂ ਪਉੜੀਆਂ ਤੋਂ ਨਿਰਲੇਪ ਹੋ ਕੇ, ਇਕੀਵੀਂ ਪਤਿ ਦੀ ਪਉੜੀ, ਆਤਮ ਅਵਸਥਾ ਵਿਚ ਪੁਜ ਕੇ। ੮. ਸਹੇੜਦੇ ਹਨ। ੯. ਵਾਚਦੇ। ੧੦. ਭੁੰਚਦੇ ਹਨ।


www.AKJ.Org

ਸੰਪਾਦਕੀ–

# ਗੁਰਸਿੱਖੀ ਬਾਰੀਕ ਹੈ

ਗੁਰਸਿੱਖੀ ਖੰਡੇ-ਧਾਰ ਮਾਰਗ ਹੈ, ਖੰਡੇ ਦੀ ਧਾਰ ਤੇ ਚਲਣ ਤੁਲ ਹੈ। ਗੁਰਸਿੱਖੀ ਮਾਰਗ ਤੇ ਚਲਣਾ ਅਲੂਣੀ ਸਿਲਾ ਚਟਣੀ ਹੈ। ਪਰ ਜਿਨ੍ਹਾਂ ਨੇ ਇਹ ਅਲੂਣੀ ਸਿਲਾ ਚੱਟੀ ਹੈ ਓਹੀ ਇਸ ਦੇ ਅੰਮ੍ਰਿਤ-ਸੁਖ ਸੁਆਦ ਨੂੰ ਜਾਣਦੇ ਹਨ। ਸਤਿਗੁਰੂ ਦੇ ਔਖੇ ਤੋਂ ਔਖੇ ਹੁਕਮ ਉਹ ਸਿਰ ਮੱਥੇ ਮੰਨ ਕੇ, ਗੁਰੂ ਕੇ ਬਿਖਮ ਭਾਣਿਆਂ ਵਿਚ ਕਾਰ ਕਮਾਂਦਿਆਂ ਅਤੇ ਗੁਰੂ-ਚਰਨਾਂ ਨਾਲ ਜੁੜ ਕੇ ਨਾਮ-ਅੰਮ੍ਰਿਤ-ਰਸ ਭੁੰਚਦੇ ਹੋਇ ਚੜ੍ਹਦੀ ਕਲਾ ਵਿਚ ਵਿਚਰਦੇ ਹਨ। ਗੁਰੂ ਰਾਮਦਾਸ ਜੀ ਫੁਰਮਾਂਦੇ ਹਨ ਕਿ ਸਤਿਗੁਰੂ ਦਾ ਆਗਿਆਕਾਰੀ ਸਿਖ ਬਣਨਾ ਬੜਾ ਕਠਨ ਹੈ, ਪਰ ਗੁਰੂ-ਭਾਣੇ ਵਿਚ ਇਹ ਬਿਖੜੀ ਕਾਰ ਜੋ ਕਮਾਂਦਾ ਹੈ, ਉਸ ਨੂੰ ਉਹ ਕਾਰ ਮਹਾਨ ਉਤਮ ਅਨੰਦ ਭੁੰਚਾਉਂਦੀ ਹੈ–

ਗੁਰ ਪੀਰਾਂ ਕੀ ਚਾਕਰੀ, ਮਹਾਂ ਕਰੜੀ, ਸੁਖ ਸਾਰੁ ॥੧੬॥ (ਪੰਨਾ ੧੪੨੨)

ਸਤਿਗੁਰੂ ਨਾਨਕ ਦੇਵ ਜੀ ਦੇ ਸੇਵਕ ਭਾਈ ਲਹਿਣਾ ਜੀ ਨੇ, ਗੁਰੂ ਅੰਗਦ ਦੇਵ ਜੀ ਦੇ ਸੇਵਕ ਬਾਬਾ ਅਮਰਦਾਸ ਜੀ ਨੇ ਅਤੇ ਗੁਰੂ ਅਮਰਦਾਸ ਜੀ ਦੇ ਸੇਵਕ ਭਾਈ ਜੇਠਾ ਜੀ ਨੇ ਗੁਰਸਿੱਖੀ ਕਮਾਉਣ ਲਈ ਜੋ ਕਰੜੀ ਤੇ ਬਿਖਮ ਘਾਲ-ਕਮਾਈ ਕੀਤੀ, ਉਸ ਦਾ ਅਲੌਕਿਕ ਤੇ ਅਸਚਰਜ ਅਨੰਦ ਜੋ ਉਨ੍ਹਾਂ ਨੇ ਮਾਣਿਆ, ਉਸ ਨੂੰ ਗੂੰਗੇ ਦੀ ਮਿਠਿਆਈ ਖਾਣ ਵਾਂਗ ਉਹ ਆਪ ਹੀ ਜਾਣਦੇ ਹਨ।

ਸਤਿਗੁਰੂ ਨਾਨਕ ਪਾਤਿਸ਼ਾਹ ਨੇ ਅਰੰਭ ਵਿਚ ਹੀ ਸਿਖ ਨੂੰ ਸੁਚੇਤ ਕਰ ਦਿਤਾ ਕਿ ਜੇ ਇਸ ਗੁਰਸਿੱਖੀ ਦੇ ਪ੍ਰੇਮ-ਮਾਰਗ ਤੇ ਚਲਣਾ ਹੈ ਤਾਂ–

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥ (ਪੰਨਾ ੧੪੧੨)

ਅਤੇ– ਪਹਿਲਾ ਮਰਣੁ ਕਬੂਲਿ, ਜੀਵਣ ਕੀ ਛਡਿ ਆਸ ॥੧॥੨੩॥ (ਸਲੋਕ ਮ: ੫, ਪੰਨਾ ੧੧੦੨)

ਹਾਂ ਜੀ, ਇਸੇ ਮਹਾਨ ਕਰੜੀ ਚਾਕਰੀ ਨੂੰ ਕਮਾਂਦਿਆਂ, ਅੰਮ੍ਰਿਤ-ਨਾਮ ਤੇ ਅੰਮ੍ਰਿਤ-ਬਾਣੀ ਨਾਲ ਸਰਸ਼ਾਰ ਹੋਇ ਗੁਰਸਿੱਖਾਂ ਨੇ ਆਰੇ ਦੇ ਦੰਦਿਆਂ ਨਾਲ ਚਿਰ ਕੇ, ਦੇਗਿਆਂ ਵਿਚ ਉਬਲ ਕੇ, ਬੰਦ ਬੰਦ ਜੁਦਾ ਕਰਵਾ ਕੇ, ਚਰਖੜੀ ਤੇ ਚੜ੍ਹ ਤੂੰਬਾ ਤੂੰਬਾ ਮਾਸ ਉਡਵਾ ਕੇ, ਸਿਰ ਦੇ ਖੋਪਰ ਲੁਹਾ ਕੇ, ਨਖਾਸ-ਚੌਕ ਵਿਚ ਬੇਅੰਤ ਤਸੀਹੇ ਸਹਿ ਸਹਿ ਕੇ, ਜੰਡਾਂ ਨਾਲ ਜੀਂਦੇ-ਜੀਅ ਬੰਨ੍ਹ ਕੇ ਸਾੜੇ ਜਾ ਕੇ, ਕੀਮੀਆ ਕੀਮੀਆ ਹੋ ਕੇ, ਗੋਲੀਆਂ ਦੇ ਨਿਸ਼ਾਨੇ ਬਣ ਕੇ, ਡਾਂਗਾਂ ਨਾਲ ਚਕਨਾ ਚੂਰ ਕੀਤੇ ਜਾ ਕੇ, ਘੋੜਿਆਂ ਦੇ ਪੈਰਾਂ ਹੇਠਾਂ ਲਿਤਾੜੇ ਜਾ ਕੇ ਅਤੇ ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਵਿਚ ਬੰਦ ਹੋ ਕੇ ਗੁਰਸਿੱਖੀ ਦੇ ਪੂਰਨੇ ਪਾਏ।

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਇਸੇ ਗੁਰਸਿੱਖੀ ਮਾਰਗ ਨੂੰ ਇਉਂ ਬਿਆਨ ਕੀਤਾ ਹੈ–

ਗੁਰਮੁਖਿ ਸਹਜਿ ਸੁਭਾਇ ਭਾਣਾ ਭਾਇਆ ॥ ਸਬਦ ਸੁਰਤਿ ਲਿਵ ਲਾਇ ਹੁਕਮ ਕਮਾਇਆ ॥ ੩/੨੦

ਅਤੇ–ਮੁਰਦਾ ਹੋਇ ਮੁਰੀਦ, ਨ ਗਲੀ ਹੋਵਣਾ ॥ ਸਾਬਰੁ ਸਿਦਕ ਸਹੀਦ, ਭਰਮ ਭਉ ਖੋਵਣਾ ॥
ਗੋਲਾ ਮੁਲ ਖਰੀਦ, ਕਾਰੇ ਜੋਵਣਾ ॥ ਨਾ ਤਿਸੁ ਭੁਖ ਨ ਨੀਦ, ਨ ਖਾਣਾ ਸੋਵਣਾ ॥੩/੧੮

ਗੁਰਸਿੱਖੀ ਮਾਰਗ ਦੇ ਪੰਧਾਊ ਭਾ: ਸਾ: ਭਾਈ ਰਣਧੀਰ ਸਿੰਘ ਜੀ ਸਾਰੀ ਆਯੂ ਗੁਰੂ-ਭਾਣਿਆਂ ਵਿਚ ਸ਼ਬਦ-ਸੁਰਤ ਵਿਚ ਲਿਵ ਲਾ ਕੇ, ਹੁਕਮ ਦੀ ਕਾਰ ਕਮਾਂਦਿਆਂ ਮੁਲ-ਖਰੀਦੀ ਲਾਲੇ ਗੋਲੇ ਹੋ ਕੇ 'ਮੁਰਦਾ ਹੋਇ ਮੁਰੀਦ' ਹੋ ਕੇ ਵਿਚਰੇ। ਗੁਰਸਿੱਖੀ ਅਸੂਲਾਂ ਤੇ ਪਹਿਰਾ ਦਿੰਦਿਆਂ ਆਪ ਜੀ ਨੇ ਜਰਵਾਣਿਆਂ ਦੀਆਂ ਜੇਲ੍ਹਾਂ ਵਿਚ ਚਾਲੀ ਚਾਲੀ ਦਿਨ ਅੰਨ-ਜਲ ਤੋਂ ਬਿਨਾਂ ਨਾਮ-ਰੰਗਾਂ ਵਿਚ ਰਹਿ ਕੇ, ਕਰੜੀਆਂ ਧੁੱਪਾਂ ਤੇ ਗਰਮੀ ਦੇ ਕੜਾਕਿਆਂ ਵਿਚ ਹੱਥਕੜੀਆਂ ਬੇੜੀਆਂ ਨਾਲ ਜਕੜੇ ਹੋਇਆਂ ਅਤੇ ਭਿਆਨਕ ਕਾਲ-ਕੋਠੜੀਆਂ ਵਿਚ ਉਮਰਾਂ ਭਰ ਬੰਦ ਰਹਿ ਕੇ ਗੁਰਸਿੱਖੀ ਲਈ ਘਾਲ-ਕਮਾਈ ਕਰਦਿਆਂ ਜੋ ਨਾਮ-ਰੰਗ ਦੇ ਅਨੰਦ ਮਾਣੇ, ਉਨ੍ਹਾਂ ਦੀ ਮੂੰਹ-ਬੋਲਦੀ ਤਸਵੀਰ ਆਪ ਦੀਆਂ 'ਜੇਲ੍ਹ-ਚਿਠੀਆਂ' ਹਨ। ਗੁਰਸਿੱਖੀ ਦੀ ਘਾਲ ਕਮਾਈ ਕਰਨ ਵਾਲੇ ਐਸੇ ਮਰਜੀਊੜੇ ਗੁਰਸਿਖਾਂ ਦੀ ਚਰਨ ਧੂੜੀ ਪਰਸਦੇ ਹੋਏ ਖਾਲਸਾ ਜੀ, ਬੋਲੋ ਜੀ ਵਾਹਿਗੁਰੂ!

www.AKJ.Org

# 'ਨਾਮਿ ਰਤਾ ਸੋਈ ਨਿਰਬਾਣੁ'

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਰਾਜ ਲੀਲਾ ਤੇਰੈ ਨਾਮਿ ਬਨਾਈ ॥ ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥੧॥
ਸਰਬ ਸੁਖਾ ਬਨੇ ਤੇਰੈ ਓਲ੍ਹੈ ॥ ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ ॥੧॥ ਰਹਾਉ ॥
ਹੁਕਮੁ ਬੂਝਿ ਰੰਗ ਰਸ ਮਾਣੇ ॥ ਸਤਿਗੁਰ ਸੇਵਾ ਮਹਾ ਨਿਰਬਾਣੇ ॥੨॥
ਜਿਨਿ ਤੂੰ ਜਾਤਾ ਸੋ ਗਿਰਸਤ ਉਦਾਸੀ ਪਰਵਾਣੁ ॥ ਨਾਮਿ ਰਤਾ ਸੋਈ ਨਿਰਬਾਣੁ ॥੩॥
ਜਾ ਕਉ ਮਿਲਿਓ ਨਾਮੁ ਨਿਧਾਨਾ ॥ ਭਨਤਿ ਨਾਨਕ ਤਾ ਕਾ ਪੂਰ ਖਜਾਨਾ ॥੪॥੬॥੫੭॥

[ਆਸਾ ਮ: ੫, ਪੰਨਾ ੩੮੫

ਵਿਆਖਿਆ– ਗੁਰਮਤਿ ਨਾਮ ਦੇ ਨਿਹਕਰਮ ਕਰਮ ਰੂਪੀ ਅਭਿਆਸ ਕਮਾਈ ਨੇ ਜੋ ਬਹਾਉ ਕ੍ਰਿਸ਼ਮਾਉ ਘਟ ਅੰਦਰਿ ਹੀ ਬਣਾਇਆ ਵਿਸਮਾਇਆ ਹੈ, ਉਹ ਅਤੀਅੰਤ ਅਕੱਥਨੀਯ ਤੇ ਬਿਸਮਾਦ-ਜਨਕ ਹੈ। ਬੜੀ ਬਚਿਤਰ ਰਾਜ਼ ਲੀਲ੍ਹਾ ਬਣਾਈ ਹੈ ਗੁਰਮਤਿ ਨਾਮ ਅਭਿਆਸ ਨੇ। ਗੁਰਮੁਖਾਂ ਦੇ ਜੀਵਨ ਦੀ ਦੋਵੇਂ ਤਰ੍ਹਾਂ ਦੀ ਆਰਥਕ ਪ੍ਰਮਾਰਥਕ ਪਰਫੁਲਤਾ ਇਸ ਗੁਰਮਤਿ ਨਾਮ ਦੇ ਖੇੜੇ ਖਿੜਾਉ ਕਰਿ ਖਿੜਦੀ ਪਰਫੁਲਦੀ ਹੈ। ਇਸੇ ਵਿਚਿ ਰਾਜ ਹੈ, ਇਸੇ ਵਿਚ ਜੋਗ ਹੈ। ਰਾਜ ਭਾਗ ਮਾਣਦੇ ਹੋਏ ਭੀ ਗੁਰਮੁਖ ਜਨ ਰਾਜਸੀ ਔਜ ਤੋਂ ਉਚੇ ਰਹਿੰਦੇ ਹਨ, ਇਸ ਦੀ ਐਸ਼ੋ-ਇਸ਼ਰਤ ਵਿਚਿ ਖਪਤ ਖੱਚਤ ਨਹੀਂ ਹੁੰਦੇ। ਸਤਿਗੁਰੂ ਦੇ ਬਖਸ਼ੇ ਨਾਮ ਦੀ ਐਸੀ ਵਡਿਆਈ ਹੈ ਕਿ ਗ੍ਰਿਹਸਤ ਵਿਚਿ ਰਹਿੰਦੇ ਹੋਏ, ਪੁੱਤਰ ਕਲਿਤਰ ਵਿਚਿ ਬਿਰਾਜਦੇ ਹੋਏ ਗੁਰਮੁਖਾਂ ਨੇ ਗਤਿ ਪਾਈ ਹੈ। ਪਾਉਂਦੇ ਹਨ ਤੇ ਪਾਉਂਦੇ ਰਹਿਣਗੇ :

ਸਤਿਗੁਰ ਕੀ ਐਸੀ ਵਡਿਆਈ ॥ ਪੁਤ੍ਰ ਕਲਤ੍ਰ ਵਿਚੇ ਗਤਿ ਪਾਈ ॥੨॥੪॥ [ਪੰਨਾ ੬੬੧

ਪ੍ਰਮਾਰਥ-ਸਿੱਧੀ ਲਈ ਤਿਨ੍ਹਾਂ ਨੂੰ ਗ੍ਰਿਹਸਤ ਤਿਆਗਣ ਦੀ ਲੋੜ ਨਹੀਂ। ਸਗੋਂ ਗ੍ਰਿਹਸਤ ਵਿਚ ਰਹਿੰਦੇ ਹੋਏ ਪੁੱਤਰ ਕਲਿਤਰ (ਇਸਤ੍ਰੀ ਪੁੱਤਰ) ਕੁਟੰਬੀਆਂ ਸਮੇਤ ਹੀ ਤਿਨ੍ਹਾਂ ਦੀ ਗਤਿ-ਕਲਿਆਣ ਹੋ ਜਾਂਦੀ ਹੈ। ਐਸੀ ਵਡਿਆਈ ਹੈ ਗੁਰਮਤਿ ਨਾਮ ਦੇ ਅਭਿਆਸ ਦੀ। ਗੁਰਮਤਿ ਨਾਮ ਦਾ ਅਭਿਆਸ ਐਸਾ ਨਿਹਕਰਮੀ ਕਰਮ ਹੈ, ਜਿਸ ਦੇ ਕਮਾਇਆਂ ਮੋਹ ਮਮਤਾ ਮਾਇਆ ਦੀ ਲਾਗ ਨਹੀਂ ਲਗਦੀ। ਗੁਰਮੁਖ ਜਨ ਪਰਵਾਰੇ ਸਾਧਾਰੇ ਹੁੰਦੇ ਹਨ।

ਗੁਰਮੁਖਾਂ ਦੇ ਪਰਵਾਰ ਜਦੋਂ ਰਲ ਮਿਲ ਕੇ ਅੰਮ੍ਰਿਤ ਵੇਲੇ ਨਿਤਾਪ੍ਰਤਿ ਨਾਮ ਗੁਰਬਾਣੀ ਦੇ ਰੰਗਾਂ ਵਾਲਾ ਸਤਿਸੰਗ ਕਰਦੇ ਹਨ, ਓਦੋਂ ਅਸਚਰਜ ਅਨੰਦ-ਬਿਨੋਦੀ ਲੀਲ੍ਹਾ ਬਣਦੀ ਹੈ, ਜੋ ਬੜੇ ਬੜੇ ਰਾਜਿਆਂ ਮਹਾਰਾਜਿਆਂ ਨੂੰ ਭੀ ਨਸੀਬ ਨਹੀਂ ਹੁੰਦੀ। ਸਗੋਂ ਰਾਜੇ ਮਹਾਰਾਜੇ ਤਾਂ ਰਾਜ ਸਾਜ ਕਰਦੇ ਹੋਏ ਭੀ ਸੋਗੀ ਰੰਜੋਗੀ ਰਹਿੰਦੇ ਹਨ। ਵਿਸ਼ੇ ਵਿਕਾਰਾਂ ਦੀ ਖੱਚ ਨੇ ਓਹਨਾਂ ਦਾ ਮਨ ਮੁਸੱਰਤੀ ਮੱਚ ਮਾਰ ਦਿੱਤਾ ਹੁੰਦਾ ਹੈ। ਉਹਨਾਂ ਦੇ ਚੇਹਰੇ ਤੇ ਬਸ਼ਾਸ਼ਤ ਆਉਂਦੀ ਹੀ ਨਹੀਂ। ਸਦਾ ਗ਼ਮੀ ਦੀ ਗਨੂਦਗੀ ਭਰੀ ਆਲੂਦਗੀ ਨੁਮਾਇਆਂ ਰਹਿੰਦੀ ਹੈ।

ਪਰਵਾਰ-ਸਾਧਾਰੀ ਗੁਰਮੁਖ ਜਨਾਂ ਦੇ ਹਿਰਦਿਆ ਦੇ ਸਦਾ ਸ਼ਗੁਫਤੀ ਖੇੜੇ ਓਹਨਾਂ ਦੇ ਚਿਹਰਿਆਂ ਨੂੰ ਭੀ ਖਿੜਾਈ ਮਹਿਜ਼ੁਜ਼ਾਈ ਰਖਦੇ ਹਨ। ਉਹ ਸਦਾ ਹਸੰਦੇ ਵਿਗਸੰਦੇ ਰਹਿੰਦੇ ਹਨ। ਮਗਨ-ਆਨੰਦੀ ਕੇਲ ਕਰੰਦੇ ਰਹਿੰਦੇ ਹਨ। ਭੁੰਚਣ ਯੋਗ ਪਦਾਰਥਾਂ ਨੂੰ ਭੁੰਚਦਿਆਂ, ਪਹਿਰਨ ਯੋਗ ਸਾਧਾਰਨ ਗੁਰਮੁਖੀ ਪੁਸ਼ਾਕਿਆਂ ਨੂੰ ਪਹਿ-ਰਦਿਆਂ ਫ਼ੈਸ਼ਨ-ਪ੍ਰਸਤੀ ਅਤੇ ਇਸ਼ਰਤ ਇਸ਼ਰਤੀ ਤੋਂ ਸਦਾ ਨਿਰਲੇਪ ਰਹਿੰਦੇ ਹਨ। ਐਸ਼-ਪ੍ਰਸਤਾਂ ਦੀ ਸ਼ਰਰ-ਅੰਗੇਜ਼ ਜ਼ੇਬਾਇਸ਼ ਆਰਾਇਸ਼ ਨੁਮਾਇਸ਼ ਦਾ ਤਿਨ੍ਹਾਂ ਨੂੰ ਲੇਸ ਨਹੀਂ ਲਗਦਾ।

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆਂ ਵਿਚੇ ਹੋਵੈ ਮੁਕਤਿ ॥੨॥੧੬॥

[ਮ: ੫, ਵਾਰ ਗੂਜਰੀ, ਪੰਨਾ ੫੨੨

ਇਸ ਦਾ ਇਹ ਭਾਵ ਨਹੀਂ ਕਿ ਸਿਨਮੇ ਥੀਏਟਰਾਂ ਵਾਲੇ ਖੇਲ ਤਮਾਸ਼ੇ ਨਿਸੰਗ ਦੇਖਣ ਤੇ ਮਨ-ਭਾਉਂਦੇ

ਐਸ਼ ਮਾਨਣ । ਏਹਨਾਂ ਭੰਵਰ-ਕਰਮਾਂ ਤੋਂ ਅਟੰਕ ਰਹਿੰਦੇ ਹੋਏ ਉਨ੍ਹਾਂ ਦੇ ਮਨ ਅਹਿਲਾਦ ਪ੍ਰਮਾਰਥੀ ਰੰਗ ਵਾਲੇ ਹੁੰਦੇ ਹਨ। ਗ੍ਰਿਹਸਤ ਰਾਜ ਦਾ ਆਨੰਦ ਅਹਿਲਾਦੀ ਸੁਆਦ ਨਾਮ ਰਸੀਅੜੇ ਗੁਰਮੁਖ ਜਨ ਹੀ ਮਾਣਦੇ ਹਨ। ਅਤੇ ਗ੍ਰਿਹਸਤ ਵਿਚਿ ਰਹਿ ਕੇ ਹੀ ਮਾਣਦੇ ਹਨ। ਇਸ ਕਰਕੇ ਹੀ ਤਿਨ੍ਹਾਂ ਦੀ ਰਾਜ ਲੀਲ੍ਹਾ ਅਸਚਰਜ ਬਿਸਮਤਾ ਵਾਲੀ ਹੁੰਦੀ ਹੈ. ਜਿਸ ਦੇ ਅਗੇ ਹੋਰ ਲੀਲ੍ਹਾਵਾਂ, ਕ੍ਰਿਸ਼ਨ ਲੀਲ੍ਹਾ ਤੇ ਰਾਮ ਲੀਲ੍ਹਾ ਵਾਲੀਆਂ ਸਭ ਮਾਤ ਹਨ। ਰਾਜ ਲੀਲ੍ਹਾ ਵਾਲਾ ਸੁਹਾਗ ਤਾਂ ਤਿਨ੍ਹਾਂ ਨੂੰ ਐਉਂ ਬਣਿ ਆਉਂਦਾ ਹੈ, ਅਤੇ ਤੱਤ ਪ੍ਰਮਾਰਥੀ ਸੱਚਾ ਯੋਗ ਉਹਨਾਂ ਨੂੰ ਬਣਿ ਆਵਦਾ ਹੈ, ਕੀਰਤਨ ਗਾਇਆਂ।

ਵਾਹਿਗੁਰੂ ਦੇ ਆਤਮ-ਰੰਗਾਂ ਵਾਲਾ ਕੀਰਤਨ ਗੁਰਮੁਖ ਗ੍ਰਿਹਸਤੀਆਂ ਨੂੰ ਸਹਜ ਜੋਗ ਵਿਚ ਸੁਤੇ ਹੀ ਲੀਨ ਰਖਦਾ ਹੈ। "ਜੋਗੁ ਬਨਿਆ ਤੇਰਾ ਕੀਰਤਨੁ ਗਾਈ" ਸਚੜਾ ਯੋਗ ਗੁਰਬਾਣੀ ਦਾ ਕੀਰਤਨ ਹੈ। ਕੀਰਤਨ ਵਿਚਿ ਜੁਟਿਆਂ ਇਕ ਤੁਰਤ-ਫੁਰਤੀ ਸੁਰਤਿ-ਅਲਾਂਬੇ ਨਾਲਿ ਸਹਜ ਜੋਗ ਵਿਚਿ ਜੁੜ ਜਾਈਦਾ ਹੈ। ਪਰਮਾਤਮਾ ਦੇ ਚਰਨਾਂ ਨਾਲਿ ਤੁਰਤ ਫੁਰਤ ਜੋੜਨ ਹਿਤ ਗੁਰਬਾਣੀ ਦਾ ਕੀਰਤਨ ਖਾਸ ਪਾਰਸ-ਕਲਾ ਰਖਦਾ ਹੈ।

ਇਉਂ ਵਾਹਿਗੁਰੂ ਜੀ ਦੀ ਓਟ ਲਇਆਂ, ਵਾਹਿਗੁਰੂ ਦਾ ਓਹਲਾ ਆਸਰਾ ਲਇਆਂ ਗੁਰਮੁਖ ਗ੍ਰਿਹਸਤੀਆਂ ਨੂੰ ਸਰਬ ਸੁਖਾਂ ਦਾ ਬਣਾਓ ਸਰੰਜਾਓ ਬਣਿ ਆਉਂਦਾ ਹੈ। ਆਰਥਕ ਪ੍ਰਮਾਰਥਕ ਸੁਖ ਸਾਰੇ ਹੀ ਗੁਰਮੁਖ ਗ੍ਰਿਹਸਤੀਆਂ ਦੇ ਪਿਛੇ ਲਗੇ ਫਿਰਦੇ ਹਨ। ਅਤੇ ਅਗਿਆਨ ਭਰਮ ਦੇ ਸਾਰੇ ਪੜਦੇ ਸਤਿਗੁਰੂ ਓਹਨਾਂ ਦੇ ਖੋਲ੍ਹ ਦਿੰਦਾ ਹੈ। ਜਿਤਨੇ ਭੀ ਦੁਖ ਕਲੇਸ਼ ਸੰਸਾਰੀਆਂ ਨੂੰ ਵਿਆਪਦੇ ਹਨ, ਸੋ ਅਗਿਆਨ ਭਰਮ ਕਰਕੇ ਹੀ ਵਿਆਪਦੇ ਹਨ। ਤਿਸ ਅਗਿਆਨ ਭਰਮ ਦੇ ਪੜਦੇ ਸਤਿਗੁਰੂ ਨੇ ਖੋਲ੍ਹ ਦਿਤੇ ਹਨ, ਆਪਣੇ ਗੁਰਸਿੱਖਾਂ ਦੇ। ਸਭ ਤੋਂ ਵਡਾ ਤੇ ਤਕੜਾ ਜ਼ੋਰ-ਜਕੜਾ ਪੜਦਾ ਹਉਮੈ ਦਾ ਭਰਮ-ਅੰਸਾਰੀ ਅਗਿਆਨ-ਗੁਬਾਰੀ ਪੜਦਾ ਪਿਆ ਹੋਇਆ ਹੁੰਦਾ ਹੈ ਮਨਮੁਖਾਂ ਦੀ ਬੁਧੀ ਤੇ। ਇਹ ਪੜਦਾ ਨਾਮ ਦੀ ਬਰਕਤਿ ਨਾਲਿ ਤਤਕਾਲ ਹੀ ਫਟ ਜਾਂਦਾ ਹੈ। ਹਉਮੈ ਦਾ ਪੜਦਾ ਪਾੜਨ ਨੂੰ ਗੁਰਮਤਿ ਨਾਮ ਦੀ ਸ਼ਕਤਿ-ਕਲਾ ਅਰਥਾਤ ਸਮਰੱਥਤਾ ਅਤਸੈ ਕਰਕੇ ਬਲਵਾਨ ਅਤੇ ਸ਼ਕਤਿ-ਮਾਨ ਹੈ ਅਤੇ ਨਾਮ ਸਤਿਗੁਰੂ ਦੀ ਬਖਸ਼ਸ਼ ਹੈ। ਤਾਂ ਤੇ ਇਹ ਆਖਣਾ ਅਤੀਅੰਤ ਹੀ ਉਚਿਤ ਹੈ ਕਿ "ਭ੍ਰਮ ਕੇ ਪਰਦੇ ਸਤਿਗੁਰ ਖੋਲੇ ॥" ਸਤਿਗੁਰੂ ਨੇ ਹੀ ਭਰਮ ਦੇ ਪੜਦੇ ਖੋਲ੍ਹ ਦਿਤੇ ਹਨ।

ਸਤਿਗੁਰੂ ਦਾ ਹੁਕਮ ਬੁਝ ਕੇ, ਸਤਿਗੁਰੂ ਦੇ ਸਮੱਗਰ ਹੁਕਮ ਦੇ ਅਨੁਸਾਰੀ ਆਗਿਆਕਾਰੀ ਹੋ ਕੇ ਗੁਰਸਿਖ ਗ੍ਰਿਹਸਤੀ ਜਨ ਗ੍ਰਿਹਸਤ ਵਿਚਿ ਰਹਿ ਕੇ ਹੀ, ਅਰਥਾਤ, ਬਿਵਹਾਰ ਦਾ ਠਾਠਾ ਬਾਗਾ ਕਰਦੇ ਹੋਏ ਸਾਰੇ ਪ੍ਰਮਾਰਥੀ ਰੰਗ ਰਸ ਮਾਣਦੇ ਹਨ ਅਤੇ ਸਤਿਗੁਰੂ ਦੇ ਸਮੱਗਰ ਹੁਕਮਾਂ ਦਾ ਪੁੰਜ (ਸਮੂਹ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ, ਜਿਸ ਅੰਦਰਿ ਸਾਰੇ ਗੁਰ-ਹੁਕਮ ਬਿਰਾਜਮਾਨ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰਿ ਬਿਰਾਜਮਾਨ ਗੁਰਬਾਣੀ ਸਮੁੱਚੇ ਗੁਰ-ਹੁਕਮਾਂ ਦਾ ਪੁੰਜ ਹੈ। ਗੁਰਸਿਖ ਗ੍ਰਿਹਸਤੀ ਰਾਜ-ਜੋਗੀ ਨਿਤਾਪ੍ਰਤਿ ਅੰਮ੍ਰਿਤ ਵੇਲੇ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ (ਆਵਾਜ਼ਾ) ਲੈਂਦੇ ਹਨ। ਫੇਰ ਉਸੇ ਹੁਕਮ ਦੇ ਅਨੁਸਾਰੀ ਹੁੰਦੇ ਹੋਏ ਕੰਮਾਂ ਵਿਚਿ ਲਗਦੇ ਹਨ। ਇਉਂ ਕੰਮਾਂ ਵਿਚਿ ਪਰਵਿਰਤ ਹੁੰਦੇ ਹੋਏ ਭੀ ਨਿਰਵਿਰਤ ਰਹਿੰਦੇ ਹਨ, ਕਰਮ ਕਰਦੇ ਹੋਏ ਭੀ ਨਿਹਕਰਮ ਰਹਿੰਦੇ ਹਨ। ਨਿਹਕੇਵਲ ਰਹਿ ਕੇ ਰਾਜ ਜੋਗ ਮਾਣਦੇ ਹਨ। ਯੋਗ ਪਦ ਤਾਂ ਉਹਨਾਂ ਨੂੰ ਗੁਰਬਾਣੀ ਕੀਰਤਨ ਦੇ ਆਸਰੇ ਸਹਿਜ ਹੀ ਪ੍ਰਾਪਤਿ ਹੋ ਜਾਂਦਾ ਹੈ। ਜਿਸ ਜੋਗ ਨੂੰ ਜੋਗੀ ਸਾਰੀ ਉਮਰ ਟਕਰਾਂ ਮਾਰਿ ਮਾਰਿ, ਹਠ ਕਰਮ ਕਮਾ ਕਮਾ ਕੇ ਭੀ ਪ੍ਰਾਪਤਿ ਨਹੀ ਹੁੰਦੇ, ਤਿਸ ਸਹਜ ਦੀ ਪ੍ਰਾਪਤੀ ਗੁਰਮੁਖ-ਉਦਾਸੀਆਂ ਲਈ ਇਕ ਖਬੇ ਹੱਥ ਦੀ ਖੇਡ ਹੈ। ਸਤਿਗੁਰੂ ਦੇ ਹੁਕਮਾਂ ਅਨੁਸਾਰੀ ਕਰਮ ਕਮਾਵਣੇ ਹੀ ਸਤਿਗੁਰੂ ਦੀ ਸੱਚੀ ਸੇਵਾ ਹੈ। ਸਤਿਗੁਰੂ ਦਾ ਹੁਕਮਾਂ ਸਿਰ ਹੁਕਮ ਅਤੇ ਸਤਿਗੁਰੂ ਹੁਕਮਾਂ ਦਾ ਦਰਸਾਇਆ ਕਰਮਾਂ ਸਿਰ ਕਰਮ ਸਤਿਗੁਰੂ ਦਰਸਾਈ ਦ੍ਰਿੜ੍ਹਾਈ ਤੱਤ-ਸੇਵਾ ਸਿਮਰਨ ਸਿਫਤਿ ਸਾਲਾਹ ਹੈ। ਇਸ ਸਿਮਰਨ ਰੂਪੀ ਸੇਵਾ ਦੇ ਨਿਹਕਰਮ ਕਮਾਵਣ ਕਰਿ ਮਹਾਂ ਨਿਰਬਾਣ ਪਦ ਹਾਸਲ ਹੁੰਦਾ ਹੈ। "ਸਤਿਗੁਰ ਸੇਵਾ ਮਹਾ ਨਿਰਬਾਣੇ।" ਜੋ ਅਜ ਤਾਈਂ ਕਿਸੇ ਜੋਗੀ ਸਹਜੋਗੀ ਕਰਮ ਜੋਗੀ ਨੂੰ ਹਾਸਲ ਨਹੀਂ ਹੋਇਆ। ਇਸ ਤੋਂ ਬੁੱਧ ਸਾਰਖੇ ਮਾਇਆ-ਤਿਆਗੀ ਤਪੀ ਭੀ ਵਾਂਜੇ ਰਹਿ ਗਏ। 'ਗੁਰਮਤਿ

ਨਿਰਬਾਣ' ਅਟੱਲ ਨਿਹਚਲ ਪਦ ਵਾਲਾ ਮਹਾਂ ਨਿਰਬਾਣ ਹੈ, ਜੋ ਅਕਾਲ ਪੁਰਖ ਨਾਲਿ ਮਿਲਾ ਦਿੰਦਾ ਹੈ।

ਗੁਰਮਤਿ ਅੰਦਰ ਅਕਾਲ ਪੁਰਖ ਦਾ ਮਿਲਾਪ ਹੀ ਨਿਰਬਾਣ, ਮਹਾਂ ਨਿਰਬਾਣ ਹੈ। ਬੁੱਧ ਮੱਤ ਅੰਦਰੋ 'ਨਿਰਬਾਣ' ਇਕ ਮਹਾਂ ਸੁੰਨਜ ਅਵਸਥਾ ਦਾ ਨਾਉਂ ਹੈ, ਜਿਥੇ ਅਸਤ ਨਾਸਤ ਦੋਵੇਂ ਨਾ ਰਹਿਣ। ਬੁੱਧ ਜੀ ਨੇ ਆਪ ਇਕ ਜਗ੍ਹਾ ਆਖਿਆ ਹੈ ਕਿ ਰਾਗ ਦ੍ਵੈਖ ਮੋਹ ਦੇ ਮਿਟ ਜਾਣ ਦਾ ਨਾਉਂ ਨਿਰਬਾਣ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅੰਦਰ ਇਹ ਪਦ (ਨਿਰਬਾਣ) 'ਮਹਾਂ ਸੁੰਨਜ' ਦੇ ਅਰਥਾਂ ਵਿਚਿ ਕਿਤੇ ਨਹੀਂ ਆਇਆ। ਕਲਿਆਣ ਜਾਂ ਮੁਕਤੀ ਦੇ ਅਰਥਾਂ ਵਿਚਿ ਆਇਆ ਹੈ ਯਾ ਦ੍ਵੰਦਾਂ ਤੋਂ ਛੁਟ ਕੇ ਵਾਹਿਗੁਰੂ-ਪ੍ਰਾਪਤੀ ਦੇ ਅਰਥਾਂ ਵਿਚਿ ਆਇਆ ਹੈ। ਮਾਇਆ ਤੋਂ ਉੱਚਾ ਉਠ ਕੇ, ਪਰਮਾਤਮਾ ਨਾਲ ਮਿਲਣ ਦੀ ਦਸ਼ਾ, ਨਿਹਚਲ ਪਦ ਅਟੱਲ ਪਦਵੀ ਨੂੰ ਮਹਾਂ ਨਿਰਬਾਣ ਆਖਿਆ ਗਿਆ ਹੈ ਅਤੇ ਜਿਵੇਂ ਮੁਕਤੀ ਨੂੰ ਪ੍ਰਾਪਤਿ ਹੋਏ ਪੁਰਖਾਂ ਨੂੰ ਮੁਕਤ, ਜੀਵਨ-ਮੁਕਤ ਆਖਿਆ ਜਾਂਦਾ ਹੈ, ਤਿਵੇਂ ਹੀ ਨਿਰਬਾਣ ਪਦ-ਪ੍ਰਾਪਤੀ ਵਾਲੇ ਗੁਰਮੁਖ ਜਨ ਨੂੰ ਗੁਰਬਾਣੀ ਵਿਚ 'ਨਿਰਬਾਣ' ਦਾ ਖ਼ਿਤਾਬ ਭੀ ਦਿੱਤਾ ਗਿਆ ਹੈ।

ਜਿਥੇ ਗੁਰਬਾਣੀ ਅੰਦਰਿ 'ਨਿਰਬਾਣ ਕੀਰਤਨ' ਜੁਟਤ ਪਦ (compound word) ਵਰਤਿਆ ਹੈ ਉਥੇ ਨਿਰਬਾਣ ਕੀਰਤਨ ਦਾ ਅਰਥ ਹੈ ਨਿਰਬਾਣ ਪਦ ਨੂੰ ਪੁਚਾਉਣ ਵਾਲਾ ਕੀਰਤਨ, ਨਿਰਬਾਣ ਕਰਨਹਾਰਾ ਕੀਰਤਨ। ਇਕ-ਰਸ ਅਖੰਡ ਕੀਰਤਨ ਨੂੰ ਭੀ ਗੁਰਮਤਿ ਸੰਗਿਆ ਅੰਦਰਿ ਨਿਰਬਾਣ ਕੀਰਤਨ ਕਰਕੇ ਸੰਕੇਤਿਆ ਜਾਂਦਾ ਹੈ। ਨਿਰਾ ਬਾਣੀ ਦਾ ਕੀਰਤਨ, ਨਿਰੋਲ ਗੁਰਬਾਣੀ ਦੇ ਕੀਰਤਨ ਨੂੰ ਭੀ ਨਿਰਬਾਣ ਕੀਰਤਨ, ਕੀਰਤਨ-ਰਸੀਏ ਆਖਦੇ ਹਨ, ਜਿਸ ਵਿਚਿ ਕੱਚੀ ਬਾਣੀ ਦਾ ਮਿਲਾਪ ਨ ਹੋਵੇ। ਨਿਰੋਲ (ਨਿਰਾ) ਗੁਰਬਾਣੀ ਦਾ ਹੀ ਕੀਰਤਨ ਹੋਵੇ, ਉਹ ਨਿਰਬਾਣ ਕੀਰਤਨ ਗੁਰਮਤਿ ਅੰਦਰ ਪਰਵਾਨ ਅਤੇ ਪ੍ਰਧਾਨ ਹੈ।

ਜਿਸ ਗੁਰਮੁਖ ਜਨ ਨੇ ਗ੍ਰਿਹਸਤ ਵਿਚਿ ਰਹਿ ਕੇ ਹੀ ਗੁਰਮਤਿ ਨਾਮ ਨਿਹਕਾਮ ਦੀਆਂ ਅਤੁਟ ਨਿਰਬਾਣ ਕਮਾਈਆਂ ਕਰ ਕੇ ਅਤੇ ਗੁਰਮਤਿ ਅਭਿਆਸ ਕਰਮ ਕਮਾਉਂਦਿਆਂ ਹੋਇਆਂ ਨਿਹਕਰਮੀ ਰਹਿ ਕੇ ਵਾਹਿਗੁਰੂ ਅਪ੍ਰੋਖਸ਼ ਗਿਆਨ ਗੰਮਿਆ ਹੈ, ਪਰਤੱਖ ਗਿਆਨ ਪ੍ਰਚੰਡਨੀ ਦਰਸ਼ਨ ਕੀਤਾ ਹੈ, ਸੋਈ ਪਰਵਾਨ ਗ੍ਰਿਹਸਤ ਉਦਾਸ ਸੱਚਾ ਰਾਜ ਜੋਗੀ ਹੈ, ਜਾਗਦਾ ਜੋਗੀ ਹੈ। "ਗੁਰਸਿਖ ਜੋਗੀ ਜਾਗਦੇ ਮਾਇਆ ਅੰਦਰਿ ਕਰਨਿ ਉਦਾਸੀ" ਭਾਈ ਗੁਰਦਾਸ ਜੀ ਦਾ ਮਹਾਂ ਵਾਕ ਭੀ ਇਸ ਗੁਰਵਾਕ ਪੰਗਤੀ ਦੀ ਪ੍ਰੋੜ੍ਹਤਾ ਕਰਦਾ ਹੈ। "ਜਿਨਿ ਤੂੰ ਜਾਤਾ ਸੋ ਗਿਰਸਤ ਉਦਾਸੀ ਪਰਵਾਣੁ ॥" ਇਸ ਦੇ ਨਾਲਿ ਦੀ ਦੂਜੀ ਗੁਰਵਾਕ-ਪੰਗਤੀ ਦਸਦੀ ਹੈ, ਜੋ ਗੁਰਮੁਖ ਜਨ ਨਾਮ-ਰੰਗਾਂ ਵਿਚਿ ਰੱਤਿਆ ਹੋਇਆ ਹੈ ਸੋ ਜਨ ਨਿਰਬਾਣ ਹੈ, ਅਰਥਾਤ ਨਿਰਬਾਣ ਪਦ ਨੂੰ ਪੁੱਗਿਆ ਹੋਇਆ ਹੈ। "ਨਾਮਿ ਰਤਾ ਸੋਈ ਨਿਰਬਾਣੁ" ਅਤੇ ਜਿਸ ਜਨ ਨੂੰ ਨਾਮ ਰੂਪੀ ਸੱਚਾ ਨਿਧਾਨ ਮਿਲਿਆ ਹੈ ਤਿਸ ਦਾ ਇਹ ਨਾਮ-ਨਿਧਾਨੀ ਖਜ਼ਾਨਾ ਫੇਰ ਸਦਾ ਭਰਿਆ ਹੀ (ਪੂਰਿਆ ਹੀ) ਰਹਿੰਦਾ ਹੈ, ਕਦੇ ਨਿਖੁਟਦਾ ਨਹੀਂ। ਨਾਮ ਨਾਲਿ ਭਰਪੂਰ ਹੀ ਰਹਿੰਦਾ ਹੈ। ਇਕ ਵਾਰ ਇਹ ਨਾਮ ਰੂਪੀ ਨਿਧਾਨ ਮਿਲ ਜਾਏ ਸਹੀ, ਫੇਰ ਇਹ ਉਸ ਗੁਰਮੁਖ ਜਨ ਨੂੰ ਮਿਲਿਆ ਨਾਮੁ ਨਿਧਾਨ ਰੂਪੀ ਖਜ਼ਾਨਾ ਕਦੇ ਊਣਾ ਨਹੀਂ ਹੁੰਦਾ, ਸਦਾ ਸੁਭਰ ਭਰਿਆ ਭਰਪੂਰਿਆ ਹੀ ਰਹਿੰਦਾ ਹੈ। "ਭਨਤਿ ਨਾਨਕ ਤਾ ਕਾ ਪੂਰ ਖਜਾਨਾ ॥"

ਜੋ ਜਨ ਵਾਹਿਗੁਰੂ ਨਾਮ ਬਿਨਾਂ ਹੋਰ ਕੋਈ ਕਰਮ, ਕਿਰਿਆ, ਕੰਮ ਸੰਦੀ ਸੇਵਾ ਨਹੀਂ ਕਰਦਾ ਉਹ ਨਿਹਕੇਵਲ-ਕਰਮੀਆ ਹੈ। ਹੋਰ ਸਭ ਕਰਮਾਂ ਤੋਂ ਨਿਹਕਰਮ ਹੋ ਕੇ ਜੋ ਕੇਵਲ ਵਾਹਿਗੁਰੂ ਪ੍ਰਾਇਣ ਕਰਮ ਹੀ ਕਰਦਾ ਹੈ, ਉਹ ਗੁਰਮਤਿ ਅੰਦਰਿ ਨਿਹਕੇਵਲ ਕਰਮ ਕਮਾਵਣਹਾਰਾ ਸਦਾਉਂਦਾ ਹੈ। ਜਿਸ ਦੇ ਨਿਕਟਿ ਵਾਹਿਗੁਰੂ ਨਾਮ ਅਭਿਆਸ ਕਮਾਈ ਹੀ ਵਾਹਿਗੁਰੂ ਦੀ ਸੇਵਾ ਹੈ, ਹੋਰ ਦੂਜੀ ਸੇਵਾ ਦੁਤੀਏ ਭਾਵ ਦੀ ਪੂਜਾ ਜਿਸ ਦੇ ਭਾਣੇ ਨਫ਼ੀ (nil) ਹੀ ਹੈ, ਉਹ ਨਿਹਕੇਵਲ ਕਰਮ ਕਮਾਵਨੀਆਂ ਕਮਾਉਂਦਾ ਹੈ। ਜਿਸ ਦੇ ਉਚ ਆਦਰਸ਼ੀ ਇਰਾਦੇ ਅੰਦਰਿ ਵਾਹਿਗੁਰੂ ਨਾਮ ਸਿਮਰਨ ਦੇ ਵਾਹਿਗੁਰੂ ਦਰਸ਼ਨ, ਵਾਹਿਗੁਰੂ ਪ੍ਰਾਪਤੀ ਮਈ ਫਲ ਤੋਂ ਬਿਨਾਂ ਹੋਰ ਫਲਾਂ ਤੋਂ ਨਿਰ-ਇਛਤ ਰਹਿਣਾ ਦ੍ਰਿੜ੍ਹ ਹੋਇਆ ਵਿਆ ਹੈ; ਉਹ ਨਿਹਕੇਵਲ ਕਰਮ ਕਰਨਹਾਰਾ ਨਿਰਇਛਤੀਆ ਉਤਮ ਪਦ ਵਾਲਾ


www.AKJ.Org

ਹਰਿ ਕਾ ਲੋਗੁ ਹੈ। ਜਿਸ ਨੇ ਵਾਹਿਗੁਰੂ ਨਾਮ ਸਿਮਰਨ ਰੂਪੀ ਸੇਵਾ ਤੋਂ ਬਿਨਾਂ ਦੂਜੀ ਸੇਵਾ ਕਰਨਾ ਮਾਨੋ ਜਨਮਖ ਨੂੰ ਬਿਰਥਾ ਗੰਵਾਵਣਾ ਮੰਨਿਆ ਹੋਇਆ ਹੈ, ਉਹ ਅਨਿੰਨ ਅਕਾਲ ਸੇਵੀ ਅਕਾਲ ਪੁਰਖ ਦਾ ਸੱਚਾ ਸੁੱਚਾ ਆਸ਼ਕ ਉਪਾਸ਼ਕ ਜਨ ਨਿਹਕੇਵਲ ਕਰਮ ਕਰਨ ਦਾ ਸਾਦਕ ਸਿਦਕੀਆ ਸ਼ਰਧਾਵਾਨ ਹੈ। ਜਿਸ ਜਨ ਨੇ ਵਾਹਿਗੁਰੂ ਨਾਮ ਅਤੇ ਵਾਹਿਗੁਰੂ ਦੀ ਪ੍ਰੀਤ ਨੂੰ ਸੱਚੀ ਅਤੇ ਕਰਨ ਜੋਗ ਹਕੀਕੀ ਪ੍ਰੀਤ ਕਰ ਕੇ ਜਾਣਿਆ ਹੈ, ਜਿਸ ਨੇ ਵਾਹਿਗੁਰੂ ਸਿਮਰਨ ਵਾਲੀ ਰੀਤੀ ਨੂੰ ਹੀ ਸੱਚੀ, ਸਚ-ਰੀਤਾਵਨੀ ਰੀਤ ਕਰਕੇ ਸਮਝਿਆ ਹੋਇਆ ਹੈ ਅਤੇ ਮਨ ਬਚ ਕਰਮ ਕਰਕੇ ਸਮਝਿਆ ਹੋਇਆ ਹੈ ਓਹੀ ਸੱਚਾ ਨਿਹਕੇਵਲ ਕਰਮ ਰੀਤ ਰੀਤੰਨੀਆ, ਨਿਹਕੇਵਲ ਕਰਮ-ਕਰੰਮੀਆ ਹੈ। ਜਿਸ ਵਾਹਿਗੁਰੂ ਨਾਮ ਦੇ ਅਨਿੰਨ ਉਪਾਸ਼ਕ ਨੇ, ਗੁਰਬਾਣੀ ਪੜ੍ਹਨ ਸੁਣਨ ਗਾਵਣ ਦੇ ਸੱਚੇ ਆਸ਼ਕ ਨੇ ਵਾਹਿਗੁਰੂ ਨਾਮ ਸਿਫਤਿ ਸਾਲਾਹ ਗੁਰਬਾਣੀ ਕੀਰਤਨ ਨੂੰ ਸੱਚੀ ਕਥਾ ਕਹਾਣੀ ਕਰਕੇ ਸਨਮਾਨਿਆ ਹੋਇਆ ਹੈ ਅਤੇ ਹੋਰ ਚੂੰਚ ਕਥਾਵਾਂ ਤੋਂ, ਕੱਚੀਆਂ ਕਹਾਣੀਆਂ ਤੋਂ ਮੂੰਹ ਮੋੜਿ ਚਿਤ ਬਿਰਤੀ ਨੂੰ ਹੋੜਿਆ ਹੋਇਆ ਹੈ, ਓਹੀ ਨਿਰੋਲ ਨਿਹਕੇਵਲ-ਕਰੰਮੀਆ ਹੈ। ਉਹ ਵਾਹਿਗੁਰੂ ਅਤੇ ਵਾਹਿਗੁਰੂ ਨਾਮ ਦੇ ਪ੍ਰੇਮ ਵਿਚਿ ਹੀ ਭਿਜੇ ਰਹਿਣ ਨੂੰ ਸੱਚੀ ਨਿਹਕਰਮ ਕਰਨੀ ਵਾਲੀ ਸੇਵਾ ਸਮਝਦਾ ਹੈ। ਜਿਸ ਦੇ ਭਾਣੇ, ਜਿਸ ਦੇ ਨਜ਼ਦੀਕ ਵਾਹਿਗੁਰੂ ਨਾਮ ਹੀ ਸਿਮ੍ਰਿਤ ਬੇਦੁ ਹੈ, ਵਾਹਿਗੁਰੂ ਨਾਮ ਹੀ ਸੱਚਾ ਸ਼ਾਸਤ੍ਰ ਪੁਰਾਣ ਹੈ, ਜੋ ਅਨਿੰਨ ਸਿਖ ਵਾਹਿਗੁਰੂ ਨਾਮ ਤੋਂ ਛੁਟ ਹੋਰ ਕਿਸੇ ਬੇਦ ਨੂੰ ਬੇਦ ਨਹੀਂ ਸਮਝਦਾ, ਹੋਰ ਕਿਸੇ ਸ਼ਾਸਤ੍ਰ ਨੂੰ ਸੱਚਾ ਸ਼ਾਸਤ੍ਰ ਕਰਕੇ ਨਹੀਂ ਜਾਣਦਾ, ਹੋਰ ਕਿਸੇ ਸਿਮ੍ਰਤੀ ਨੂੰ ਸਚੀ ਸਿਮ੍ਰਤੀ ਕਰਕੇ ਨਹੀਂ ਬੁਝਦਾ, ਵਾਹਿਗੁਰੂ ਨਾਮ ਤੋਂ ਬਿਨਾਂ ਕਿਸੇ ਹੋਰ ਪੁਰਾਣ ਨੂੰ ਪੁਰਾਣ ਕਰਕੇ ਨਹੀਂ ਮੰਨਦਾ, ਵਾਹਿਗੁਰੂ ਨਾਮ ਰੂਪੀ ਸੱਚੇ ਕੁਰਾਨ ਤੋਂ ਬਿਨਾਂ ਕਿਸੇ ਹੋਰ ਨੂੰ ਕੁਰਾਨ ਕਰਕੇ ਨਹੀਂ ਮੰਨਦਾ, ਉਹ ਅਸਲ ਨਿਹਕੇਵਲ ਕਰਮ ਕਰੰਮੀ ਹੈ। ਵਾਹਿਗੁਰੂ ਨਾਮ ਨੂੰ ਹੀ ਜਿਸ ਨੇ ਬੰਧਪ ਕਰਕੇ ਜਾਣਿਆ ਹੋਇਆ ਹੈ, ਵਾਹਿਗੁਰੂ ਨਾਮ ਨੂੰ ਹੀ ਜਿਸ ਨੇ ਭਾਈ ਸਖ਼ਾ ਸਹਾਈ ਕਰਕੇ ਪਛਾਣਿਆ ਹੋਇਆ ਹੈ, ਵਾਹਿਗੁਰੂ ਨਾਮ ਤੋਂ ਬਿਨਾਂ ਹੋਰ ਕਿਸੇ ਸਾਕ ਰਿਸ਼ਤੇ ਨੂੰ ਨਹੀਂ ਸਿਆਣਦਾ, ਉਹੀ ਦਰ-ਹਕੀਕਤ ਸਚੜਾ ਨਿਹਕੇਵਲ-ਕਰੰਮੀਆ ਕਰਮਕਾਰੀ ਹੈ। ਵਾਹਿਗੁਰੂ ਨਾਮ ਦੀ ਹੀ ਅਕਾਂਖਿਆ ਜਿਸ ਨੂੰ ਬਣੀ ਰਹਿੰਦੀ ਹੈ, ਵਾਹਿਗੁਰੂ ਨਾਮ ਸਿਮਰਨ ਦੀ ਹੀ ਜਿਸ ਨੂੰ ਖਿਨ ਖਿਨ ਭੁੱਖ ਲਗੀ ਰਹਿੰਦੀ ਹੈ, ਵਾਹਿਗੁਰੂ ਨਾਮ ਤੋਂ ਛੁਟ ਜਿਸ ਦੀ ਹੋਰ ਕੋਈ ਅਕਾਂਖਿਆ ਨਹੀਂ, ਵਾਹਿਗੁਰੂ ਨਾਮ ਦੀ ਭੁੱਖ ਤੋਂ ਛੁਟ ਜਿਸ ਨੂੰ ਹੋਰ ਕੋਈ ਭੁੱਖ ਨਹੀਂ, ਉਹ ਨਿਹਕੇਵਲ ਪਦ ਵਾਲਾ ਸੱਚਾ ਨਿਹਕਰਮੀ ਸੁਚਿਆਰ ਸਿਖ ਹੈ। ਜਿਸ ਨੂੰ ਵਾਹਿਗੁਰੂ ਨਾਮ ਸਿਮਰਨ ਰੂਪੀ ਤ੍ਰਿਪਤੀ ਤੋਂ ਬਿਨਾਂ ਹੋਰ ਕਿਸੇ ਕਰਮ ਦੇ ਕਰਨ ਕਰਿ ਤ੍ਰਿਪਤੀ ਨਹੀਂ ਆਉਂਦੀ, ਕੇਵਲ ਗੁਰਮਤਿ ਨਾਮ ਅਭਿਆਸ ਕਮਾਈ ਵਾਲੇ ਕਰਮ ਕਰਨ ਵਿਚਿ ਹੀ ਸੱਚੀ ਤ੍ਰਿਪਤੀ ਆਉਂਦੀ ਹੈ, ਓਹੀ ਸਚੜਾ ਨਾਮ ਤ੍ਰਿਪਤਾਸੀਆ ਨਿਹਕੇਵਲ ਕਰਮੀ ਸਿਖ ਸੂਰਮਾ ਹੈ। ਜਿਸ ਨੇ ਕੇਵਲ ਵਾਹਿਗੁਰੂ ਦੇ ਪਾਕ ਨਾਮ ਨੂੰ ਹੀ ਅੰਤ ਸਖਾਈ ਹੋਣ ਵਾਲਾ ਸੱਚਾ ਸਾਕ ਸਮਝਿਆ ਹੋਇਆ ਹੈ, ਉਹੀ ਜਨ ਨਿਹਕੇਵਲ ਕਰਮ ਕਰਨ ਦਾ ਸੱਚਾ ਸ਼ਰਧਾਲੂ ਹੈ। ਜੋ ਵਾਹਿਗੁਰੂ ਨਾਮ ਦਾ ਵਾਪਾਰੀ ਵਾਹਿਗੁਰੂ ਨਾਮ ਦੀ ਰਾਸ ਨੂੰ ਹੀ ਖੱਟਣ ਜੋਗ ਸੱਚੀ ਰਾਸ-ਪੂੰਜੀ ਪਰਖਦਾ ਹੈ ਅਤੇ ਵਾਹਿਗੁਰੂ ਨਾਮ ਦੀ ਸੱਚੀ ਰਾਸ ਪੂੰਜੀ ਬਿਨਾਂ ਹੋਰਸ ਰਾਸ ਪੂੰਜੀ ਨੂੰ ਕੂੜਾਵੀ ਰਾਸ ਸਮਝਦਾ ਹੈ, ਇਸ ਅਸਾਰ ਸੰਸਾਰ ਤੋਂ ਚਲਦਿਆਂ ਹੋਇਆਂ ਅੰਤ ਚਲਾਣੇ ਸਮੇਂ (ਕੂਚ ਨਗਾਰਾ ਬਜਣ ਦੇ ਸਮੇਂ) ਸੰਗ ਸਾਥ ਨਾ ਚਲਣ ਵਾਲੀ ਝੂਠੀ ਰਾਸ ਪੂੰਜੀ ਸਮਝਦਾ ਹੈ, ਉਹ ਸੱਚੇ ਅਰਥਾਂ ਵਿਚਿ ਨਿਹਕੇਵਲ ਕਰੰਮੀ ਪੁਰਸ਼ ਹੈ। ਜੋ ਜਨ ਕੇਵਲ ਵਾਹਿਗੁਰੂ ਨਾਮ-ਧਨ ਨੂੰ ਸਾਥ ਚੱਲਣ ਵਾਲਾ ਸੱਚਾ ਧਨ ਕਰਕੇ ਪਹਿਚਾਨਦਾ ਹੈ, ਉਹੀ, ਕੇਵਲ ਉਹੀ ਸੱਚੜਾ ਨਿਹਕੇਵਲ ਕਰਮ ਦਾ ਕਰਨ ਕਰਾਵਨਹਾਰਾ ਹੈ। ਜਿਸ ਦੇ ਨਿਕਟ ਹੋਰ ਝੂਠੇ ਕਰਮ ਕ੍ਰਮਾਵਣਹਾਰੇ, ਝੂਠੇ ਕੰਮਾਂ ਵਿਚਿ ਲਗਣਹਾਰੇ ਸਭਿ ਝੂਠੇ ਹਨ, ਉਹੀ ਸੱਚਾ ਸੁਚਿਆਰ ਨਿਹਕੇਵਲ ਕਰਮਾਂ ਦਾ ਕਰਮਾਚਾਰੀ ਹੈ। ਜੋ ਇਸ ਪ੍ਰਕਾਰ ਦਾ ਵਿਗਿਆਨੀ ਹੈ ਕਿ ਕਰਮਾਂ ਦੇ ਕਰਮ ਕਮਾਵਨੀ ਸਿਲਸਿਲੇ ਵਿਚਿ ਜੋ ਕੁਛ ਹੋ ਰਿਹਾ ਹੈ, ਉਸੇ ਵਿਚਿ ਵਾਹਿਗੁਰੂ ਦਾ ਸੱਚ-ਰਜ਼ਾਨੀ ਭਾਣਾ ਹੀ ਹੁੰਦਾ ਸਮਝਦਾ ਹੈ ਅਤੇ ਮਨ ਬਚ ਕਰਮ ਕਰਕੇ ਸਮਝਦਾ ਹੈ, ਉਹ ਸੱਚਾ ਨਿਹਕੇਵਲ ਪਦ ਦੇ ਨਿਹਕਰਮ ਪਦ ਤੇ ਪੁਜਿਆ ਹੋਇਆ ਹੈ। [ਗੁਰਮਤਿ ਕਰਮ ਫ਼ਿਲਾਸਫੀ, ਪੰਨਾ ਪ੮੩-੮੯

'ਸੂਰਾ' ਅੰਮ੍ਰਿਤਸਰ, ਜੂਨ ੧੯੯੩



www.AKJ.Org

# ਰਸਨਾ ਸਾਦ ਚਖੈ ਭਾਇ ਦੂਜੈ

[ਪ੍ਰਿੰਸੀਪਲ ਸੱਜਣ ਸਿੰਘ ਜੀ, 618/6, ਗੋਬਿੰਦਪੁਰੀ, ਨਵੀਂ ਦਿੱਲੀ-19]

ਗਿਆਨ ਇੰਦ੍ਰੀਆਂ ਵਿਚੋਂ ਜਿਹਬਾ ਐਸੀ ਇੰਦ੍ਰੀ ਹੈ ਜਿਸ ਦਾ ਕਾਰਜ ਦੋਹਰਾ ਹੈ—ਅੰਤ੍ਰੀਵ ਭਾਵ ਨੂੰ, ਸੋਚ ਵਿਚਾਰ ਨੂੰ ਬੋਲ ਕੇ ਦੂਸਰੇ ਤੱਕ ਪਹੁੰਚਾਣਾ ਤੇ ਖਾਦਜ ਵਸਤੂ ਦਾ ਸੁਆਦ ਅਨੁਭਵ ਕਰਨਾ ਤੇ ਮਾਣਨਾ। ਜਿਹਬਾ ਦੀ ਸਹੀ ਵਰਤੋਂ ਇਨਸਾਨੀਅਤ ਦੀ ਸੁਚੱਜੀ ਘਾੜਤ ਲਈ ਅਤਿਅੰਤ ਜ਼ਰੂਰੀ ਹੈ। ਜੇ ਜੀਵ ਸੰਜਮ ਤੇ ਵਿਵੇਕ ਬੁੱਧੀ ਦੁਆਰਾ ਆਪਣੀ ਜ਼ਬਾਨ ਨੂੰ ਕਾਬੂ ਵਿਚ ਰਖੇ ਤਾਂ ਜੀਵਨ ਵਿਚ ਉਤਪੰਨ ਹੋਣ ਵਾਲੀਆਂ ਅਨੇਕ ਸਮੱਸਿਆਵਾਂ ਤੋਂ ਬਚਿਆ ਰਹੇ।

ਵਾਸਤਵ ਵਿਚ ਇਸ ਤਰ੍ਹਾਂ ਦਾ ਸੰਜਮ ਅਮਲੀ ਰੂਪ ਵਿਚ ਘੱਟ ਹੁੰਦਾ ਹੈ। ਆਸ਼ਾ ਤਾਂ ਇਹ ਰੱਖੀ ਜਾਂਦੀ ਹੈ ਕਿ ਜਿਹਬਾ ਖੱਟਾ, ਮਿੱਠਾ, ਕੌੜਾ ਕਸੈਲਾ ਆਦਿ ਦਾ ਗਿਆਨ ਪ੍ਰਾਪਤ ਕਰ ਕੇ ਯੋਗ ਖ਼ੁਰਾਕ ਖਾਣ ਵਿਚ ਸਹਿਯੋਗ ਦੇਵੇ, ਪਰ ਇਹ ਉਲਟੀ, ਜ਼ਮੀਰ ਦੀ ਆਵਾਜ਼ ਸੁਣੀ ਅਣਸੁਣੀ ਕਰ ਕੇ ਰਸਾਂ ਕਸਾਂ ਵਿਚ ਗਲਤਾਨ ਰਹਿੰਦੀ ਹੈ। ਜੇ ਦੁਰਬਚਨ ਦੂਜੇ ਪ੍ਰਾਣੀ ਦੇ ਜਜ਼ਬਾਤ ਨੂੰ ਠੇਸ ਪਹੁੰਚਾਉਂਦਾ ਹੈ ਤਾਂ ਭੱਖ ਅਭੱਖ ਭੱਖਣ ਵਾਲਾ ਪੇਟੂ ਆਪਣੀ ਕੰਚਨ-ਵੰਨੀ ਕਾਇਆਂ ਨੂੰ ਆਪਣੇ ਹੱਥੀਂ ਗਾਲਣ ਤੋਂ ਬਾਜ਼ ਨਹੀਂ ਆਉਂਦਾ।

ਜੇ ਕੋਈ ਬਾਲਣ ਦੇ ਅੰਬਾਰ ਨਾਲ ਅੱਗ ਦੀ ਭੁੱਖ ਮਿਟਾਉਣ ਦਾ ਜਤਨ ਕਰੇ ਤਾਂ ਤੱਕੇਗਾ ਕਿ ਅਗਨੀ ਘਟਣ ਦੀ ਬਜਾਏ ਹੋਰ ਭੜਕੇਗੀ। ਇਸੇ ਤਰ੍ਹਾਂ ਰਸਨਾ ਨੂੰ ਮਨ-ਭਾਂਦੇ ਸੁਆਦੀ ਪਦਾਰਥਾਂ ਦਾ ਸੇਵਨ ਕਰਾ ਕੇ ਇਸ ਦੀ ਭੁੱਖ ਮਿਟਾਉਣ ਦਾ ਉਪਰਾਲਾ ਅਸਫਲ ਸਿੱਧ ਹੋਵੇਗਾ। ਭਾਈ ਗੁਰਦਾਸ ਜੀ ਦੇ ਅਮੋਲਕ ਬਚਨ ਸਪੱਸ਼ਟ ਸਮਝਾਂਦੇ ਹਨ—

ਸਾਦੀਂ ਜੀਭ ਨ ਰਜੀਆ ਕਰਿ ਭੋਗ ਬਿਲਾਸੇ ॥ ੨੭/੯

ਕੁਦਰਤ ਨੇ ਮੱਛੀ ਦੀ ਸਰੀਰਕ ਬਨਾਵਟ ਤੇ ਪ੍ਰਾਕ੍ਰਿਤ ਸੁਭਾਅ ਇਸ ਤਰ੍ਹਾਂ ਦਾ ਬਣਾਇਆ ਹੈ ਕਿ ਉਹ ਸਦਾ ਹੀ ਲੋਭੀ, ਭੁੱਖੀ ਤੇ ਅਤ੍ਰਿਪਤ ਰਹਿੰਦੀ ਹੈ। ਜੇ ਰਚਨਹਾਰ ਨੇ ਮੱਛੀ ਨੂੰ ਥੋੜਾ ਬਹੁਤ ਸੋਚਣ, ਸਮਝਣ ਦੀ ਸ਼ਕਤੀ ਦਿੱਤੀ ਹੁੰਦੀ ਤਾਂ ਉਹ ਮਾਸ ਦੇ ਟੁਕੜੇ ਪਿੱਛੇ ਆਪਣੇ ਆਪ ਨੂੰ ਜਾਲ ਦੀ ਪਕੜ ਤੋਂ ਬਚਾਉਣ ਦਾ ਸ਼ਾਇਦ ਉਪਾਅ ਕਰਦੀ, ਪਰ ਮੱਛੀ ਅਨਜਾਣ ਹੈ, ਭੋਲੀ ਭਾਲੀ ਬੇਸਮਝ ਤੇ ਮੂਰਖ ਹੈ, ਜਿਹੜੀ ਨਿਮਖ ਮਾਤਰ ਸੁਆਦ ਪਿੱਛੇ ਕੁੰਡੀ ਦਾ ਸ਼ਿਕਾਰ ਬਣਦੀ ਹੈ।

ਕੁੰਡੀ ਫਾਥੇ ਮਛ ਜਿਉ ਰਸਿ ਜੀਭ ਵਿਗਾੜੀ ॥ ੨੭/੩ (ਭਾਈ ਗੁਰਦਾਸ ਜੀ)

ਪਰ ਇਨਸਾਨ, ਸ਼ਰਫੁਲ-ਮਖਲੂਕਾਤ, ਸਾਰੀ ਧਰਤੀ ਦਾ ਸਿਰਦਾਰ ਸਭ ਕੁੱਛ ਜਾਣਦਾ ਹੋਇਆ ਵੀ ਭੱਖ ਅਭੱਖ ਸਭ ਕੁਝ ਖਾਈ ਹੀ ਜਾਂਦਾ ਹੈ। ਪੇਟ ਨੂੰ ਤੁੰਨ ਤੁੰਨ ਕੇ ਭਰਦਾ ਤੇ ਗੁੰਝਲਦਾਰ ਰੋਗਾਂ ਨੂੰ ਬੁਲਾਵਾ ਦਿੰਦਾ ਹੈ। ਪਸ਼ੂ ਤੇ ਮਨੁੱਖ ਦਾ ਇਹ ਕੌੜਾ ਤੇ ਸਚਾਈ ਭਰਿਆ ਅੰਤਰ ਇਨਸਾਨ ਦੀ ਨਿੱਘਰੀ ਹੋਈ ਮਾਨਸਕ ਅਵਸਥਾ ਦਾ ਪਰਤੱਖ ਚਿਤਰ ਹੈ—

ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥
ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥੨੧੬॥ (ਸਲੋਕ ਕਬੀਰ ਜੀ, ੧੩੭੬)

ਕੀ ਬੰਦਾ ਇਹ ਨਹੀਂ ਜਾਣਦਾ ਕਿ ਸੁਆਦ ਖ਼ਾਤਰ ਖਾਧੇ ਪਦਾਰਥ ਦੁਖਦਾਈ ਸਾਬਤ ਹੋਣਗੇ? "ਕੀ ਖਾਣਾ ਹੈ? ਕਦ ਖਾਣਾ ਹੈ? ਕਿੰਨਾ ਖਾਣਾ ਹੈ? ਕਿਉਂ ਖਾਣਾ ਹੈ?" ਜੇ ਅਮਲੀ ਤੌਰ ਤੇ ਇਸ ਦਾ ਨਿਰਣਾ ਬੁੱਧੀ ਦੇ ਨਹੀਂ, ਰਸਨਾ ਦੇ ਹੱਥ ਹੋਵੇ ਤਾਂ ਜੀਵ ਨੂੰ ਇਸ ਦਾ ਫਲ ਚੱਖਣ ਤੋਂ ਕੋਈ ਬਚਾ ਨਹੀਂ ਸਕਦਾ। ਜਿਹੜਾ ਜੀਵ ਸੱਚੇ ਵੈਦ, ਸੁਵੈਦ ਗੁਰੂ ਦੇ ਅਮੁੱਲ ਬਚਨਾਂ ਨੂੰ ਨਹੀਂ ਕਮਾਉਂਦਾ, ਉਹ ਸੰਸਾਰਕ ਡਾਕਟਰਾਂ ਦਾ ਮਸ਼ਵਰਾ ਵੀ ਨਹੀਂ ਮੰਨੇਗਾ ਤੇ ਜੀਵਨ ਭਰ ਰੋਗ-ਗ੍ਰਸਤ ਰਹੇਗਾ।



www.AKJ.Org

ਨਾਮੁ ਬਿਸਾਰਿ ਕਰੇ ਰਸ ਭੋਗ ॥ ਸੁਖੁ ਸੁਪਨੈ ਨਹੀ ਤਨ ਮਹਿ ਰੋਗ ॥੩॥੧੦॥

(ਗਉੜੀ ਮਹਲਾ ੫–੨੪੦)

ਜੇ ਰਸਨਾ ਨੂੰ ਰਸ-ਕਸ ਦਾ ਅਹਿਸਾਸ ਨ ਹੋਵੇ, ਅੰਮ੍ਰਿਤ ਜੈਸਾ ਮਿੱਠਾ ਪਦਾਰਥ ਫਿੱਕਾ ਲੱਗੇ, ਤਾਂ ਇਹ ਰਸਨਾ ਦੇ ਸੌਣ ਦੀ ਨਿਸ਼ਾਨੀ ਹੈ। ਪਸ਼ੂਆਂ ਵਿੱਚ ਇੱਕ ਵਿਸ਼ੇਸ਼ ਕੁਦਰਤੀ ਗੁਣ ਜਾਂ ਸੁਭਾਉ ਹੈ ਕਿ ਭੋਜਨ ਦੀ ਸੰਤੁਸ਼ਟਤੀ ਬਾਅਦ ਖਾਣ ਵਲ ਝਾਕ ਨਹੀਂ ਰੱਖਦੇ। ਉਹ ਭੁੱਖ ਸਮੇਂ ਖਾਂਦੇ ਹਨ ਤੇ ਰੱਜਣ ਉਪਰੰਤ ਹਟ ਜਾਂਦੇ ਹਨ। ਇਹੀ ਕਾਰਨ ਹੈ ਕਿ ਬਿਮਾਰੀ ਦੀ ਦਸ਼ਾ ਵਿੱਚ ਪਸ਼ੂ ਹਾਨੀ ਪਹੁੰਚਾਉਣ ਵਾਲੇ ਪਦਾਰਥਾਂ ਦਾ ਸੇਵਨ ਨਹੀਂ ਕਰਦੇ ਤੇ ਪੂਰਾ ਪਰਹੇਜ਼ ਰੱਖਦੇ ਹਨ, ਜਦ ਕਿ ਰੋਗ-ਗ੍ਰਸਤ ਲੋਭੀ ਮਨੁੱਖ ਵਿਵਰਜਿਤ ਭੋਜਨ ਦਾ ਵੀ ਤਿਆਗ ਨਹੀਂ ਕਰਦਾ। ਉਦਰ-ਪੂਰਤੀ ਬਾਅਦ ਵੀ ਨੀਅਤ ਨ ਭਰਨੀ, ਦਿਨ ਰਾਤ ਖਾਣ ਪੀਣ ਵਿਚ ਸੁਰਤੀ ਲਾਈ ਰੱਖਣੀ ਤੇ ਇਸੇ ਨੂੰ ਜੀਵਨ-ਅਧਾਰ ਸਮਝਣਾ, ਅਤ੍ਰਿਪਤ ਰੋਗ ਦਾ ਸ਼ਿਕਾਰ ਹੋਣਾ ਹੈ।

ਕੁਦਰਤੀ ਨਿਯਮਾਂ ਦੀ ਲਗਾਤਾਰ ਉਲੰਘਣਾ ਹੋਣ ਕਰਕੇ ਜਿਹਬਾ ਆਪਣੇ ਕਰਤੱਵ ਨੂੰ ਵਿਸਾਰਦੀ ਤੇ ਸੁਆਦ ਦੇ ਭੇਦਾਂ ਤੋਂ ਵੰਚਿਤ ਰਹਿੰਦੀ ਹੈ। ਕੌੜੇ ਨੂੰ ਮਿੱਠਾ ਤੇ ਮਿੱਠੇ ਨੂੰ ਕੌੜਾ ਸਮਝਣਾ ਰਸਨਾ ਦਾ ਬਹੁਤ ਅਵੱਲਾ ਰੋਗ ਹੈ। ਜਿਸ ਪ੍ਰਾਣੀ ਨੂੰ ਨਾਗ ਡੱਸ ਜਾਵੇ, ਉਸ ਦਾ ਲਹੂ ਏਨਾ ਜ਼ਹਿਰੀਲਾ ਤੇ ਬੇਸੁਆਦੀ ਹੋ ਜਾਂਦਾ ਹੈ ਕਿ ਰਸਨਾ ਨੂੰ ਅੱਕ ਦੀ ਕਉੜੱਤਣ ਮਹਿਸੂਸ ਨਹੀਂ ਹੁੰਦੀ। ਸ਼ਰਾਬ ਦੇ ਨੇੜੇ ਪਸ਼ੂ ਪੰਛੀ ਤਾਂ ਢੁੱਕਦੇ ਨਹੀਂ, ਪਰ ਸ਼ਰਾਬੀਆਂ ਲਈ ਇਹ ਮਿਠਾਸ ਭਰਿਆ ਸੋਮ-ਰਸ ਹੈ। ਬਿਲਕੁਲ ਇਹੋ ਦਸ਼ਾ ਸਾਕਤ ਪੁਰਸ਼ਾਂ ਦੀ ਹੈ ਜਿਹੜੇ ਨਾਮ ਪਦਾਰਥ ਦਾ ਮਿੱਠਾ ਰਸ ਤਿਆਗ ਕੇ ਵਿਸ਼ੇ ਵਿਕਾਰਾਂ ਦੇ ਸੁਆਦ ਵਿਚ ਖਚਿਤ ਰਹਿੰਦੇ ਹਨ। ਫੁਰਮਾਨ ਹੈ–

ਅੰਮ੍ਰਿਤ ਕਉਰਾ ਬਿਖਿਆ ਮੀਠੀ ॥ ਸਾਕਤ ਕੀ ਬਿਧਿ ਨੈਨਹੁ ਡੀਠੀ ॥੨॥੩੨॥

(ਰਾਮਕਲੀ ਮਹਲਾ ੫–੮੯੨)

ਗੁਰਬਾਣੀ ਦੀਆਂ ਚਪੇੜਾਂ ਸਾਕਤ ਪੁਰਸ਼ਾਂ ਦੇ ਮੂੰਹ ਤੇ ਵਾਰ ਵਾਰ ਪੈਂਦੀਆਂ ਹਨ। ਪਰ ਜੇ ਸਾਡੀ ਬਿਰਤੀ ਕਾਵਾਂ ਤੁੱਲ ਪਤਿਤ ਹੋ ਜਾਏ, ਆਤਮਾ ਮੰਦੀ ਤੇ ਮਲੀਨ ਹੋ ਜਾਏ ਤਾਂ ਨਾਮ-ਪਦਾਰਥ ਰਸ ਨੂੰ ਕਿਵੇਂ ਕਬੂਲ ਕਰੇ? ਖੋਤੇ ਅੱਗੇ ਖਾਣ ਲਈ ਭਾਵੇਂ ਭਾਂਤ ਭਾਂਤ ਦੇ ਰਸੀਲੇ ਪਦਾਰਥ ਰੱਖੋ, ਉਹ ਤਾਂ ਚੁਣ ਚੁਣ ਕੇ ਘਾਹ ਹੀ ਖਾਵੇਗਾ। ਕਾਂ ਉੱਤਮ ਭੋਜਨ ਤੇ ਨਹੀਂ ਰੀਝੇਗਾ, ਕਾਂ ਗੋਹਾ ਤੇ ਵਿਸ਼ਟਾ ਖਾ ਕੇ ਹੀ ਪ੍ਰਸੰਨ ਹੋਵੇਗਾ। ਫੁਰਮਾਨ ਹੈ–

ਕਊਆ ਕਾਗ ਕਉ ਅੰਮ੍ਰਿਤ ਰਸੁ ਪਾਈਐ ਤ੍ਰਿਪਤੈ ਵਿਸਟਾ ਖਾਇ ਮੁਖਿ ਗੋਹੇ ॥੩॥੨॥

(ਗੂਜਰੀ ਮਹਲਾ ੪, ੪੯੩)

ਜਿਹਬਾ-ਸੁਆਦ ਸਰੀਰ ਲਈ ਹੀ ਘਾਤਕ ਨਹੀਂ, ਬਲਕਿ ਵਿਸ਼ੇ ਵਿਕਾਰਾਂ, ਆਤਮ ਹੀਨਤਾ ਤੇ ਹਤਿੱਆ ਨੂੰ ਜਨਮ ਦਿੰਦੀ ਹੈ। ਇਸ ਦੇ ਵਿਪਰੀਤ ਕੁਦਰਤੀ ਅਸੂਲ ਅਪਣਾਉਣ ਵਾਲਾ, ਗੁਰਮੁਖ ਜਨ, ਨਾਮ ਰਸ ਵਿਚ ਲਿਵਲੀਨ ਹੋਇ, "ਅਸੰਖ ਗਲਵਢ ਹਤਿਆ ਕਮਾਹਿ" ਦੀ ਸ਼੍ਰੇਣੀ ਦੇ ਪ੍ਰਭਾਵ ਤੋਂ ਸਾਵਧਾਨ ਰਹਿੰਦਾ ਹੈ।

ਆਮ ਤੌਰ ਤੇ ਧਰਮ ਦੀ ਬੁਨਿਆਦ ਆਪਸੀ ਪ੍ਰੇਮ, ਜੀਅ ਦਇਆ, ਹਮਦਰਦੀ ਤੇ ਪਰਉਪਕਾਰ ਦੀ ਭਾਵਨਾ ਜੈਸੇ ਸਾਤਵਕ ਗੁਣਾਂ ਤੇ ਅਧਾਰਤ ਹੁੰਦੀ ਹੈ। ਤਸ਼ੱਦਦ, ਧਿੰਗਾਜ਼ੋਰੀ ਤੇ ਜੀਵ-ਘਾਤ ਦਾ ਉਪਦੇਸ਼ ਇਸ ਵਿਚ ਨਹੀਂ ਹੁੰਦਾ। ਇਨਸਾਨ ਆਪਣੀ ਜਿਹਬਾ ਦੇ ਸੁਆਦ ਲਈ ਧਰਮ ਦੀ ਆੜ ਥੱਲੇ, ਜੀਵ-ਘਾਤ ਤੇ ਜ਼ੋਰ-ਜ਼ੁਲਮ ਕਰਨ ਤੋਂ ਸੰਕੋਚ ਨਹੀਂ ਕਰਦਾ। ਕਬੀਰ ਜੀ ਦਾ ਕਾਜ਼ੀ ਨੂੰ ਦਿੱਤਾ ਉਪਦੇਸ਼ ਬਹੁਤ ਤਰਕ-ਭਰਪੂਰ ਹੈ। ਆਪ ਫੁਰਮਾਂਦੇ ਹਨ ਕਿ ਸਭ ਜੀਵਾਂ ਵਿਚ ਅੱਲਾ ਦਾ ਨੂਰ ਤੱਕਣ ਵਾਲਾ ਇਨਸਾਨ ਮੁਰਗੀ ਨੂੰ ਕਿਵੇਂ ਮਾਰ ਸਕਦਾ ਹੈ! ਤੁਸੀਂ ਅੱਲਾ ਨੂੰ ਪ੍ਰਸੰਨ ਕਰਨ ਲਈ ਇਕ ਪਾਸੇ ਰੋਜ਼ਾ ਰੱਖਦੇ ਹੋ, ਦੂਸਰੇ ਪਾਸੇ ਜ਼ਬਾਨ ਦੇ ਜ਼ਾਇਕੇ ਅਧੀਨ ਨਿਰਦੋਸ਼ ਮਾਸੂਮ ਜੀਆਂ ਦੀ ਹੱਤਿਆ ਕਰਦੇ ਹੋ–

ਰੋਜਾ ਧਰੈ ਮਨਾਵੈ ਅਲਹੁ ਸੁਆਦਤਿ ਜੀਅ ਸੰਘਾਰੈ ॥
ਆਪਾ ਦੇਖਿ ਅਵਰ ਨਹੀ ਦੇਖੈ ਕਾਹੇ ਕਉ ਝਖ ਮਾਰੈ ॥੧॥੨੯॥ (੪੮੩)



www.AKJ.Org

ਮਾਸ ਦੀ ਟੁਕੜੀ—ਰਸਨਾ. ਦ੍ਰਿਸ਼ਟਮਾਨ ਜਗਤ ਦੇ ਪਦਾਰਥਾਂ ਦੇ ਰਸ ਕਸ ਭੁੰਚਣ ਵਾਲੀ ਹੈ। ਇਸ ਨੂੰ ਨਾਮ-ਰਸ ਦੀ ਕੋਈ ਸੋਝੀ ਨਹੀਂ, ਆਤਮ-ਰਸ ਦੀ ਸਾਰ ਨਹੀਂ। ਸਾਡੇ ਲਈ ਸ਼ੱਕਰ, ਖੰਡ, ਮਿਸ਼ਰੀ, ਗੁੜ ਹੀ ਸਭ ਤੋਂ ਮਿੱਠੇ ਪਦਾਰਥ ਹਨ, ਜਦ ਕਿ ਬਾਬਾ ਫਰੀਦ ਨੂੰ ਅੱਲਾ ਦਾ ਨਾਮ ਮਿੱਠਾ ਲੱਗਦਾ ਹੈ। ਸਾਨੂੰ ਰੱਬ ਦੇ ਨਾਮ ਦੀ ਮਿਠਾਸ ਦੀ ਸੋਝੀ ਹੀ ਨਹੀਂ, ਜਦ ਕਿ ਸੱਚੇ ਗੁਰਦੇਵ ਆਪਣੇ ਤਜਰਬੇ ਦੀ ਬਿਨਾਅ ਤ ਫ਼ੁਰਮਾਂਦੇ ਹਨ—

ਅੰਮ੍ਰਿਤ ਨਾਮੁ ਸਦਾ ਨਿਰਮਲੀਆ ॥ ਸੁਖਦਾਈ, ਦੂਖ ਬਿਡਾਰਨ ਹਰੀਆ ॥
ਅਵਰਿ ਸਾਦ ਚਖਿ ਸਗਲੇ ਦੇਖੇ, ਮਨ ਹਰਿ ਰਸੁ ਸਭ ਤੇ ਮੀਠਾ ਜੀਉ ॥੧॥
(ਪੰਨਾ ੧੦੦-੧੦੧)

ਸਤਿਗੁਰੂ ਜੀ ਨੇ ਜਗਤ ਦੇ ਹੋਛੇ ਰਸਾਂ ਤੋਂ ਹਰੇਕ ਪੱਖੋਂ ਉੱਚੇ, ਨਿਰਮਲ, ਉੱਤਮ ਤੇ ਸ੍ਰੇਸ਼ਟ ਰਸ ਦੀ ਮਹਿਮਾ ਬਾਰ ਬਾਰ ਗਾਇਨ ਕੀਤੀ ਹੈ। ਸਾਡੇ ਮਨ ਵਿਚ ਨਾਮ-ਰਸ ਲਈ ਚਾਹ ਉਪਜਾਉਣ ਲਈ ਤੁਲਨਾ ਵੀ ਕੀਤੀ ਹੈ। ਨਾਮ ਰਸ ਦੀ ਮਿਠਾਸ ਅਕਹਿ ਹੈ, ਗੂੰਗੇ ਦੇ ਗੁੜ ਖਾਵਣ ਵਾਂਗਰ ਕਥਨ ਤੋਂ ਬਾਹਰ ਹੈ—

ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ ॥੪॥੧॥੫੧॥ (ਪੰਨਾ ੩੩੪)

ਅਤੇ—ਮਉਲਿਓ ਮਨੁ ਤਨੁ ਹੋਇਓ ਹਰਿਆ ਏਕ ਬੂੰਦ ਜਿਨਿ ਪਾਈ ॥
ਬਰਨਿ ਨ ਸਾਕਉ ਉਸਤਤਿ ਤਾ ਕੀ ਕੀਮਤਿ ਕਹਣੁ ਨ ਜਾਈ ॥੨॥੭॥ (ਪੰਨਾ ੬੭੨)

ਜਦ ਕਿ ਆਨ ਸੁਆਦ ਅੰਤ ਨੂੰ ਕਉੜਾ ਤੇ ਰਸ-ਹੀਨ ਹੋਇ ਨਿਬੜਦਾ ਹੈ ਤੇ ਮਨ ਤਨ, ਦੋਹਾਂ ਨੂੰ ਫਿੱਕਾ ਕਰਦਾ ਹੈ।

ਹਰਿ-ਰਸ ਅਮੁੱਲ ਪਦਾਰਥ ਹੈ, ਲੱਖਾਂ ਕ੍ਰੋੜਾਂ ਰੁਪਇਆਂ ਨਾਲ ਇਹ ਖ਼ਰੀਦਿਆ ਨਹੀਂ ਜਾ ਸਕਦਾ, ਇਹ ਮਨ ਦੇ ਕੇ ਮਿਲਦਾ ਹੈ। ਇਹ ਅਤੀ ਕੀਮਤੀ ਸੌਦਾ ਕੇਵਲ ਸਤਿਗੁਰੂ ਦੀ ਹੱਟੀ ਤੇ ਵਿਕਦਾ ਹੈ, ਜਦ ਕਿ ਹੋਛੇ ਰਸਾਂ ਦਾ ਕਾਰੋਬਾਰ-ਸੰਸਾਰਕ ਮੰਡੀਆਂ ਵਿਚ ਹੁੰਦਾ ਹੈ, ਜਿਥੇ ਕੰਚਨ-ਰੁੱਪੇ ਦਾ ਮਾਲਕ, ਧਨਵਾਨ ਹੀ ਇਸ ਦਾ ਖ਼ਰੀਦਦਾਰ ਹੈ।

ਨਾਮ-ਰਸ ਦੇ ਭੁੰਚਣਹਾਰੇ ਦੀ ਪਹੁੰਚ, ਅੱਤ ਉੱਚ ਅਡੋਲ ਆਸਣ ਤਕ ਅਤੇ ਆਤਮਕ ਖੇਡਾਂ ਦੇ ਸਦੀਵੀ ਅਨੰਦ ਤੇ ਵਿਸਮਾਦੀ ਅਵਸਥਾ ਦੀ ਮਗਨਤਾ ਤੱਕ ਸਹਿਜ ਸੁਭਾਅ ਹੀ ਹੁੰਦੀ ਹੈ, ਮਨ ਵਿਚ ਸੰਤੋਖ ਤੇ ਹਿਰਦੇ ਵਿਚ ਸੀਤਲਤਾ ਸੁਤੇ ਸਿੱਧ ਹੀ ਉਤਪੰਨ ਹੁੰਦੀ ਹੈ। ਜਦ ਕਿ ਆਨ ਰਸਾਂ ਵਿਚ ਲੀਨ ਵਿਅਕਤੀ ਦੀ ਦਹਦਿਸੀ ਧਾਂਵਦੀ ਬਿਰਤੀ ਦੇ ਕਾਰਨ ਤ੍ਰਿਸ਼ਨਾ ਤੇ ਚਿੰਤਾ ਕਿਸੇ ਹੀਲੇ ਨਾਲ ਵੀ ਦੂਰ ਨਹੀਂ ਹੁੰਦੀ। ਹਜ਼ੂਰ ਦਾ ਇਹ ਗੁਰਵਾਕ ਤੁਲਨਾਤਮਕ ਵਿਆਖਿਆ ਦਾ ਸਰੂਪ ਹੈ—

ਹਰਿ ਰਸੁ ਪੀਵਤ ਸਦ ਹੀ ਰਾਤਾ ॥ ਆਨ ਰਸਾ ਖਿਨ ਮਹਿ ਲਹਿ ਜਾਤਾ ॥
ਹਰਿ ਰਸ ਕੇ ਮਾਤੇ ਮਨ ਸਦਾ ਅਨੰਦ ॥ ਆਨ ਰਸਾ ਮਹਿ ਵਿਆਪੈ ਚਿੰਦ ॥੧॥
ਹਰਿ ਰਸੁ ਪੀਵੈ ਅਲਮਸਤੁ ਮਤਵਾਰਾ ॥ ਆਨ ਰਸਾ ਸਭਿ ਹੋਛੇ ਰੇ ॥੧॥ਰਹਾਉ॥
ਹਰਿ ਰਸ ਕੀ ਕੀਮਤਿ ਕਹੀ ਨ ਜਾਇ ॥ ਹਰਿ ਰਸੁ ਸਾਧੂ ਹਾਟਿ ਸਮਾਇ ॥
ਲਾਖ ਕਰੋਰੀ ਮਿਲੈ ਨ ਕੇਹ ॥ ਜਿਸਹਿ ਪਰਾਪਤਿ ਤਿਸ ਹੀ ਦੇਹਿ ॥੨॥
ਨਾਨਕ ਚਾਖਿ ਭਏ ਬਿਸਮਾਦੁ ॥ ਨਾਨਕ ਗੁਰ ਤੇ ਆਇਆ ਸਾਦੁ ॥
ਈਤ ਊਤ ਕਤ ਛੋਡਿ ਨ ਜਾਇ ॥ ਨਾਨਕ ਗੀਧਾ ਹਰਿ ਰਸ ਮਾਹਿ ॥੩॥੨੭॥
(ਆਸਾ ਮਹਲਾ ੫—੩੭੭)

ਜਿਵੇਂ ਕਿ ਇਕ ਮਿਆਨ ਵਿਚ ਦੋ ਤਲਵਾਰਾਂ ਨਹੀਂ ਸਮਾ ਸਕਦੀਆਂ, ਤਿਵੇਂ ਸਾਡੀ ਰਸਨਾ, ਇਕੋ ਸਮੇਂ ਦੋ ਵਿਪਰੀਤ ਰਸਾਂ ਦਾ ਸੁਆਦ ਨਹੀਂ ਮਾਣ ਸਕਦੀ। ਸੰਸਾਰਕ ਰਸਾਂ ਦੇ ਤਿਆਗ ਬਿਨਾਂ ਆਤਮ-ਰਸ ਦਾ ਅਨੰਦ


www.AKJ.Org

ਪ੍ਰਾਪਤ ਹੋਣਾ ਸੰਭਵ ਨਹੀਂ। ਭਗਤ ਕਬੀਰ ਜੀ ਦਾ ਫ਼ੁਰਮਾਨ ਹੈ–

ਰਾਰਾ ਰਸੁ ਨਿਰਸ ਕਰਿ ਜਾਨਿਆ ॥ ਹੋਇ ਨਿਰਸ ਸੁ ਰਸ ਪਹਿਚਾਨਿਆ ॥
ਇਹ ਰਸ ਛਾਡੇ ਉਹ ਰਸੁ ਆਵਾ ॥ ਉਹ ਰਸੁ ਪੀਆ, ਇਹੁ ਰਸੁ ਨਹੀ ਭਾਵਾ ॥੩੫॥ (ਪੰਨਾ ੩੪੨)

ਸਤਿਗੁਰੂ ਨਾਨਕ ਦੇਵ ਜੀ ਨੇ ਇਸ ਵਿਚਾਰ ਦੀ ਪ੍ਰੋੜ੍ਹਤਾ ਉਦਾਰਨਾਂ ਸਹਿਤ ਨਿਖਾਰ ਕੇ ਕੀਤੀ ਹੈ। ਜਿਸ ਸਰੀਰ ਨੂੰ ਸੋਨਾ ਚਾਂਦੀ, ਇਸਤ੍ਰੀ, ਸੁਗੰਧੀ, ਘੋੜੇ, ਮੰਦਰ, ਮਾਸ ਦੇ ਰਸ ਵਿਆਪੇ ਹੋਏ ਹੋਣ, ਉਸ ਦੇ ਹਿਰਦੇ ਵਿਚ ਨਾਮ ਦਾ ਨਿਵਾਸ ਕਿਵੇਂ ਹੋ ਸਕਦਾ ਹੈ ?

ਰਸੁ ਸੁਇਨਾ ਰਸੁ ਰੁਪਾ ਕਾਮਣਿ, ਰਸੁ ਪਰਮਲ ਕੀ ਵਾਸੁ ॥
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥
ਏਤੇ ਰਸ ਸਰੀਰ ਕੇ, ਕੈ ਘਟਿ ਨਾਮ ਨਿਵਾਸੁ ॥੨॥੪॥ (ਸਿਰੀ ਰਾਗੁ ਮਹਲਾ ੧, ਪੰਨਾ ੧੫)

ਸਤਿਗੁਰੂ ਅਮਰਦਾਸ ਜੀ ਦੇ ਬਚਨਾਂ ਅਨੁਸਾਰ ਨਾਮ ਰਸ ਦਾ ਸੁਆਦ ਨ ਆਉਣਾ ਮਨ ਦੀਆਂ ਲਹਿਰਾਂ ਕਰਕੇ ਵੀ ਹੈ। ਹਉਮੈ ਦੇ ਕੰਡੇ ਦਾ ਵਿਨ੍ਹਿਆ, ਇਕਾਗਰ-ਹੀਨ ਮਨ, ਲਿਵਲੀਨਤਾ ਦੇ ਅਗੰਮੀ ਸਰੂਰ ਤੱਕ ਪਹੁੰਚਣ ਨਹੀਂ ਦਿੰਦਾ। ਪਾਵਨ ਹੁਕਮ ਹੈ–

ਜਿਚਰੁ ਇਹੁ ਮਨੁ ਲਹਰੀ ਵਿਚਿ ਹੈ ਹਉਮੈ ਬਹੁਤੁ ਅਹੰਕਾਰੁ ॥
ਸਬਦੈ ਸਾਦੁ ਨ ਆਵਈ ਨਾਮਿ ਨ ਲਗੈ ਪਿਆਰੁ ॥੧॥੨੭॥
(ਸਲੋਕ ਮ: ੩, ਸਾਰੰਗ ਕੀ ਵਾਰ–੧੨੪੭)

ਮਾਇਕ ਰਸਾਂ ਤੋਂ ਉਲਟ ਨਾਮ-ਰਸ ਦਾ ਸੁਆਦ ਅਤੀ ਬਿਸਮਾਦੀ ਅਤੇ ਅਕੱਥਨੀਯ ਹੈ, ਇਸ ਪ੍ਰਤੀ ਹਜ਼ੂਰ ਦਾ ਪ੍ਰਸ਼ਨ ਵਾਚਕ ਫ਼ੁਰਮਾਨ ਹੈ–

ਰਸੁ ਅੰਮ੍ਰਿਤੁ ਨਾਮੁ ਰਸੁ ਅਤਿ ਭਲਾ ਕਿਤੁ ਬਿਧਿ ਮਿਲੈ ਰਸੁ ਖਾਇ ॥
ਜਾਇ ਪੁਛਹੁ ਸੋਹਾਗਣੀ ਤੁਸਾ ਕਿਉਕਰਿ ਮਿਲਿਆ ਪ੍ਰਭੁ ਆਇ ॥ (ਪੰਨਾ ੪੧)

ਜਿਨ੍ਹਾਂ ਸੁਹਾਗਣਾਂ ਨੇ ਪ੍ਰਭੂ ਦੇ ਮਿਲਾਪ ਦੀਆਂ ਖ਼ੁਸ਼ੀਆਂ ਮਾਣੀਆਂ ਤੇ ਨਾਮ ਰਸ ਚੱਖਿਆ, ਉਨ੍ਹਾਂ ਤੋਂ ਹੀ ਪੁੱਛਣਾ ਬਣਦਾ ਹੈ। ਉਨ੍ਹਾਂ ਦੇ ਅੰਦਰ ਦਇਆ ਦੀ ਭਾਵਨਾ ਜਾਗੀ ਤੇ ਉੱਤਰ ਦਿੱਤਾ ਕਿ ਸਤਿਗੁਰੂ ਦਾ ਅਮੋਲਕ ਬਚਨ, ਨਾਮ-ਉਪਦੇਸ਼ ਲੈ ਕੇ ਮੰਨਣ ਵਾਲੇ ਗੁਰਮੁਖ ਜਨ ਨੂੰ ਅੰਮ੍ਰਿਤ ਰਸ ਦਾ ਭੁੰਚਣਾ ਨਸੀਬ ਹੁੰਦਾ ਹੈ–

ਗੁਰਮੁਖੀਆ ਸੋਹਾਗਣੀ ਤਿਨ ਦਇਆ ਪਈ ਮਨਿ ਆਇ ॥
ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥
ਸੇ ਵਡਭਾਗੀ ਵਡ ਜਾਣੀਅਹਿ, ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥੬੯॥ (ਪੰਨਾ ੪੧)

ਤਾਂ ਤੇ ਦ੍ਵੈਤ ਭਾਵ ਦੇ ਰਸਾਂ ਵਿਚ ਗ੍ਰਸੀ ਰਸਨਾ ਨੂੰ ਨਾਮ ਦਾ ਸੁਆਦ ਭੁੰਚਣ ਯੋਗ ਬਣਾਉਣ ਦੀ ਇਕੋ ਇਕ ਔਸ਼ਧੀ ਹੈ–'ਗੁਰਮਤਿ ਅੰਮ੍ਰਿਤ ਪਾਨ'। ਸਤਿਗੁਰੂ ਦੀ ਮਤਿ ਲੈ ਕੇ ਅੰਮ੍ਰਿਤ ਪ੍ਰਾਪਤ ਕੀਤਾ ਜਾਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਕਰਣੀ ਕਮਾਈ ਵਾਲੇ ਨਾਮ-ਅਭਿਆਸੀ ਪੰਜਾਂ ਪਿਆਰਿਆਂ ਤੋਂ ਖੰਡੇ ਦੀ ਪਾਹੁਲ ਦੁਆਰਾ ਨਾਮ-ਅੰਮ੍ਰਿਤ ਪ੍ਰਾਪਤ ਕੀਤਾ ਜਾਏ। ਸਤਿਗੁਰੂ ਤੋਂ ਬਿਨਾਂ ਇਹ ਨਾਮ-ਅੰਮ੍ਰਿਤ ਪ੍ਰਾਪਤ ਹੋ ਹੀ ਨਹੀਂ ਸਕਦਾ। ਫ਼ੁਰਮਾਨ ਹੈ–

ਮਨੁ ਰੰਗਹੁ ਵਡਭਾਗੀਹੋ ਗੁਰੁ ਤੁਠਾ ਕਰੇ ਪਸਾਉ ॥
ਗੁਰੁ ਨਾਮੁ ਦ੍ਰਿੜਾਏ ਰੰਗ ਸਿਉ ਹਉ ਸਤਿਗੁਰ ਕੈ ਬਲਿ ਜਾਉ ॥
ਬਿਨੁ ਸਤਿਗੁਰ ਹਰਿ ਨਾਮੁ ਨ ਲਭਈ ਲਖ ਕੋਟੀ ਕਰਮ ਕਮਾਉ ॥੨॥੬੭॥ (ਪੰਨਾ ੪੦)

ਇਉਂ ਸਤਿਗੁਰੂ ਤੋਂ ਪ੍ਰਾਪਤ ਕੀਤੇ ਨਾਮ-ਉਪਦੇਸ਼ ਤੇ ਗੁਰਮੰਤਰ ਦੀ ਕਮਾਈ ਦੇ ਤੁਫ਼ੈਲ ਹੀ ਅਨਰਸ ਹੋਛੇ ਸਾਦਾਂ ਤੋਂ ਛੁਟਕਾਰਾ ਮਿਲਦਾ ਹੈ।

ਰਸਨਾ ਸਾਦ ਚਖੈ ਭਾਇ ਦੂਜੈ ਅਤਿ ਫੀਕੇ ਲੋਭ ਬਿਕਾਰੇ ॥
ਜੋ ਗੁਰਮੁਖਿ ਸਾਦ ਚਖਹਿ ਰਾਮਨਾਮਾ ਸਭ ਅਨ ਰਸ ਸਾਦ ਬਿਸਾਰੇ ॥੫॥
(ਨਟ ਅਸ: ਮਹਲਾ ੪, ਪੰਨਾ ੯੮੦)

ਤੀਸਰੇ ਸਤਿਗੁਰੂ ਜੀ ਦਾ ਵੀ ਅਮੋਲਕ ਬਚਨ ਹੈ ਕਿ ਸੁਣ ਕੇ ਅਤੇ ਸਿਖਿਆ ਲੈ ਕੇ ਨਾਮ ਰਸ ਦਾ ਸੁਆਦ ਨਹੀਂ ਆਉਂਦਾ, ਜਦ ਤਕ ਕਿ ਗੁਰੂ ਦੁਆਰਾ, ਗੁਰੂ ਦੇ ਸਨਮੁਖ ਹੋ ਕੇ, ਗੁਰੂ ਦੇ ਸ਼ਬਦ-ਨਾਮ ਦੀ ਕਮਾਈ ਵਿਚ ਨਹੀਂ ਜੁੱਟਦਾ– ਸੁਣਿ ਸਿਖਿਐ ਸਾਦੁ ਨ ਆਇਓ ਜਿਚਰੁ ਗੁਰਮੁਖਿ ਸਬਦਿ ਨ ਲਾਗੈ ॥
ਸਤਿਗੁਰਿ ਸੇਵਿਐ ਨਾਮੁ ਮਨਿ ਵਸੈ ਵਿਚਹੁ ਭ੍ਰਮੁ ਭਉ ਭਾਗੈ ॥੨॥੧੨॥
(ਮ: ੩, ਵਡਹੰਸ ਕੀ ਵਾਰ–੫੯੦)

ਪ੍ਰੇਮ ਵਿਧੀ ਸਭ ਵਿਧੀਆਂ ਤੋਂ ਉੱਤਮ ਤੇ ਸਫਲ ਹੈ। ਇਸ ਦਾ ਗਿਆਨ ਪਦਾਰਥਵਾਦੀ ਗਿਆਨ ਵਾਂਗਰ ਨਹੀਂ ਦਿੱਤਾ ਜਾਂਦਾ। ਇਹ ਪਰਮੇਸ਼ਰ ਦੀ ਦਿੱਤੀ ਸੰਪੂਰਨ ਦਾਤਿ ਹੈ, ਜਿਸ ਨੂੰ ਪਿਰਮ ਪਿਆਲਾ ਵੀ ਆਖਿਆ ਗਿਆ ਹੈ। ਪ੍ਰੇਮ ਵਿਯੋਗੀ ਨੂੰ ਕਿਸੀ ਘਾਟ ਦਾ ਅਹਿਸਾਸ ਜਾਂ ਨਿਰਾਸਤਾ ਦਾ ਅੰਧੇਰਾ ਨਹੀਂ ਪੋਂਹਦਾ। ਨਾਮ ਰਸ ਦਾ ਫਲ ਪ੍ਰੇਮ ਦੁਆਰਾ ਸਹਿਜੇ ਹੀ ਚੱਖਿਆ ਜਾ ਸਕਦਾ ਹੈ। ਇਹ ਸੰਪੂਰਨਤਾ ਤੇ ਮਿਲਾਪ ਦਾ ਪਰਤੱਖ ਪ੍ਰਗਟਾਵਾ ਹੈ। ਚੜ੍ਹਦੀ ਕਲਾ, ਖੇੜਾ, ਵਿਗਾਸ, ਪ੍ਰਸੰਨਤਾ ਇਹ ਰਸ ਦੀਆਂ ਨਿਸ਼ਾਨੀਆਂ ਹਨ। ਪ੍ਰੇਮ ਦੀ ਠਗਮੂਰੀ ਬੂਟੀ ਵਿਚੋਂ ਹੀ ਅੰਮ੍ਰਿਤ ਰਸ ਦੇ ਝਰਨੇ ਵਗਦੇ ਹਨ–

ਪ੍ਰੇਮ ਠਗਉਰੀ ਜਿਨ ਕਉ ਪਾਈ, ਤਿਨ ਰਸੁ ਪੀਅਉ ਭਾਰੀ ॥
ਤਾ ਕੀ ਕੀਮਤਿ ਕਹਣੁ ਨ ਜਾਈ, ਕੁਦਰਤਿ ਕਵਨ ਹਮਾਰੀ ॥੧॥੧੨॥ (ਪੰਨਾ ੭੦੨)

ਤਾਂ ਤੇ ਹੇ ਭਾਗ ਭਰੀ ਰਸਨਾ ! ਜੇ ਤੈਨੂੰ ਨਾਮ ਰਸ ਦੇ ਅਚਰਜ ਸੁਆਦ ਭੁੰਚਣ ਦੀ ਸੱਚੀ ਚਾਹਨਾ ਹੈ ਤਾਂ ਆਪਣੇ ਮੂਲ ਕਰਤੱਵ ਨੂੰ ਵਰਤੋਂ ਵਿਚ ਲਿਆਉਣ ਲਈ ਗੁਰਮਤਿ ਦੁਆਰਾ ਘਾਲ ਕਮਾਈ ਦੀ ਲੋੜ ਹੈ। ਗੁਰਦੇਵ ਜੀ ਨੇ ਤੈਨੂੰ ਇਕ ਵਾਰ ਨਹੀਂ, ਲੱਖਾਂ ਦੀ ਗਿਣਤੀ ਵਿਚ ਨਾਮ ਉਚਾਰਨ ਦਾ ਹੁਕਮ ਬਖਸ਼ਿਆ ਹੈ–

ਉਚਰਹੁ ਰਾਮ ਨਾਮੁ ਲਖ ਬਾਰੀ ॥ ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ ॥
(ਗਉੜੀ ਮਹਲਾ ੫–੧੯੪)

ਜੇ ਇਹ ਜਿਹਬਾ ਰਸ-ਲੀਨ ਹੋਇ ਗੁਰਮੰਤਰ ਦਾ ਜਾਪ ਜਪੇ ਤੇ ਭੁੱਖੇ ਪ੍ਰਾਣੀ ਵਾਂਗਰ ਅਨੰਦਤ ਹੋ ਕੇ ਪ੍ਰਭੂ ਦੇ ਰਸਿਕ ਰਸਿਕ ਗੁਣ ਗਾਵੇ ਤੇ ਸਤਿਗੁਰੂ ਦੀਆਂ ਬਖਸ਼ਸ਼ਾਂ ਦਾ ਭਾਗੀ ਬਣੇ ਤਾਂ ਸੰਭਵ ਹੈ ਕਿ ਇਹ ਰਸਨਾ, ਹਰਿ-ਰਸ, ਨਾਮ-ਰਸ, ਪ੍ਰੇਮ-ਰਸ ਦਾ ਸਾਦ ਚਖੇ, ਤੇ ਅੰਮ੍ਰਿਤ-ਰਸ ਰਾਤੀ ਚਾਖਤ ਹੋਇ ਬਿਸਮਾਦ ਰਹੇ।

---

## ਦੋ ਰੁਬਾਈਆਂ

[ਤੇਗ ਬਹਾਦਰ ਸਿੰਘ 'ਤੇਗ']

ਚਾਨਣ ਚਾਨਣ ਹੋਇਆ ਸਾਰੇ, ਨੇਰ੍ਹਾਂ ਨੂੰ ਲੱਗੇ ਖੰਭ ਨੂਰੀ।
ਅੱਧੀ ਰਾਤ ਪਹਿਰ ਦੇ ਤੜਕੇ, "ਨਾਨਕ" ਵੰਡੇ ਨਾਮ ਕਥੂਰੀ।
ਧੰਨ ਭਾਗ ਨੇ ਉਨ੍ਹਾਂ ਗੁਰਸਿੱਖਾਂ, ਜੁ ਅੰਮ੍ਰਿਤ ਵੇਲਾ ਸਾਂਭਣ 'ਤੇਗ';
ਨਾਮ ਬਾਣੀ 'ਚ ਲਾ ਕੇ ਚੁੱਭੀਆਂ, ਕਰ ਲੈਂਦੇ ਜੋ ਸਫਲ ਮਜੂਰੀ।

ਕਲਗੀਧਰ ਨੇ ਬਖ਼ਸ਼ਿਆ ਤੈਨੂੰ, ਉੱਚਾ ਤੇ ਸੁੱਚਾ ਕਿਰਦਾਰ।
ਸਾਬਤ ਸੂਰਤ ਬਖ਼ਸ਼ੀ ਤੈਨੂੰ, ਅੰਮ੍ਰਿਤ ਬਖ਼ਸ਼ਿਆ ਖੰਡੇ-ਧਾਰ।
ਦਸਾਂ ਗੁਰੂਆਂ ਨੇ ਸਿੱਖਾਂ ਖ਼ਾਤਰ, ਜੀਵਨ ਆਹੂਤੀ ਪਾਈ;
ਤੇਰੇ ਵਿਚ ਹੁਣ ਢਿੱਲਤਾ ਕਾਹਤੋਂ, ਸਿੰਘਾ ! ਕੁਝ ਤਾਂ ਸੋਚ ਵਿਚਾਰ।


www.AKJ.Org

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਯੋਗਦਾਨ

[ਪ੍ਰੋ: ਜੋਗਿੰਦਰ ਸਿੰਘ ਜੀ, ਮੈਂਬਰ, ਦਿਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ]

(੧)

ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਸ਼ਖ਼ਸੀਅਤ ੨੦ਵੀਂ ਸਦੀ ਦੀਆਂ ਮਹਾਨ, ਮੌਲਿਕ ਤੇ ਮਾਣ ਕਰਨ ਵਾਲੀਆਂ ਸੁਪ੍ਰਸਿੱਧ ਸ਼ਖ਼ਸੀਅਤਾਂ ਵਿਚੋਂ ਇਕ ਸ਼ਖਸੀਅਤ ਸੀ । ਉਹਨਾਂ ਦਾ ਸਮੁੱਚਾ ਜੀਵਨ ਗੁਰੂ-ਰੰਗ-ਰੱਸ ਨਾਲ ਸ਼ਿੰਗਾਰਿਆ ਹੋਇਆ ਹੀ ਨਹੀਂ ਸੀ, ਸਗੋਂ ਅੰਦਰੋਂ-ਬਾਹਰੋਂ ਗੁਰਮਤਿ ਨੂੰ ਸਮਰਪਿਤ ਵੀ ਸੀ । ਉਹਨਾਂ ਦੇ ਆਤਮਕ-ਬੋਧ ਸੰਸਾਰੀ-ਬੋਲ, ਸਰੀਰਕ-ਬਲ ਤੇ ਬੰਦ ਬੰਦ ਦੇ ਪ੍ਰੇਰਨਾ ਆਦਰਸ਼ ਦੱਸਾਂ ਪਾਤਿਸ਼ਾਹੀਆਂ ਦੀ ਜਾਗਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਸਨ । ਸ੍ਰੀ ਗੁਰੂ ਗ੍ਰੰਥ ਸਾਹਿਬ ਉਹਨਾਂ ਲਈ, ਨਾਮ-ਅਭਿਆਸ, ਅਨੁਭਵ-ਪ੍ਰਕਾਸ਼, ਜੋਤਿ-ਵਿਗਾਸ ਤੇ ਰੱਸ-ਅਨੰਦ ਨਾਲ ਇਕ ਸੁਰ ਤੇ ਇਕ ਰੂਪ ਹੋਣ ਦਾ ਆਧਾਰ-ਸਰੋਤ ਹੀ ਨਹੀਂ ਸਨ, ਸਗੋਂ ਹਾਜ਼ਰਾ-ਹਜ਼ੂਰ, ਜ਼ਾਹਰਾ-ਜ਼ਹੂਰ, ਪਰਤੱਖ ਤੇ ਸਾਖਿਆਤ ਗੁਰੂ-ਸਰੂਪ ਵੀ ਸਨ । ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕੇਵਲ ਗ੍ਰੰਥ ਜਾਂ ਬੁੱਤ-ਪੂਜਾ ਵਰਗਾ ਇਸ਼ਟ, ਦੇਵਤਾ ਜਾਂ ਅਵਤਾਰ ਸਵੀਕਾਰ ਨਹੀਂ ਕੀਤਾ । ਉਹਨਾਂ ਦੀ ਆਪਣੀ ਰਚਿਤ ਪੁਸਤਕ— 'ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸੱਤੀ ਹੈ ?" ਇਸ ਸਿਧਾਂਤ ਅਤੇ ਵਿਚਾਰ ਦਾ ਸਪੱਸ਼ਟ, ਬੜਾ ਢੁਕਵਾਂ ਤੇ ਤਰਕਸ਼ੀਲ ਜਵਾਬ ਹੈ । ਭਾਈ ਸਾਹਿਬ ਦਾ ਜੀਵਨ ਇਕ ਅਮਲ ਦਾ ਪ੍ਰਮਾਣ ਸੀ । ਉਹ ਬੋਲਦੇ ਘੱਟ ਸਨ, ਨਾਮ-ਕਮਾਈ, ਸ਼ਬਦ-ਅਭਿਆਸ, ਅੰਮ੍ਰਿਤ-ਰੱਸ ਦੇ ਮੰਡਲ ਨੂੰ ਪਹਿਲਾਂ ਸਿਰਜਦੇ ਸਨ, ਫਿਰ ਇਸ ਨੂੰ ਰੱਜ ਰੱਜ ਕੇ ਮਾਣਦੇ ਸਨ ।

ਉਹਨਾਂ ਦਾ ਦ੍ਰਿੜ੍ਹ ਨਿਸਚਾ ਸੀ ਕਿ ਕੋਈ ਵੇਦ ਜਾਂ ਕਤੇਬ-ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤੁਲ ਨਹੀਂ । ਇਹਨਾਂ ਗ੍ਰੰਥਾਂ ਦੀ ਸਿਰਜਨਾ ਮਾਨਵ-ਕ੍ਰਿੱਤ ਹੈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਈਸ਼ਵਰ-ਕ੍ਰਿੱਤ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਬਿਲਕੁੱਲ ਸ਼ੁੱਧ-ਆਤਮਕ ਬਾਣੀ ਹੈ । ਇਹ ਬ੍ਰਹਮ ਦਾ ਪ੍ਰਕਾਸ਼ ਹੈ । ਪਾਰਬ੍ਰਹਮ ਦਾ ਇਸ ਵਿਚ ਨਿਵਾਸ ਹੈ । ਇਸ ਦਾ ਸਰੂਪ ਸੁੰਦਰ ਹੈ । ਬਾਣੀ ਦੇ ਹਰ ਬੋਲ ਦਾ ਸੰਦੇਸ਼ ਬ੍ਰਹਮ-ਪਾਰਬ੍ਰਹਮ ਉਤੇ ਕੇਂਦਰਿਤ ਹੈ । ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਇਹ ਵਿਸ਼ਵਾਸ ਬਿਲਕੁੱਲ ਠੀਕ ਹੈ ਕਿ 'ਬਾਣੀ' ਭਾਵੇਂ ਗੁਰੂ-ਜੋਤਿ-ਜਾਮਿਆਂ ਦੀ ਹੈ, ਭਗਤਾਂ, ਭੱਟਾਂ ਜਾਂ ਰਬਾਬੀਆਂ ਦੀ ਹੈ, ਪਹਿਲਾਂ ਇਹ ਗੁਰੂ-ਜੋਤਿ-ਜਾਮਿਆਂ ਰਾਹੀਂ ਧਰਤੀ ਉਤੇ ਪ੍ਰਕਾਸ਼ਮਾਨ ਹੋਈ ਹੈ ।

ਗੁਰੂ-ਜੋਤਿ-ਜਾਮਿਆਂ ਦਾ ਨਿਖੇੜਾ ਕਰਦਿਆਂ, ਭਾਈ ਸਾਹਿਬ ਦਾ ਦ੍ਰਿੜ੍ਹ ਨਿਸਚਾ ਹੈ ਕਿ 'ਗੁਰੂ-ਸਤਿਗੁਰੂ' ਕੇਵਲ ਤੇ ਕੇਵਲ ਇਕ ਹੀ ਹੈ ਅਤੇ ਉਹ ਹਨ—"ਸਤਿਗੁਰੂ ਨਾਨਕ ਦੇਵ ਜੀ" । ਗੁਰੂ ਨਾਨਕ ਦੇਵ ਜੀ ਹੀ ਮਹਾਂ-ਪੁਰਸ਼ਾਂ, ਅਵਤਾਰਾਂ, ਪੈਗੰਬਰਾਂ ਤੇ ਰਿਸ਼ੀਆਂ ਵਿਚੋਂ ਇਕ ਹਨ, ਜਿਨ੍ਹਾਂ ਨੂੰ ਅਕਾਲ ਪੁਰਖ ਨੇ 'ਸਤਿਗੁਰੂ' ਦਾ ਛੱਤਰ-ਸਿੰਘਾਸਨ ਪ੍ਰਦਾਨ ਕੀਤਾ ਹੈ । ਗੁਰੂ ਨਾਨਕ ਦੇਵ ਜੀ ਨੂੰ ਗੁਰੂ-ਪੱਦਵੀ ਅਕਾਲ ਪੁਰਖ ਨੇ ਆਪਣੀ ਬਖਸ਼ਿਸ਼ ਵਜੋਂ ਦਿੱਤੀ ਹੈ ਤੇ ਫਿਰ ਗੁਰੂ ਨਾਨਕ ਦੇਵ ਜੀ ਨੇ ਆਪਣੀ ਦਿਬ-ਦ੍ਰਿਸ਼ਟੀ, ਨਾਮ-ਛੋਹ, ਸ਼ਬਦ ਕਮਾਈ ਤੇ ਵੰਡ ਛਕਣ ਦੀ ਭਾਵਨਾ-ਅਧੀਨ ਨੌਂ ਹੋਰ ਸਰੀਰ-ਜਾਮਿਆਂ ਨੂੰ ਪਰਤੱਖ ਗੁਰੂ ਦੇ ਰੂਪ ਵਿਚ ਸਿਰਜਿਆ, ਸੰਵਾਰਿਆ ਤੇ ਚਹੁੰ-ਚੱਕੀਂ ਵਿਚ ਉਜਾਗਰ ਕੀਤਾ ਹੈ । ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਆਪਣੇ ਇਸ ਸਿਧਾਂਤ ਤੇ ਵਿਸ਼ਵਾਸ ਨੂੰ ਸਿੱਧ ਕਰਨ ਵਾਸਤੇ ਜਿਹੜੀਆਂ ਦਲੀਲਾਂ ਦਿਤੀਆਂ ਹਨ, ਉਹ ਇੰਨੀਆਂ ਸਾਰਥਿਕ ਤੇ ਪ੍ਰਭਾਵਸ਼ਾਲੀ ਹਨ ਕਿ ਸ਼ੰਕਾ ਸਹਿਜੇ ਹੀ ਨਵਿਰਤ ਹੋ ਜਾਂਦਾ ਹੈ । 'ਨਾਨਕ' ਪਦ ਦੀ ਵਰਤੋਂ, ਕਾਵਿ-ਮੁਹਰ ਵਜੋਂ, ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਜੀ ਤਕ—ਜੇ ਸਾਰੇ ਗੁਰੂ ਕਰਨ, ਤਾਂ ਇਸ ਦਾ ਸਪੱਸ਼ਟ ਭਾਵ ਇਹ ਹੈ ਕਿ 'ਗੁਰੂ-ਸਤਿਗੁਰੂ' ਕੇਵਲ ਗੁਰੂ ਨਾਨਕ ਦੇਵ ਜੀ ਹਨ, ਬਾਕੀ ਸਾਰੇ 'ਜੋਤਿ-ਜਾਮੇ' ਇਸ ਦਿਵ-ਪ੍ਰਕਾਸ਼ ਦੀ ਪ੍ਰਾਪਤੀ ਨਾਲ ਹੀ ਪ੍ਰਕਾਸ਼ਮਾਨ ਹੋਏ ਹਨ ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਪਾਦਿਤ ਭਗਤ-ਬਾਣੀ, ਭੱਟ-ਬਾਣੀ ਤੇ ਰਬਾਬੀਆਂ ਦੀ ਬਾਣੀ ਬਾਰੇ ਵੀ ਭਾਈ



www.AKJ.Org

ਸਾਹਿਬ ਰਣਧੀਰ ਸਿੰਘ ਜੀ ਦਾ ਸਪੱਸ਼ਟ ਨਿਰਣਾ ਹੈ ਕਿ ਇਹ ਆਪਣੇ ਜਨਮ ਤੋਂ 'ਗੁਰੂ-ਸਤਿਗੁਰੂ' ਨਹੀਂ ਹਨ। ਇਨ੍ਹਾਂ ਦੇ ਕਾਵਿ-ਬੋਲ ਅਨੇਕਾਂ ਗ੍ਰੰਥਾਂ ਵਿਚ ਅੱਜ ਵੀ ਪ੍ਰਾਪਤ ਹਨ। ਉਹਨਾਂ ਨੂੰ ਗੁਰੂ ਬਾਣੀ-ਆਸ਼ੇ ਅਨੁਸਾਰ 'ਬਾਣੀ' ਜਾਂ ਬਾਣੀ-ਗੁਰੂ ਨਹੀਂ ਆਖਿਆ ਜਾ ਸਕਦਾ, ਪਰ ਜਿਹੜੇ ਕਾਵਿ-ਬੋਲ ਗੁਰੂ ਦੀ ਦਿੱਬ-ਦ੍ਰਿਸ਼ਟੀ ਤੇ ਅਨੁਭਵ-ਪ੍ਰਕਾਸ਼ ਵਿਚ ਪਰਵਾਨ ਚੜ੍ਹ ਗਏ ਹਨ, ਉਹ 'ਬਾਣੀ' ਵੀ ਹੋ ਗਏ ਹਨ ਤੇ ਉਸ ਬਾਣੀ ਦੇ ਰਚਣਹਾਰ ਭਗਤ,ਭੱਟ ਤੇ ਰਬਾਬੀ 'ਗੁਰੂ-ਪੱਦਵੀ' ਦੀ ਵਿਸ਼ੇਸ਼ਤਾ ਪ੍ਰਾਪਤ ਕਰਨ ਦੇ ਸਮਰੱਥ ਵੀ ਹੋ ਗਏ ਹਨ। ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਆਪਣੀ ਪੁਸਤਕ 'ਗੁਰਮਤਿ ਲੇਖ' ਦੇ ਤਿੰਨ ਨਿਬੰਧਾਂ 'ਭਗਤ ਬਾਣੀ ਕਿਵੇਂ ਉਚਾਰਨ ਹੋਈ', "ਭਗਤ ਬਾਣੀ ਤੇ ਭੱਟ ਬਾਣੀ", "ਭੱਟਾਂ ਦੇ ਸਵੱਈਆਂ ਪਰ ਵਿਚਾਰ" ਵਿਚ ਇਹ ਸਿਧਾਂਤਕ ਨਿਰਣਾ ਗੁਰਬਾਣੀ ਅਧਿਆਤਮਿਕ ਮੰਡਲਾਂ ਵਿਚ ਵਿਚਰਦਿਆਂ ਤੇ ਪ੍ਰਮਾਣਾਂ ਦੀ ਰੌਸ਼ਨੀ ਵਿਚ ਕੀਤਾ ਹੈ। ਭਾਈ ਸਾਹਿਬ ਨੇ ਬਿਲਕੁੱਲ ਠੀਕ ਲਿਖਿਆ ਹੈ, "ਜਗਤ ਵਿਖੇ ਜਨਮੈ ਭਗਤ ਜਨਾਂ ਨੂੰ ਗੁਰੂ-ਅਵਤਾਰ ਦੀ ਪਦਵੀ ਨਹੀਂ ਮਿਲੀ। ਉਹ ਭਗਤ-ਅਵਤਾਰ ਸਦਵਾਏ, ਗੁਰੂ ਅਵਤਾਰ ਨਹੀਂ ਹੋਏ। ਗੁਰੂ-ਅਵਤਾਰ ਦੀ ਪਦਵੀ ਕੇਵਲ ਸਤਿਗੁਰੂ ਨਾਨਕ ਸਾਹਿਬ ਨੂੰ ਹੀ ਪ੍ਰਾਪਤ ਹੋਈ। ਲੋਕਾਚਾਰ ਗੁਰੂ ਪੱਦ ਦੀਆਂ ਪਦਵੀਆਂ ਵਾਲੇ ਗੁਰੂ ਰਾਮਾ ਨੰਦ, ਗੋਰਖ ਆਦਿਕ ਬਥੇਰੇ ਆਪੇ ਹੀ ਬਣ ਬਣ ਬੈਠੇ, ਪਰੰਤੂ ਉਹ ਧੁਰ ਦਰਗਾਹੋਂ ਗੁਰੂ ਨਹੀਂ ਥਾਪੇ ਗਏ। ਕੇਵਲ ਗੁਰੂ ਨਾਨਕ ਸਾਹਿਬ ਹੀ ਸੱਚੇ ਗੁਰੂ 'ਸਤਿਗੁਰੂ' ਹਨ। ਕਿਉਂਕਿ ਉਨ੍ਹਾਂ ਨੂੰ ਗੁਰੂ ਥਾਪਨਾ ਅਰਥਾਤ ਸਤਿਗੁਰੂ ਦੀ ਪਦਵੀ ਧੁਰ ਦਰਗਾਹੋਂ ਮਿਲੀ ਸੀ। ਇਸ ਕਰਕੇ "ਸਤਿਗੁਰ ਬਾਝਹੁ ਗੁਰੁ ਨਹੀਂ ਕੋਈ* ਦੇ ਵਾਕ ਅਨੁਸਾਰ ਸਤਿਗੁਰ ਹੀ ਸੱਚਾ ਗੁਰੂ ਹੈ। ਸਤਿਗੁਰ ਬਿਨਾਂ ਹੋਰ ਕੋਈ ਗੁਰੂ ਨਹੀਂ, ਜੇ ਹਨ ਤਾਂ ਕਚੇ ਗੁਰੂ, ਨਾਮ-ਧਰੀਕ ਲੋਕਾਚਾਰੀ ਆਪੇ ਬਣ ਬੈਠੇ ਗੁਰੂ ਹਨ। ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਦ੍ਰਿੜ੍ਹ ਨਿਰਣਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਸੱਚਾ ਗੁਰੂ-ਸਤਿਗੁਰੂ ਹੈ ਤੇ ਗੁਰਬਾਣੀ ਹੀ ਕੇਵਲ ਸੱਚੀ ਬਾਣੀ ਹੈ। ਇਹੀ ਕਾਰਨ ਹੈ ਕਿ ਭਾਈ ਸਾਹਿਬ ਨੇ ਆਪਣਾ ਸਾਰਾ ਜੀਵਨ ਹੀ ਨਹੀਂ, ਜੀਵਨ ਦੀ ਸਾਰੀ ਕਲਪਣਾ, ਸਾਰੀ ਸੋਚ, ਸਾਰੀ ਵਿਹਾਜ-ਕ੍ਰਿਆ, ਸਾਰੀ ਆਦਰਸ਼-ਉਡਾਰੀ, ਸਾਰੀ ਸਾਹਿਤ-ਸਿਰਜਣਾ, ਅਖੀਰ ਸਭ ਕੁਝ ਗੁਰੂ-ਸਤਿਗੁਰੂ ਤੇ ਗੁਰਬਾਣੀ ਕੇਂਦਰਿਤ ਹੀ ਹੈ। ਇਹੀ ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਤਨੋਂ-ਮਨੋਂ ਤੇ ਹਾਰਦਿਕ ਸੁਪਨਾ ਰਿਹਾ ਹੈ ਕਿ ਹਰ ਸਿੱਖ ਆਪਣੇ ਜੀਵਨ ਦੀ ਸਾਰੀ ਕ੍ਰਿਆ-ਕਮਾਈ ਗੁਰੂ-ਜੋਤਿ-ਜਾਮਿਆਂ ਤੇ ਗੁਰਬਾਣੀ ਅਨੁਸਾਰ ਕਰੇ ਅਤੇ ਗੁਰਮਤਿ ਧਾਰਨੀ ਬਣੇ।

(੨)

ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਮੁਢਲਾ ਜੀਵਨ ਇਕ ਸੰਸਾਰੀ ਕ੍ਰਿਆ ਦਾ ਜੀਵਨ ਹੀ ਸੀ। ਆਪ ਦਾ ਜਨਮ ਪਿਤਾ ਸਰਦਾਰ ਨੱਥਾ ਸਿੰਘ ਤੇ ਮਾਤਾ ਪੰਜਾਬ ਕੌਰ ਦੇ ਗ੍ਰਹਿ, ੭ ਜੁਲਾਈ ੧੮੭੮ ਈ: ਦਿਨ ਐਤਵਾਰ ਨੂੰ, ਜ਼ਿਲਾ ਲੁਧਿਆਣਾ ਦੇ ਪਿੰਡ ਨਾਰੰਗਵਾਲ ਵਿਖੇ ਹੋਇਆ। ਪਿਤਾ ਸਰਦਾਰ ਨੱਥਾ ਸਿੰਘ ਭਾਵੇਂ ਉੱਚ-ਵਿਦਿਆ ਅਧਿਕਾਰੀ ਸਨ, ਤੇ ਨਾਭਾ ਅਤੇ ਪਟਿਆਲਾ ਦੀਆਂ ਰਿਆਸਤਾਂ ਵਿਚ ਉੱਚ ਪਦਵੀਆਂ ਲਈ ਸਤਿਕਾਰੇ ਜਾਂਦੇ ਸਨ, ਪਰ ਮਾਤਾ 'ਪੰਜਾਬ ਕੌਰ' ਗੁਰੂ-ਵਰੋਸਾਏ ਵੀ ਸਨ ਤੇ ਅੰਤਰ-ਆਤਮੇ ਗੁਰੂ-ਵਿਰਸੇ ਨਾਲ ਜੁੜੇ ਹੋਏ ਵੀ ਸਨ। ਇਸ ਗੁਰੂ-ਵਰੋਸਾਏ ਪਰਿਵਾਰ ਨੂੰ ਪਰੰਪਰਾਗਤ ਰੂਪ ਵਿਚ ਇਕ ਵਰ ਜਾਂ ਵਰਦਾਨ ਵੀ ਸੀ ਕਿ ਇਸ ਪਰਿਵਾਰ ਵਿਚ ਸਮੇਂ ਸਮੇਂ ਕੋਈ ਭਗਤ, ਸੂਰਮਾ, ਉਪਕਾਰੀ ਜਾਂ ਪ੍ਰਤਾਪੀ ਪੁਰਸ਼ ਜਨਮ ਲਵੇਗਾ। ਭਾਈ ਸਾਹਿਬ ਰਣਧੀਰ ਸਿੰਘ ਜੀ ਬਾਰੇ ਪ੍ਰਸਿੱਧ ਹੈ ਕਿ ਉਹ ਬਚਪਨ ਤੋਂ ਹੀ ਹਿਰਦਾ ਬੜਾ ਕੋਮਲ ਰਖਦੇ ਸਨ, ਪਰ ਬੁੱਧ ਬੜੀ ਬਿਬੇਕ ਤੇ ਦ੍ਰਿੜ੍ਹਤਾ ਵਾਲੀ ਸੀ। ਇਹੀ ਕਾਰਨ ਹੈ ਕਿ ਜੇ ਵਿਦਿਆ-ਪ੍ਰਾਪਤੀ ਵਲ ਤੁਰੇ, ਤਾਂ ਹਮੇਸ਼ਾ ਚੰਗੇ ਨੰਬਰਾਂ ਵਿਚ ਪਾਸ ਹੋਏ, ਜੇ ਭਰਮ ਤੇ ਦੰਭ-ਗ੍ਰਸੇ ਫਕੀਰਾਂ ਨੂੰ ਤਿਆਗਿਆ, ਤਾਂ ਸਦਾ ਲਈ ਤਿਆਗਿਆ, ਜੇ ਗੁਰੂ-ਪ੍ਰਮੇਸ਼ਵਰ ਦੀ ਕਮਾਈ ਕਰਨ ਲਗੇ ਤਾਂ ਸਭ ਸਰਕਾਰੀ ਚਾਕਰੀਆਂ ਨੂੰ ਤ੍ਰਿਸਕਾਰ ਕੇ ਪੱਕੇ ਤੌਰ ਤੇ ਗੁਰੂ-ਚਾਕਰੀ ਕਰ ਲਈ। ਗੁਰੂ-ਚਾਕਰੀ ਅਜਿਹੀ ਕੀਤੀ ਕਿ ਸਾਰੀ ਜ਼ਿੰਦਗੀ ਗੁਰੂ-ਕੀਰਤੀ ਤੇ ਗੁਰੂ-ਜੈਕਾਰ ਨੂੰ ਸਮਰਪਿਤ ਕਰ ਦਿਤੀ।

*ਆਸਾ ਮ: ੩ ਪਟੀ, ਅੰਕ ੧੩, ਪੰਨਾ ੪੩੫



www.AKJ.Org

ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਗ੍ਰਿਹਸਤ ਵਿਚ ਪਰਵਿਰਤ ਵੀ ਕੀਤਾ, ਪਰ ਜੀਵਨ-ਕ੍ਰਿਆ ਨੂੰ ਗੁਰਮਤਿ ਆਦਰਸ਼ਾਂ ਅਨੁਸਾਰ ਨਵਿਰਤ ਹੀ ਰੱਖਿਆ। ਮਾਇਆ-ਮੋਹ, ਲੋਭ-ਲਾਲਚ, ਹਉਮੈ-ਹੰਕਾਰ, ਨਿੰਦਾ-ਵਿਰੋਧ, ਪਦ-ਪਦਵੀਆਂ ਦੀ ਲਾਲਸਾ ਤੇ ਕੂੜ-ਕ੍ਰਿਆ ਤੋਂ ਉਹ ਸਾਰੀ ਜ਼ਿੰਦਗੀ ਨਿਰੰਤਰ ਆਜ਼ਾਦ ਹੀ ਰਹੇ। ਸੰਸਾਰੀ ਕਾਰ-ਵਿਹਾਰ ਅਨੁਸਾਰ ਸਰਕਾਰੀ ਨਾਇਬ-ਤਹਿਸੀਲਦਾਰ ਬਣੇ, ਐਬਟਾਬਾਦ ਇਕ ਦਫਤਰ ਵਿਚ ਹੈਡ ਜ਼ਨਰਲ ਵੀ ਲਗੇ। ਸਰਦਾਰ ਹਰਬੰਸ ਸਿੰਘ ਜੀ ਅਟਾਰੀ ਵਾਲਿਆਂ ਦੇ ਕਹਿਣ ਉਤੇ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਸੁਪ੍ਰਿੰਟੈਂਡੰਟ ਵੀ ਰਹੇ, ਪਰ ਸਰਕਾਰੀ ਚਾਕਰੀ ਦੇ ਫ਼ਰਜ਼ ਅਦਾ ਕਰਦਿਆਂ ਵੀ ਭਾਈ ਸਾਹਿਬ ਨੇ ਨਾਮ-ਅਭਿਆਸ, ਗੁਰੂ-ਕੀਰਤੀ ਤੇ ਗੁਰਮਤਿ ਦੀ ਜੈਕਾਰ ਦੇ ਆਦਰਸ਼ਾਂ ਨੂੰ ਹਮੇਸ਼ਾ ਅੰਗ ਸੰਗ ਰਖਿਆ। ਭਾਈ ਸਾਹਿਬ ਰਣਧੀਰ ਸਿੰਘ ਜੀ ਸੱਚ-ਰੰਗ, ਨਾਮ-ਰੰਗ, ਆਤਮ-ਰੰਗ, ਗੁਰੂ-ਰੰਗ, ਹਰਿ-ਰੰਗ, ਗੁਰਮਤੀ-ਰੰਗ, ਸਹਿਜ-ਰੰਗ, ਸਾਹਿਬ-ਰੰਗ ਤੇ ਸ਼ਬਦ-ਰੰਗ ਵਿਚ ਇੰਨੇ ਵਿੰਨ੍ਹੇ, ਰੰਗੇ ਤੇ ਪਸੀਜ ਗਏ ਸਨ ਕਿ 'ਗੁਰੂ-ਪ੍ਰਤੀਤ' ਦਾ ਅਰਸ਼ੋਂ-ਕੁਰਸੋਂ ਦਰਸ਼ਨ ਦੀਦਾਰ ਕਰਨ ਲਗ ਪਏ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਵਾਨ-ਜੀਵਨ ਦੀ ਇਕ ਘਟਨਾ ਬੜੀ ਪ੍ਰਸਿਧ ਹੈ ਕਿ ਗੁਰਪੁਰਬ ਤੋਂ ਦੋ ਦਿਨ ਪਹਿਲਾਂ ਅਚਾਨਕ ਹੀ ਜਦ ਉਹ ਅੰਮ੍ਰਿਤ ਵੇਲੇ ਗੁਰਦੁਆਰੇ ਗਏ ਤਾਂ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਇਆ ਸੀ ਅਤੇ ਸਾਰੇ ਆਲੇ ਦੁਆਲੇ ਵਿਚ ਇਕ ਅਨੂਠਾ ਤੇ ਅਨੁਭਵੀ ਜੀਵਨ-ਪ੍ਰਕਾਸ਼ ਝਲਕਾਂ ਮਾਰ ਰਿਹਾ ਸੀ। ਭਾਈ ਸਾਹਿਬ ਨੂੰ ਇਸ ਤਰ੍ਹਾਂ ਮਹਿਸੂਸ ਹੋਇਆ, ਜਿਵੇਂ ਕੋਈ ਗ਼ਾਇਬੀ ਹੱਥ ਸ੍ਰੀ ਗੁਰੂ ਗ੍ਰੰਥ ਸਾਹਿਬ ਉਤੇ ਚੌਰ ਰੂਪੀ ਛੱਤਰ ਝੁਲਾ ਰਿਹਾ ਸੀ। ਜਦੋਂ ਵਾਕ ਲਿਆ ਗਿਆ ਤਾਂ ਇੰਜ ਜਾਪੇ, ਜਿਵੇਂ ਜੋਤਿ-ਸਰੂਪ ਗੁਰੂ ਆਪ ਬੁਲਾ ਰਿਹਾ ਹੈ। ਭਾਈ ਸਾਹਿਬ ਦੇ ਬਦ ਬੰਦ ਵਿਚੋਂ ਇੰਨਾ ਗੁਰੂ-ਪਿਆਰ ਜਾਗਿਆ ਕਿ ਨਾਮ ਦਾ ਅਖੰਡ ਅਭਿਆਸ ਅੰਦਰੋਂ ਆਰੰਭ ਹੋ ਗਿਆ। ਇਸ ਆਤਮ-ਜਾਗ੍ਰਿਤੀ ਕਾਰਨ ਹੀ ਨਿਕਟ ਭਵਿਖ ਵਿਚ ਭਾਈ ਸਾਹਿਬ ਨੂੰ ਇਕ ਐਸਾ ਮੌਕਾ ਮਿਲਿਆ ਕਿ ਆਪ ਜੀ ਨੇ ਲਗਾਤਾਰ ਇਕੋ ਆਸਣ ਵਿਚ, ਸੰਪੂਰਨ ਤੇ ਅਖੰਡ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਵੀ ਸੁਣਿਆ, ਜੀਵਨ ਦੀ ਬਿਰਤੀ, ਦ੍ਰਿਸ਼ਟੀ ਤੇ ਸਾਰਾ ਬੋਧ, ਗੁਰੂ, ਗੁਰਮਤਿ ਤੇ ਗਿਆਨ-ਪ੍ਰਕਾਸ਼ ਵਾਲਾ ਹੋ ਗਿਆ। ਜਿਉਂ ਜਿਉਂ ਗੁਰਮਤਿ-ਪ੍ਰਕਾਸ਼ ਨਾਲ ਹਿਰਦਾ ਸੰਪੰਨ ਹੋ ਰਿਹਾ ਸੀ, ਤਿਉਂ ਤਿਉਂ ਉਹ ਗੁਪਤ ਦਸਮ ਦੁਆਰ ਨੂੰ ਪ੍ਰਗਟ ਕਰਨ ਵਲ ਰੁਚਿਤ ਹੋ ਰਹੇ ਸਨ।

ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਦ੍ਰਿੜ੍ਹ ਨਿਸਚਾ ਹੈ ਕਿ ਗੁਰਬਾਣੀ ਦਾ ਪਾਠ, ਨਾਮ-ਸਿਮਰਨ ਦਾ ਅਭਿਆਸ, ਗੁਰੂ-ਕੀਰਤੀ ਤੇ ਗੁਰਮਤਿ ਦੀ ਜੈਕਾਰ ਜਿੰਨੀ ਮਰਜ਼ੀ ਕਰ ਲਵੋ, ਜੇ "ਅੰਮ੍ਰਿਤ-ਰਸ" ਪ੍ਰਾਪਤ ਨਹੀਂ ਹੋਇਆ, ਤਾਂ ਨਿਸ਼ਚੇ ਘਾਟ ਸਮਝੋ। ਇਹੀ ਕਾਰਨ ਹੈ ਕਿ ਇਸ ਘਾਟ ਨੂੰ ਪੂਰਾ ਕਰਨ ਵਾਸਤੇ ਭਾਈ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ ਖਾਲਸਈ ਰੂਪ ਤੇ ਮਰਯਾਦਾ ਵਿਚ ਆਪਣੇ ਆਪ ਨੂੰ ਢਾਲਣ ਲਈ ਜਵਾਨ ਉਮਰ ਵਿਚ ਹੀ ਅੰਮ੍ਰਿਤ ਛੱਕ ਲੈਂਦੇ ਹਨ। ਅੰਮ੍ਰਿਤ ਛੱਕਣ ਨਾਲ ਦਸਮ ਪਾਤਿਸ਼ਾਹ ਤੋਂ ਦਸਮ ਦੁਆਰ ਦੇ ਦਰ-ਘਰ ਦਾ, ਜੋਤਿ-ਪ੍ਰਕਾਸ਼ ਨਾਲ ਸ਼ਿੰਗਾਰਿਆ ਜਿਹੜਾ ਚਮਤਕਾਰੀ ਮੰਡਲ ਭਾਈ ਸਾਹਿਬ ਨੇ ਆਪਣੀਆਂ ਬਿਅੰਨ ਅੱਖਾਂ ਨਾਲ ਵੇਖਿਆ, ਉਸ ਵਿਚ ਰਸ, ਵਿਗਾਸ ਤੇ ਅਨੰਦ ਦੇ ਉਹ ਝਲਕਾਰੇ ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ ਦਿਸੇ ਕਿ ਆਪਣੀ ਬੁਧਿ ਸੁਧਿ ਤਾਂ ਗਈ, ਧੁਰ ਦਰਗਾਹੋਂ ਪ੍ਰਗਟੀ ਗੁਰੂ-ਜੋਤਿ ਦੇ ਪ੍ਰਕਾਸ਼ ਨੂੰ, ਗੁਰਮਤਿ ਜੀਵਨ-ਜਾਚ ਨੂੰ, ਦਿਨ ਰਾਤੀ ਮਾਣੇ ਨਾਮ-ਅਭਿਆਸ ਤੇ ਅਨੁਭਵ-ਪ੍ਰਕਾਸ਼ ਨੂੰ, ਚਖੇ ਅੰਮ੍ਰਿਤ ਰਸ, ਵਿਗਾਸ ਤੇ ਅਨੰਦ ਨੂੰ ਪ੍ਰਚਾਰਨਾ ਤੇ ਸਮੁੱਚੇ ਸ੍ਰਿਸ਼ਟੀ ਮੰਡਲ ਵਿਚ ਪ੍ਰਸਾਰਨਾ ਆਪਣੇ ਜੀਵਨ-ਸਵਾਸਾਂ ਦਾ ਮੁੱਖ, ਕੇਂਦਰੀ ਤੇ ਵਿਆਪਕ ਉਦੇਸ਼ ਸਥਾਪਿਤ ਕਰ ਲਿਆ। ਭਾਈ ਸਾਹਿਬ ਦੇ ਜੀਵਨ ਦੀ ਵੱਡੀ ਖ਼ੂਬਸੂਰਤੀ ਇਹ ਸੀ ਕਿ ਉਹਨਾਂ ਨੇ ਵਿਡਾਣੀਆਂ ਆਸਾਂ ਛੱਡ ਕੇ ਇਕੋ ਤੇ ਕੇਵਲ ਇਕੋ ਆਸ—ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਹਿਲਾਂ ਆਪ ਰੱਜ ਰੱਜ ਕੇ ਹਰ ਪਖੋਂ ਕਮਾਈ ਤੇ ਫਿਰ ਉਸ ਵੱਡੀ ਕਮਾਈ ਵਿਚੋਂ ਵੰਡ ਵੰਡ ਕੇ, ਇਕ ਨਹੀਂ ਹਜ਼ਾਰ ਨਹੀਂ, ਲੱਖਾਂ ਧਰਤੀ ਦੇ ਜੀਵਾਂ ਨੂੰ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਥਾਲ ਵਿਚ ਪਈ ਸਤੁ, ਸੰਤੋਖੁ ਤੇ ਨਾਮ ਦੀ ਅਭਿਆਸ


www.AKJ.Org

ਕਮਾਈ ਕਰਨ ਵਲ ਪ੍ਰੇਰਿਆ, ਉਥੇ ਪੰਜਾਂ ਪਿਆਰਿਆਂ ਰਾਹੀਂ ਅੰਮ੍ਰਿਤ ਛਕਾ ਛਕਾ; ਖਾਲਸਈ ਮਰਯਾਦਾ ਵਿਚ ਢਾਲ, ਸ਼ਬਦ-ਸਿੰਘ-ਸੂਰਮੇ ਸਜਾ, ਦਸਮ ਦੁਆਰ ਤੇ ਦਸਮ ਪਾਤਿਸ਼ਾਹ ਦੇ ਰੂਪ-ਸਰੂਪ ਨੂੰ, ਇੰਨਾ ਪ੍ਰਚਾਰਿਆ ਤੇ ਵਿਸਤਾਰਿਆ ਕਿ ਸਿੱਖੀ ਦੇ ਯੋਗਦਾਨ ਪੱਖੋਂ, ਘਟੋ ਘੱਟ ੨੦ਵੀਂ ਸਦੀ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਕੋਈ ਸੰਤ-ਸਾਧ-ਸੂਰਮਾ ਸਾਨੂੰ ਨਹੀਂ ਦਿਸਦਾ ।

(੩)

ਅੰਮ੍ਰਿਤ ਬਾਣੀ ਦੀ ਅਭਿਆਸ ਕਮਾਈ ਤੇ ਅੰਮ੍ਰਿਤ ਦੀ ਮਰਯਾਦਾ-ਬੱਧ ਪ੍ਰਕਿਆ ਵਿਚ ਪਰਵਾਨ ਚੜ੍ਹਨ ਪਿਛੋਂ ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਸਮੁੱਚਾ ਜੀਵਨ ਗੁਰੂ-ਜੋਤਿ, ਗੁਰਬਾਣੀ ਤੇ ਗੁਰਮਤਿ-ਆਦਰਸ਼ਾਂ ਨੂੰ ਸਮਰਪਿਤ ਹੋ ਗਿਆ । ਸਤਿਗੁਰੂ ਨਾਨਕ ਜੀ ਬਾਰੇ ਉਹਨਾਂ ਦਾ ਸਪੱਸ਼ਟ ਵਿਸ਼ਵਾਸ ਸੀ ਕਿ ਉਹ ਸ੍ਰਿਸ਼ਟੀ-ਮੰਡਲ ਦੇ ਸੁਧਾਰ ਤੇ ਉਧਾਰ ਲਈ 'ਸਤਿਨਾਮ ਦਾ ਚੱਕਰ' ਫਿਰਾਣ ਆਏ ਸਨ । ਭਾਈ ਸਾਹਿਬ ਨੇ ਆਪਣੇ ਲੇਖਾਂ ਵਿਚ ਅਨੇਕ ਥਾਵਾਂ ਉਤੇ ਇਸ ਸੱਚ-ਤੱਥ ਦਾ ਵਿਸਥਾਰ-ਪ੍ਰਗਟਾਵਾ ਕੀਤਾ ਹੈ । ਗੁਰੂ ਗੋਬਿੰਦ ਸਿੰਘ ਜੀ ਬਾਰੇ ਵੀ ਭਾਈ ਸਾਹਿਬ ਦੀ ਦ੍ਰਿੜ੍ਹ ਰਾਏ ਸੀ ਕਿ ਉਹ ਇਕ ਐਸੇ ਨਿਰਾਲੇ, ਸਾਬਤ ਸੂਰਤਿ, ਧਰਮ-ਸਰੂਪ, ਖੜਗ ਜ਼ੋਰ ਤੇ ਦੋਧਾਰੇ ਖੰਡੇ ਵਾਲਾ ਖਾਲਸਾ ਪੰਥ ਸਿਰਜਨ ਤੇ ਸਥਾਪਿਤ ਕਰਨ ਆਏ ਸਨ, ਜਿਹੜਾ ਆਪਣੇ ਆਪ ਨੂੰ ਪਰਮਾਤਮਾ ਦੀ ਮੌਜ ਵਿਚ ਪ੍ਰਗਟ ਹੋਇਆ ਮੰਨਦਾ ਤੇ ਆਪਣੇਂ ਆਪ ਨੂੰ ਅਕਾਲ ਪੁਰਖ ਦੀ ਫ਼ੌਜ ਸਵੀਕਾਰਦਾ ਹੈ ।

ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਸੁਰਤਿ, ਮਤਿ, ਮਨਿ, ਬੁਧਿ, ਸੁਧਿ ਤੇ ਸਰੂਪ ਨੂੰ ਘੜਨ ਵਿਚ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਆਦਰਸ਼ਾਂ ਦਾ ਬੜਾ ਡੂੰਘਾ, ਵਿਆਪਕ ਤੇ ਪ੍ਰਭਾਵਸ਼ਾਲੀ ਯੋਗਦਾਨ ਜਾਪਦਾ ਹੈ । ਭਾਈ ਸਾਹਿਬ ਦੀ ਜੀਵਨ-ਕ੍ਰਿਆ, ਵਿਚਾਰ-ਵਿਸ਼ਵਾਸ, ਨਾਮ-ਅਭਿਆਸ, ਸਹਿਜ-ਸੰਘਰਸ਼, ਸਬਰ-ਸਿਦਕ, ਸਰੂਪ-ਸ਼ਿੰਗਾਰ ਤੇ ਸਾਹਿਤ-ਸਿਰਜਨਾ ਤੋਂ ਸਹਿਜੇ ਹੀ ਸਪੱਸ਼ਟ ਹੁੰਦਾ ਹੈ ਕਿ ਉਹ ਸਰੀਰਕ ਤੌਰ ਤੇ ਸੰਸਾਰੀ-ਕ੍ਰਿਆ ਵਿਚ ਵਿਚਰਦੇ ਸਨ, ਹਰ ਇਨਸਾਨ ਨੂੰ ਮਾਨਸ ਕੀ ਜਾਤ ਪਹਿਚਾਣ ਕੇ ਉਸ ਨਾਲ ਪਿਆਰ-ਰਿਸ਼ਤੇ ਪਾਲਦੇ ਸਨ, ਜਨਮ-ਮੌਤ ਦੇ ਸੰਸਕਾਰ ਵੀ ਸਾਂਝੇ ਕਰਦੇ ਸਨ, ਪਰ ਕੂੜ-ਕ੍ਰਿਆ ਦੇ ਸਮੁੱਚੇ ਪਾਸਾਰ ਤੋਂ ਉਹ ਬੇਪਰਵਾਹ ਵੀ ਸਨ ਤੇ ਬਹੁਤ ਹੱਦ ਤਕ ਅਲਿਪਤ ਵੀ ਸਨ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ, ਨਾਮ-ਅਭਿਆਸ, ਅਖੰਡ-ਕੀਰਤਨ, ਅੰਮ੍ਰਿਤ ਰਸ ਭੁੰਚਣਾ ਉਹ ਆਪਣੀ ਨਿਤ ਦੀ ਖ਼ੁਰਾਕ ਸਮਝਦੇ ਸਨ । ਸਿੱਖਾਂ ਨੂੰ ਖਾਲਸਈ ਸਰੂਪ ਤੇ ਗੁਰਮਤਿ ਆਦਰਸ਼ਾਂ ਦੀ ਮਹਾਨਤਾ ਤੇ ਸਾਰਥਿਕਤਾ ਦਰਸਾਣ ਲਈ ਸਾਹਿਤ ਤੇ ਇਤਿਹਾਸ ਨੂੰ ਸਿਰਜਨਾ ਉਹ ਆਪਣੀ ਨਿਤ ਦੀ ਕਾਰ ਸਮਝਦੇ ਸਨ । ਇਸੇ ਅਧਿਆਤਮਕ ਮੰਡਲ ਨਾਲ ਉਹਨਾਂ ਦੀ ਸੁਰਤਿ ਸਦਾ ਇਕਸੁਰ ਰਹੀ, ਇਹੀ ਅਧਿਆਤਮਕ ਤੇ ਗੁਰਮਤਿ ਮੰਡਲ ਉਹਨਾਂ ਦਾ ਸਦਾ ਨਿਵਾਸ-ਸਥਾਨ ਰਿਹਾ । ਇਹੀ ਕਾਰਨ ਹੈ ਕਿ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਨਾ ਆਪਣੇ ਜੀਵਨ ਵਿਚ ਅਤੇ ਨਾ ਹੀ ਆਪਣੀ ਵਸੀਅਤ ਵਿਚ ਅਜੋਕੇ ਸਾਧਾਂ-ਸੰਤਾਂ ਵਾਂਗ ਕਿਸੇ 'ਡੇਰੇ' ਦੀ ਨਾ ਕਲਪਨਾ ਕੀਤੀ, ਨਾ ਸਿਰਜਨਾ ਕੀਤੀ ਅਤੇ ਨਾ ਹੀ 'ਡੇਰਾ' ਸਿਰਜਨ ਵਾਸਤੇ ਕਿਸੇ ਚੇਲੇ ਨੂੰ ਸਥਾਪਿਤ ਕੀਤਾ । ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਦੇ ਪੁੱਛਣ ਉਤੇ ਆਪਣਾ ਅੰਤਿਮ ਫੈਸਲਾ ਦਿੱਤਾ ਸੀ, ਅਰਥਾਤ—

''ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ ਤੇ ਪੂਜਾ ਅਕਾਲ ਦੀ ।'

ਇਸੇ ਭਾਵਨਾ ਤੇ ਆਦਰਸ਼ ਅਨੁਸਾਰ, ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਵੀ ਜੀਵਨ ਦੇ ਅੰਤਿਮ ਸਵਾਸਾਂ ਵਿਚ ਹੀ ਨਹੀਂ, ਸਗੋਂ ਸਾਰੀ ਜ਼ਿੰਦਗੀ ਤੇ ਆਪਣੀਆਂ ਸਾਰੀਆਂ ਲਿਖਤਾਂ ਵਿਚ ਇਹੀ ਗੁਰੂ-ਜੋਤਿ ਦਾ ਸਿੱਧਾਂਤ ਤੇ ਗੁਰਮਤਿ-ਆਦਰਸ਼ਾਂ ਦਾ ਝੰਡਾ ਝੁਲਾਇਆ ਹੈ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ' ਹੀ ਸਾਡੀ ਸੁਰਤਿ, ਮਤਿ, ਮਨਿ, ਬੁਧਿ ਤੇ ਸੁਧਿ ਹੈ ਤੇ 'ਪੰਥ' ਸਾਰੇ ਸਰੀਰਾਂ ਦਾ ਕੇਂਦਰੀ ਤੇ ਮਿਲ-ਬੈਠਣ ਲਈ ਸੰਗਤੀ-ਸਥਾਨ ਹੈ । ਭਾਈ ਸਾਹਿਬ ਦਾ ਦ੍ਰਿੜ੍ਹ ਵਿਸ਼ਵਾਸ ਸੀ ਕਿ ਅੰਮ੍ਰਿਤ ਛੱਕਣ ਪਿਛੋਂ ਸਿੱਖ 'ਗੁਰੂ' ਦਾ ਹੋ ਜਾਂਦਾ ਹੈ, ਉਸ ਦੇ ਜਨਮ-ਮਰਨ ਦਾ ਗਵਨ ਮਿਟ ਜਾਂਦਾ ਹੈ । ਉਹ ਆਪਣੇ ਆਪ ਨੂੰ ਗੁਰੂ-ਘਰ ਦਾ ਨਿਵਾਸੀ ਬਣਾ ਲੈਂਦਾ ਹੈ, ਜੋ ਗੁਰੂ


www.AKJ.Org

ਹੁਕਮ ਕਰਦਾ ਹੈ ਉਹ ਸਿਰ ਝੁਕਾ ਸਵੀਕਾਰ ਕਰ ਲੈਂਦਾ ਹੈ । ਜੇ ਗੁਰੂ ਸੀਸ ਭੇਟ ਕਰਨ ਲਈ ਆਖੇ, ਉਹ ਸੀਸ ਤਲੀ ਉਤੇ ਰਖ ਕੇ ਖੜਾ ਹੋ ਜਾਂਦਾ ਹੈ ਤੇ ਆਖਦਾ ਹੈ, ਹਜ਼ੂਰ ਸੀਸ ਹਾਜ਼ਰ ਹੈ । ਜੇ ਗੁਰੂ ਆਖੇ ਸਭ ਰੂਪ-ਰੰਗ, ਜਾਤਿ-ਪਾਤਿ, ਅਮੀਰ-ਗ਼ਰੀਬ, ਉਚੇ-ਨੀਵੇਂ ਦੀਆਂ ਵਰਨ-ਵੰਡਾਂ ਤਿਆਗ ਕੇ, ਖਾਸ ਕਰਕੇ ਸਦੀਆਂ ਤੋਂ ਤੁਰੀ ਆ ਰਹੀ ਗੁਰੂ-ਚੇਲੇ ਦੀ ਪਰੰਪਰਾ ਤੇ ਕਰਮ-ਵਿੱਥਾਂ ਨੂੰ ਛੱਡ ਕੇ ਸੰਗਤ, ਪੰਗਤ ਤੇ ਅੰਮ੍ਰਿਤ ਦੀ ਏਕਤਾ, ਬਰਾਬਰੀ ਤੇ ਸਦ-ਭਾਵਨਾ ਸੁਰ ਵਿਚ ਇਕਸੁਰ ਤੇ ਇਕਰੂਪ ਹੋ ਗੁਰੂ ਦਾ ਪਿਆਰਾ ਬਣ ਜਾ, ਤਾਂ ਉਹ ਗੁਰੂ-ਪਿਆਰਾ ਹੋਣ ਦਾ ਮਾਣ ਸਵੀਕਾਰ ਕਰ ਲੈਂਦਾ ਹੈ । ਭਾਈ ਸਾਹਿਬ ਨੇ ਆਪਣਾ ਸਾਰਾ ਜੀਵਨ ਗੁਰਮਤਿ-ਵਿੱਧੀ ਅਨੁਸਾਰ ਤੇ ਗੁਰੂ-ਪਿਆਰਾ ਰਹਿ ਕੇ ਜੀਵਿਆ । ਜੀਵਨ-ਨਿਵਾਸ ਪਿਤਾ-ਪਰਿਵਾਰ ਦੇ ਘਰ ਵਿਚ ਸੀ, ਜਾਂ ਗੁਰਦੁਆਰਾ ਸੁਧਾਰ ਦੇ ਸੰਘਰਸ਼ਾਂ ਵਿਚ ਸੀ ਜਾਂ ਅੰਗਰੇਜ਼ਾਂ ਦੀਆਂ ਬੰਦ ਜੇਲ੍ਹਾਂ ਵਿਚ ਸੀ ਜਾਂ ਅਖੰਡ ਕੀਰਤਨ ਤੇ ਖਾਲਸਈ ਸੰਗਤਾਂ ਵਿਚ ਸੀ; ਉਹ ਜਿਥੇ ਵੀ ਰਹੇ, ਆਪਣੇ ਆਲੇ ਦੁਆਲੇ ਗੁਰੂ-ਕਾਰ ਤੇ ਗੁਰੂ-ਮੰਡਲ ਸਿਰਜ ਲੈਂਦੇ ਸਨ, ਅਤੇ ਫਿਰ ਉਥੇ ਅੰਮ੍ਰਿਤ ਰਸ, ਵਿਗਾਸ ਤੇ ਅਨੰਦ ਵਿਚ ਵਿਚਰਦੇ ਰਹਿੰਦੇ ਸਨ । ਇਹੀ ਕਾਰਨ ਹੈ ਕਿ ਅੰਗਰੇਜ਼ ਸਰਕਾਰ ਦੇ ਜ਼ੁਲਮ, ਫਾਂਸੀ ਤੇ ਮੌਤ ਦੇ ਡਰਾਵੇ, ਜੇਲ੍ਹਾਂ ਦੇ ਦਿਤੇ ਅਸਹਿ ਦੁੱਖ, ਕਲੇਸ਼, ਸੰਕਟ ਤੇ ਤਸੀਹੇ ਉਹਨਾਂ ਨੂੰ ਕਿਸੇ ਪਲ ਵੀ ਡੁਲਾ ਨਾ ਸਕੇ । ਭਾਈ ਸਾਹਿਬ ਸਦਾ ਅਡੋਲ, ਸੁਤੰਤਰ ਪਰਮਾਤਮਾ ਦੀ ਮੌਜ ਤੇ ਅਕਾਲ ਪੁਰਖ ਦੀ ਫ਼ੌਜ ਬਣ ਕੇ ਜੀਵੇ ।

(੪)

ਪਰਮਾਤਮਾ ਦੀ ਮੌਜ ਤੇ ਅਕਾਲ ਪੁਰਖ ਦੀ ਫੌਜ ਬਣ ਕੇ ਜੀਊਣ ਵਾਲਾ ਵਿਅਕਤੀ ਸਦਾ ਸ਼ੁੱਧ, ਸਪੱਸ਼ਟ, ਸਦਭਾਵਕ, ਸੁਤੰਤਰ ਤੇ ਸਮਰਪਿਤ ਹੋ ਕੇ ਜੀਊਂਦਾ ਹੈ, ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਜੀਵਨ ਚਿੰਤਨ, ਕਰਮ ਤੇ ਆਦਰਸ਼ ਬਿਲਕੁੱਲ ਸ਼ੁੱਧ, ਸਪੱਸ਼ਟ, ਸਦਭਾਵਕ, ਸੁਤੰਤਰ ਤੇ ਸਮਰਪਿਤ ਭਾਵਨਾ ਵਾਲਾ ਹੀ ਸੀ । ਗੁਰੂ-ਜੋਤਿ ਦੀ ਕਿਰਪਾ-ਦ੍ਰਿਸ਼ਟੀ ਕਾਰਨ ਜੇ ਉਹ ਧਰਮੀ ਸਿੱਖ ਬਣੇ ਤਾਂ ਉਹਨਾਂ ਨੇ ਆਪਣੇ ਧਰਮ ਨੂੰ ਸ਼ੁੱਧ ਤੇ ਸਪੱਸ਼ਟ ਰਖਿਆ । ਸਿੱਖ ਧਰਮ ਵਿਚ ਪਰੰਪਰਾਗਤ ਰੂਪ ਵਿਚ ਅਨੇਕਾਂ ਹੀ ਭਰਮ ਭੁਲੇਖੇ ਸਨ ।

੧) ਅੱਜ ਵੀ ਹਿੰਦੂ ਸਮਾਜ ਸਿੱਖ ਧਰਮ ਦੀ ਸੁਤੰਤਰ ਤੇ ਮੌਲਿਕ ਹੋਂਦ ਹਸਤੀ ਨੂੰ ਵੰਗਾਰਦਾ ਹੈ ਅਤੇ ਆਖਦਾ ਹੈ ਕਿ ਸਿਖ ਹਿੰਦੂ ਹੀ ਹਨ । ਭਾਈ ਸਾਹਿਬ ਭਾਈ ਵੀਰ ਸਿੰਘ ਤੇ ਭਾਈ ਕਾਨ੍ਹ ਸਿੰਘ ਜੀ ਨੇ ਕਦੀ 'ਹਮ ਹਿੰਦੂ ਨਹੀਂ' ਪੁਸਤਕ ਲਿਖ ਕੇ ਤੇ ਕਦੀ 'ਸਿੱਖ ਧਰਮ ਇਕ ਮੌਲਿਕ ਤੇ ਸੁਤੰਤਰ ਧਰਮ ਹੈ' ਟ੍ਰੈਕਟ ਲਿਖ ਕੇ ਇਹ ਸਪੱਸ਼ਟ ਕੀਤਾ ਸੀ, ਕਿ 'ਸਿੱਖ' ਹਿੰਦੂ ਨਹੀਂ, ਪਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ 'ਸਿੱਖ' ਨੂੰ ਖਾਸ ਕਰਕੇ ਖਾਲਸਾ ਪੰਥ ਨੂੰ ਇਹ ਪੂਰੀ ਜਾਗ੍ਰਿਤੀ ਪ੍ਰਦਾਨ ਕੀਤੀ ਕਿ 'ਸਿੱਖ ਜੇ ਆਪਣੇ ਗੁਰੂ ਵਾਲਾ ਹੈ, ਤਾਂ ਉਹ ਆਪਣੇ ਜਨਮ ਤੋਂ ਹੀ ਸ਼ੁੱਧ, ਮੌਲਿਕ ਤੇ ਸੁਤੰਤਰ ਧਰਮ ਦਾ ਧਾਰਨੀ ਹੈ । ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਤੀਸਰੇ ਪੰਥ—'ਸਿੰਘਾਂ ਦਾ ਪੰਥ ਨਿਰਾਲਾ' ਦੇ ਰੂਪ ਵਿਚ ਸਿਰਜਿਆ ਤੇ ਉਜਾਗਰ ਕੀਤਾ ਹੈ । ਇਹ ਨਾ ਹਿੰਦੂ ਹੈ, ਨਾ ਮੁਸਲਮਾਨ ਹੈ, ਇਹ ਤਾਂ ਕੇਵਲ ਗੁਰੂ-ਜੋਤਿ ਦੀ ਜੁਗਤਿ ਵਿਚ ਜੀਊਣ ਵਾਲਾ ਸਿੱਖ-ਸਿੰਘ ਹੈ । ਖਾਲਸਾ-ਕੌਮ ਨੂੰ ਆਪਣੇ ਨਿਆਰੇ ਸਰੂਪ, ਨਿਆਰੀ ਜੀਵਨ-ਕ੍ਰਿਆ, ਨਿਆਰੇ ਤੇ ਨਿਰਾਲੇ ਪੰਥ, ਨਿਆਰੇ ਤੇ ਤੇਜਧਾਰ ਚਿੰਤਨ ਤੇ ਸੁਤੰਤਰ ਤੇ ਮੌਲਿਕ ਹਸਤੀ-ਹੋਂਦ ਦਾ ਜੋ ਅਹਿਸਾਸ ਭਾਈ ਸਾਹਿਬ ਨੇ ਆਪਣੇ ਜੀਵਨ-ਕਰਮ ਤੇ ਆਪਣੀਆਂ ਲਿਖਤਾਂ ਰਾਹੀਂ ਕਰਵਾਇਆ ਹੈ ਤੇ ਜਗਾਇਆ ਹੈ, ਉਸ ਨੂੰ ਸਿੱਖ ਦ੍ਰਿਸ਼ਟੀ ਤੋਂ ਇਕ ਅਦੁੱਤੀ ਤੇ ਇਤਿਹਾਸਕ ਯੋਗਦਾਨ ਆਖਿਆ ਜਾ ਸਕਦਾ ਹੈ ।

੨) ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਹੀ ਕੁਝ ਵਿਰੋਧੀ ਬ੍ਰਾਹਮਣਾਂ ਵਲੋਂ ਇਹ ਪ੍ਰਚੱਲਤ ਕੀਤਾ ਗਿਆ ਕਿ ਦਸਮ ਪਾਤਿਸ਼ਾਹ ਭਗਉਤੀ ਦੇਵੀ ਦੇ ਪੁਜਾਰੀ ਸਨ । ਅਰਦਾਸ ਦੇ ਪ੍ਰਥਮ ਵਾਕ 'ਪ੍ਰਿਥਮ ਭਗੌਤੀ ਸਿਮਰਿ ਕੈ' ਦਾ ਅਰਥ-ਪ੍ਰਸੰਗ ਵੀ ਇਸ ਵਾਰਤਾ ਨਾਲ ਜੋੜ ਕੇ ਬਹੁਤ ਵਾਰੀ ਪੇਸ਼ ਕੀਤਾ ਜਾਂਦਾ ਸੀ । ਇਸੇ ਪ੍ਰਚਾਰ ਦੇ ਪ੍ਰਭਾਵ ਅਧੀਨ ਹੀ ਅਨੇਕਾਂ ਸਿੱਖ ਦੇਵ-ਦੁਆਰਿਆਂ ਦੀ ਯਾਤਰਾ ਵੀ ਕਰ ਆਂਦੇ ਸਨ । ਭਾਈ ਸਾਹਿਬ ਭਾਈ

ਰਣਧੀਰ ਸਿੰਘ ਜੀ ਨੇ ਜਿਥੇ "ਭਗਉਤੀ ਸੰਬੰਧੀ ਮਹਾਂ ਅਗਿਆਨ ਭਰਿਆ ਭੁਲੇਖਾ", "ਭਗਉਤੀ ਪਦ ਦਾ ਭੱਤ ਗੁਰਮਤਿ ਅਨੁਸਾਰ ਯਥਾਰਥ ਨਿਰਣਾ" ਦੇ ਲੇਖ ਲਿਖ ਕੇ ਇਸ ਭਰਮ-ਭੁਲੇਖੇ ਦਾ ਸਪੱਸ਼ਟ ਜਵਾਬ ਦਿੱਤਾ, ਉਥੇ ਉਹਨਾਂ ਨੇ "ਗੁਰੂ ਕਾ ਸਿੱਖ ਕੌਣ ਹੈ', 'ਸ੍ਰੀ ਅਕਾਲ ਪੁਰਖ ਕਾ ਖਾਲਸਾ' ਤੇ 'ਜੋਤਿ ਚਾਨਣਾ' ਲੇਖ ਲਿਖ ਕੇ ਗੁਰਮਤਿ ਦੀ ਰਹੁ-ਰੀਤ ਨੂੰ ਵੀ ਉਜਾਗਰ ਕੀਤਾ।

੩) ਨਾਮ ਕੀ ਹੈ ?— ਜਪਣਾ ਕਿਵੇਂ ਹੈ ?
ਗੁਰ-ਮੰਤਰ ਕੀ ਹੈ ? ਲੈਣਾ ਕਿਸ ਤੋਂ ਹੈ ?
ਗੁਰੂ ਕੌਣ ਹੈ ? ਮੰਨਣਾ ਕਿਵੇਂ ਹੈ ?
ਵਾਹਿਗੁਰੂ ਦਰਸ਼ਨ ਦਾ ਸੰਕਲਪ ਕੀ ਹੈ ?
ਨਾਮ ਦਾ ਵਪਾਰੀ ਕੌਣ ਹੋ ਸਕਦਾ ਹੈ ?
ਅੰਮ੍ਰਿਤ-ਰੱਸ ਕੀ ਹੈ ? ਪ੍ਰਾਪਤ ਕਿਵੇਂ ਹੋਵੇ ?
ਕੇਸਾਂ ਦੀ ਮਰਯਾਦਾ ਕੀ ਹੈ ? ਰੱਖਣੀ ਕਿਵੇਂ ਹੈ ?
ਰਿੱਧੀਆਂ-ਸਿੱਧੀਆਂ ਕੀ ਹਨ ?

ਸਰਾਧ, ਸੂਤਕ, ਜਨੇਊ, ਪਿਤਰ-ਪੂਜਾ, ਮੂਰਤੀ-ਪੂਜਾ ਆਦਿਕ ਹੋਰ ਅਨੇਕਾਂ ਹੀ ਭਰਮ ਸਨ, ਜਿਨ੍ਹਾਂ ਕਰਕੇ ਸਿੱਖ ਧਰਮ ਦਾ ਰੂਪ ਨਾ ਤਾਂ ਸ਼ੁੱਧ ਦਿਸਦਾ ਸੀ, ਨਾ ਸੁਤੰਤਰ, ਅਤੇ ਨਾ ਹੀ ਮੌਲਿਕ। ਭਾਈ ਸਾਹਿਬ ਰਣਧੀਰ ਸਿੰਘ ਜੀ ਨੇ 'ਨਾਮ ਦਾ ਦਾਤਾ ਸਤਿਗੁਰੂ' ,'ਗੁਰਮਤਿ ਲੇਖ', 'ਗੁਰਮਤਿ ਵਿਚਾਰ', 'ਗੁਰਮਤਿ ਪ੍ਰਕਾਸ਼', ਤੇ 'ਅੰਮ੍ਰਿਤ ਕੀ ਹੈ ?' ਪੁਸਤਕਾਂ ਲਿਖ ਕੇ, ਜਿਥੇ ਸਿੱਖੀ ਵਿਚ ਪਏ ਭਰਮ-ਭੁਲੇਖਿਆਂ ਦਾ, ਗੁਰੂ-ਪਰੰਪਰਾ ਤੇ ਗੁਰੂ-ਚਿੰਤਨ ਵਿਚ ਰਹਿ ਕੇ, ਬੜੇ ਸਰਲ, ਸਪੱਸ਼ਟ ਤੇ ਸਾਰਥਿਕ ਢੰਗ ਨਾਲ ਜਵਾਬ ਦਿੱਤਾ, ਉਥੇ ਗੁਰਮਤਿ ਸਿਧਾਂਤਾਂ ਦੇ ਸੰਕਲਪਾਂ ਤੇ ਸਰੂਪਾਂ ਨੂੰ ਵੀ ਗੁਰਬਾਣੀ ਦੇ ਪ੍ਰਮਾਣਾਂ ਦੀ ਰੌਸ਼ਨੀ ਵਿਚ ਸ਼ਾਮਿਲ ਕੀਤਾ। ਭਾਈ ਸਾਹਿਬ ਦੀਆਂ ਪੁਸਤਕਾਂ ਦੇ ਬਹੁਤੇ ਲੇਖ ਪ੍ਰਚੱਲਤ ਭਰਮ-ਭੁਲੇਖਿਆਂ ਤੇ ਅਭਿਆਸੀ ਸਿੱਖਾਂ ਦੇ ਜਵਾਬ ਵਜੋਂ ਹੀ ਲਿਖੇ ਗਏ ਹਨ। ਇਨ੍ਹਾਂ ਗੁਰਮਤਿ ਰਚਨਾਵਾਂ ਦੇ ਅਧਿਐਨ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਗੁਰਮਤਿ ਜੀਵਨ ਦੇ ਅਭਿਆਸੀ ਹੀ ਨਹੀਂ, ਸਗੋਂ ਤੱਤ-ਚਿੰਤਨ ਦੇ ਗਿਆਨੀ ਵੀ ਸਨ। ਭਾਰਤੀ ਬੋਲੀ ਵਿਚ ਗਿਆਨੀ ਆਮ ਤੌਰ ਤੇ ਉਸ ਨੂੰ ਹੀ ਆਖਿਆ ਜਾਂਦਾ ਸੀ, ਜਿਹੜਾ ਗ੍ਰੰਥਾਂ ਦਾ ਅਧਿਕਾਰੀ ਹੋ ਕੇ ਤਰਕ-ਵਿਤਰਕ, ਤੇ ਦਰਸ਼ਨ-ਫ਼ਲਸਫ਼ੇ ਦੀਆਂ ਗੱਲਾਂ ਕਰਦਾ ਸੀ। ਭਾਈ ਸਾਹਿਬ ਦੀ ਸਪੱਸ਼ਟ ਰਾਇ ਸੀ ਕਿ ਤਰਕ-ਵਿਤਰਕ ਤੇ ਦਰਸ਼ਨ-ਫ਼ਲਸਫ਼ੇ ਮਨੁੱਖ ਨੂੰ ਨਾਸਤਿਕ, ਚਤੁਰ ਤੇ ਗੱਲਾਂ ਵਾਲੇ ਤਾਂ ਬਣਾ ਸਕਦੇ ਹਨ, ਪਰ ਬ੍ਰਹਮ ਦੀ ਪਛਾਣ ਵਾਲੇ ਗਿਆਨੀ ਨਹੀਂ। ਗਿਆਨੀ ਉਹੀ ਹੈ, ਜਿਸ ਦਾ ਆਤਮਕ-ਅਨੁਭਵ ਪ੍ਰਕਾਸ਼ ਜਾਗਦਾ ਹੈ, ਜਿਸ ਦਾ ਅੰਦਰ-ਬਾਹਰ ਗੁਰ-ਪਰਮੇਸ਼ਰ ਦੀ ਕਮਾਈ ਨਾਲ ਇਕਸੁਰ ਹੈ; ਜਿਹੜਾ ਮਾਨਸ ਦੀ ਜਾਤਿ ਨਾਲ ਬਿਨਾਂ ਵਿਤਕਰੇ ਪਿਆਰ ਕਰਦਾ ਹੈ, ਜਿਹੜਾ ਧਰਮ ਤੇ ਧਰਮ-ਸਥਾਨਾਂ ਨੂੰ ਪਵਿੱਤਰ ਤੇ ਮਾਨਵ-ਕਲਿਆਣ ਦੇ ਕੇਂਦਰ ਵੇਖਣਾ ਚਾਹੁੰਦਾ ਹੈ। ਭਾਈ ਸਾਹਿਬ ਰਣਧੀਰ ਸਿੰਘ ਜੀ ਸੱਚ ਮੁੱਚ ਆਪਣੇ ਸਮੇਂ ਦੇ ਮਹਾਨ ਗਿਆਨੀ ਵੀ ਸਨ। ਗਿਆਨੀ ਮਹਾਂ ਪੁਰਸ਼ਾਂ ਦੀ ਅੰਤਰ-ਆਤਮਾ ਅਨੰਦਪੁਰ ਦਾ ਰਸ, ਵਿਗਾਸ ਤੇ ਅਨੰਦ ਮਾਣਦੀ ਹੋਈ ਵੀ ਧਾਰਮਿਕ, ਸਮਾਜਕ ਤੇ ਰਾਜਸੀ ਗਿਰਾਵਟ ਪੱਖੋਂ ਜਾਗਦੀ ਹੁੰਦੀ ਹੈ। ਭਾਈ ਸਾਹਿਬ ਰਣਧੀਰ ਸਿੰਘ ਜੀ ਆਪਣੇ ਸਮੇਂ ਦੇ ਕੇਵਲ ਗਿਆਨੀ ਮਹਾਂਪੁਰਸ਼ ਹੀ ਨਹੀਂ ਸਨ, ਸਗੋਂ ਜਾਗਦੇ ਯੋਧੇ ਵੀ ਸਨ। [ਬਾਕੀ ਆਉਂਦੇ 'ਸੂਰਾ' ਵਿਚ


www.AKJ.Org

# ਪੂਰਖ ਪੁਰਖੋਤਮ ਭਾਈ ਰਣਧੀਰ ਸਿੰਘ ਜੀ

[ਸ: ਭਗਤ ਸਿੰਘ 'ਹੀਰਾ', 22/21 ਬੀ, ਤਿਲਕ ਨਗਰ, ਨਵੀਂ ਦਿਲੀ 18]

ਭਾਈ ਰਣਧੀਰ ਸਿੰਘ ਜੀ ਨਿਰਸੰਦੇਹ ਇਕ ਉਤਮ ਸੰਸਕਾਰੀ ਮਹਾਂ ਪੁਰਖ ਸਨ। ਉਨ੍ਹਾਂ 'ਮਨਿ ਜੀਤੈ ਜਗੁ ਜੀਤੁ' ਦੇ ਗੁਰ ਉਪਦੇਸ਼ ਨੂੰ ਪੂਰੀ ਤਰ੍ਹਾਂ ਅਜ਼ਮਾਇਆ, ਕਮਾਇਆ ਤੇ ਪਕਾਇਆ ਹੋਇਆ ਸੀ। ਆਪ ਸਹੀ ਮਹਿਨਿਆਂ ਵਿਚ ਇਕ ਪਾਰਗ੍ਰਾਮੀ ਜੀਵਨ-ਸੰਗ੍ਰਾਮੀ ਸਨ। ਗੁਰੂ ਕ੍ਰਿਪਾ ਦੁਆਰਾ ਉਨ੍ਹਾਂ ਕਾਮ, ਕ੍ਰੋਧ ਆਦਿ ਪੰਜੇ ਮਹਾਂ ਬਲੀ ਨੇਤਰ ਕੇ ਬੱਧੇ ਹੋਏ ਸਨ, ਜਿਸ ਦਾ ਫਲ-ਸਰੂਪ ਨਿਰਮਾਣਤਾ, ਆਤਮ-ਵਿਸ਼ਵਾਸ, ਸਹਿਨ-ਸ਼ੀਲਤਾ, ਸਹਿਜ, ਸੰਤੋਖ, ਦ੍ਰਿੜ੍ਹਤਾ ਤੇ ਸੰਜਮ ਆਦਿ ਦੈਵੀ ਗੁਣ ਆਪ ਜੀ ਦਾ ਜ਼ੀਵਨ-ਸ਼ਿੰਗਾਰ ਬਣ ਚੁਕੇ ਸਨ।

ਇਕ ਅਕਾਲ ਪੁਰਖ ਹੀ ਉਨ੍ਹਾਂ ਦਾ ਇਸ਼ਟ-ਦੇਵ ਸੀ ਤੇ ਕੇਵਲ ਉਸੇ ਇਕ ਅਦੁੱਤੀ ਨਿਰੰਕਾਰ ਦੇ ਹੀ ਓਹ ਪੂਜਣਹਾਰ ਸਨ। ਉਸ ਇਕ ਤੋਂ ਬਿਨਾਂ ਕਿਸੇ ਹੋਰ ਤੇ ਉਨ੍ਹਾਂ ਦਾ ਧਿਆਨ ਟਿਕਣਾ ਜਾਂ ਟਿਕਾਣਾ ਸੰਭਵ ਹੀ ਨਹੀਂ ਸੀ। ਉਹ ਉਨ੍ਹਾਂ ਪਰਵਾਨ-ਪੰਚਾਂ ਵਿਚੋਂ ਇਕ ਪੰਚ ਸਨ ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ 'ਪੰਚਾ ਕਾ ਗੁਰੁ ਏਕੁ ਧਿਆਨੁ'। ਸੱਚ ਤਾਂ ਇਹ ਹੈ ਕਿ ਉਹ ਸ੍ਰੀ ਦਸਮੇਸ਼ ਮ੍ਰਿਗਸ਼ ਜੀ ਦੇ ਇਸ ਉਦੇਸ਼ ਤੋਂ ਆਦੇਸ ਦੇ ਪੱਕੇ ਧਾਰਨੀ ਸਨ :—

ਭਜੋਂ ਸੁ ਏਕ ਨਾਮਯੰ ॥ ਜੁ ਕਾਮ ਸਰਬ ਠਾਮਯੰ ॥
ਨ ਜਾਪ ਆਨ ਕੋ ਜਪੋਂ ॥ ਨ ਅਉਰ ਥਾਪਨਾ ਥਪੋਂ ॥੩੭॥
ਬਿਅੰਤ ਨਾਮੁ ਧਿਆਇ ਹੋਂ ॥ ਪਰਮ ਜੋਤਿ ਪਾਇ ਹੋਂ ॥
ਨ ਧਿਆਨ ਆਨ ਕੋ ਧਰੋਂ ॥ ਨ ਨਾਮ ਆਨ ਉਚਰੋਂ ॥੩੮॥
ਤਵੱਕ ਨਾਮ ਰੱਤਿਯੰ ॥ ਨ ਆਨ ਮਾਨ ਮੱਤਿਯੰ ॥
ਪਰੱਮ ਧਿਆਨ ਧਾਰੀਐਂ ॥ ਅਨੰਤ ਪਾਪ ਟਾਰੀਯੰ ॥੩੯॥
ਤੁਮੇਵ ਰੂਪ ਰਾਚਿਯੰ ॥ ਨ ਆਨ ਦਾਨ ਮਾਚਯੰ ॥
ਤਵੱਕ ਨਾਮ ਉਚਾਰਿਯੰ ॥ ਅਨੰਤ ਦੂਖ ਟਾਰਿਯੰ ॥੪੦॥

[ਬਚਿਤ੍ਰ ਨਾਟਕ ਪਾ: ੧੦, ਅਧਿਆਇ ੬

ਸੱਚ ਨੂੰ ਧਿਆਉਣਾ, ਸੱਚ ਨੂੰ ਕਮਾਵਣਾ, ਅਰਥਾਤ, ਸੱਚ ਦਾ ਜੀਵਨ ਜੀਣਾ ਤੇ ਸੱਚਾ ਸੁੱਚਾ ਆਚਾਰ ਆਪ ਜੀ ਦਾ ਰੂਪ-ਸ਼ਿੰਗਾਰ ਸੀ। ਪਰ-ਦ੍ਰਿਸ਼ਟ ਨੂੰ ਉਨ੍ਹਾਂ ਪੂਰਨ ਤੌਰ ਤੇ ਗਾਲਿਆ ਹੋਇਆ ਸੀ। ਭਰਮ ਭੇਖ ਤੋਂ ਉਹ ਬਿਲਕੁਲ ਨਿਆਰੇ ਸਨ। 'ਸ਼ਸਤ੍ਰ ਅਸਤ੍ਰ ਨਾਨਾ ਸਬੁਧਿ' ਹੋ ਕੇ ਆਪ ਅਠੇ ਪਹਿਰ ਨਾਮ ਵਿਚ ਰਤੇ ਰਹਿੰਦੇ ਸਨ ਅਤੇ ਸਾਸ-ਗ੍ਰਾਸ ਸਤਿਨਾਮ ਦਾ ਪਰਾ ਪੂਰਬਲਾ ਗੁਰਮੰਤ੍ਰੜਾ ਨਿਰੰਤਰ ਲਿਵਤਾਰ ਹੋ ਕੇ ਉਨ੍ਹਾਂ ਉਤੇ ਚਲੂਲੇ ਰੰਗ ਦੀਆਂ ਗੂੜ੍ਹੀਆਂ ਲਾਲੀਆਂ ਚਾੜ੍ਹੀ ਰਖਦਾ ਸੀ। ਮੁਕਦੀ ਗੱਲ ਕਿ ਆਪ ਇਕ ਪੂਰੇ ਰਹਿਤਵਾਨ, ਸਿਦਕ-ਸਬੂਰੀ ਵਾਲੇ ਅੰਮ੍ਰਿਤਧਾਰੀ, ਸੁੰਦਰ ਦੀਦਾਰੀ, ਪਰਉਪਕਾਰੀ, ਨਿਰ-ਅਭਿਮਾਨ, ਨੇਮੀ ਤੇ ਪ੍ਰੇਮੀ ਨਿਖਾਲਸ ਖਾਲਸਾ ਸਨ। ਓਹ ਖਾਲਸਾ ਜਿਨ੍ਹਾਂ ਬਾਰੇ ਕਿਹਾ ਗਿਆ ਹੈ—

ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥੪॥੩॥ [ਸੋਰਠਿ ਕਬੀਰ ਜੀ—੬੫੪

ਜਾਂ ਫਿਰ :—ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ ॥
ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸ ਤਾਹਿ ਨਿਖਾਲਸ ਜਾਨੈ ॥੧॥

[ਤੇਤੀ ਸਵੱਯੇ ਪਾ: ੧੦]

(੨) ਆਪ ਜੀ ਦਾ ਜਨਮ ਸ: ਨੱਥਾ ਸਿੰਘ (ਜੱਜ ਹਾਈਕੋਰਟ ਨਾਭਾ ਸਟੇਟ) ਜੀ ਦੇ ਘਰ ਮਾਤਾ ਪੰਜਾਬ



www.AKJ.Org

ਕਰ ਜੀ ਦੀ ਪਾਵਨ ਕੁਖੋਂ ਮਿਤੀ 7 ਜੁਲਾਈ 1878 ਨੂੰ ਹੋਇਆ। ਸੁਭਾਵਕ ਵਰਤਾਰੇ ਵਿਚ ਗੁਰਮਤਿ ਵੈਰਾਗ ਬ੍ਰਿਤੀ ਤਾਂ ਪਹਿਲਾਂ ਹੀ ਮੌਜੂਦ ਸੀ। ਅੰਤਰ ਆਤਮੇ ਪ੍ਰਮਾਰਥੀ ਲਗਨ ਦੀਆਂ ਲਹਿਰਾਂ ਅਕਸਰ ਠਾਠਾਂ ਮਾਰਦੀਆਂ ਹੀ ਰਹਿੰਦੀਆਂ ਸਨ, ਪਰ ਸਤਿਗੁਰ ਦੇ ਘਰ ਉਨ੍ਹਾਂ ਦਾ ਜਨਮ ਉਨ੍ਹਾਂ ਦੀ ਅਸਲੀ ਜਨਮ-ਤਿਥੀ ਤੋਂ ਪੂਰੇ ੨੫ ਸਾਲ ਮਗਰੋਂ ਹੋਇਆ। ੧੪ ਜੂਨ ੧੯੦੩ ਨੂੰ ਉਨ੍ਹਾਂ ਦੇ ਪੂਰਬਲੇ ਕਰਮਾਂ ਦੇ ਅੰਗੂਰ ਫੁਟੇ ਤੇ ਆਪ ਜੀ ਨੇ ਜੁਗੋ ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਜੀ ਦੀ ਤਾਬਿਆ ਵਿਚ ਪੰਜ ਰਹਿਤਵਾਨ ਰਸਿਕ ਬੈਰਾਗੀ ਪਿਆਰਿਆਂ ਪਾਸੋਂ ਖੰਡੇ ਦੀ ਪਾਹੁਲ ਛੱਕ ਕੇ 'ਸਤਿਗੁਰ ਕੈ ਜਨਮੈ ਗਵਨੁ ਮਿਟਾਇਆ'* ਤੇ ਜਨਮ ਸੁਹੇਲਾ ਕੀਤਾ। ਬੱਸ ਇਸ ਤੋਂ ਮਗਰੋਂ ਆਪ ਜੀ ਦਾ ਗੁਰਮਤਿ ਬਿਬੇਕ ਤੇ ਵੈਰਾਗ 'ਦਿਨ ਦਿਨ ਚੜ੍ਹੇ ਸਵਾਇਆ' ਹੀ ਹੁੰਦਾ ਰਿਹਾ।

ਵੈਸੇ ਤਾਂ ਬਾਲ, ਕਿਸ਼ੋਰ ਤੇ ਯੁਵਾ ਅਵਸਥਾ ਵਿਚ ਵੀ ਚਿਤ੍ਰ ਬਚਿਤ੍ਰ ਰਚਨਾ ਦੀਆਂ ਬਹੁ-ਰੰਗੀ ਲਹਿਰਾਂ ਦੇ ਤੂਫਾਨਾਂ ਵਿਚ ਵੀ ਕਾਦਰ ਪਿਆਰ ਦੀ ਰੁਚੀ ਦਾ ਪ੍ਰਬੱਲ ਰਹਿਣਾ, ਅੰਤਰ ਆਤਮੇ ਪ੍ਰੇਮ-ਕਾਂਗਾਂ ਨੇ ਠਾਠਾਂ ਮਾਰਨਾ ਤੇ ਮਨ ਨੇ ਖੀਵੇ ਹੋਣਾ, ਦਿਸਦੀ ਸੁੰਦਰਤਾ ਨੂੰ ਵੇਖ ਵੇਖ ਅਜਿਹੇ ਮਸਤ ਹੋਣਾ ਕਿ ਮਸਤੀ ਵਿਚ ਅਣ-ਦਿਸਦੇ ਦੀ ਝਲਕ ਪੈਣੀ ਤੇ ਵਿਸਮਾਦ ਵਿਚ ਲੋਟ ਪੋਟ ਹੋ ਜਾਣਾਂ। ਜਗਤ-ਭਲਾਈ, ਜਨ-ਸੇਵਾ ਤੇ ਪਰਉਪਕਾਰੀ ਜੀਵਨ ਦੇ ਰਾਹ ਵਿਚ ਸਰਕਾਰੀ ਨੌਕਰੀ ਨੂੰ 'ਧ੍ਰਿਗ ਵਿਡਾਣੀ ਚਾਕਰੀ' ਜਾਣ ਤਹਿਸੀਲਦਾਰੀ ਦੀ ਜ਼ਿਮੇਵਾਰੀ ਤੋਂ ਮੁਕਤ ਹੋ ਜਾਣਾ। ਜੀਵਨ ਵਿਚ ਕੁਸੰਗ ਦੇ ਕਈ ਮੋੜ ਘੇਰ ਵਾਪਰਨੇ, ਪਰ ਪਤਿਤ ਕਰਮਾਂ ਤੋਂ ਫੇਰ ਵੀ ਬਚੇ ਰਹਿਣਾ। ਕਿਸੇ ਤਾਂਤ੍ਰਿਕ ਸਾਧੂ ਦੇ ਬਾਹਰਲੇ ਰੂਪ ਨੂੰ ਵੇਖ ਕੇ ਇਕੋ ਤਾਂ ਇਕ-ਦਮ ਉਸ 'ਤੇ ਫ਼ਰੇਫ਼ਤਾ ਹੋ ਜਾਣਾ, ਤੇ ਉਸਦੀ ਮਸਤਾਨੀ ਰੂਪ-ਰੇਖਾ ਤੇ ਲੱਟੂ ਹੋ ਕੇ ਮਤਵਾਲਿਆਂ ਵਾਂਗ ਬਿਹਬਲ ਹੋ ਜਾਣਾ ਤੇ ਉਸ ਦੇ ਮਗਰੇ ਮਗਰ ਖਿਚੀਂਦੇ ਫਿਰਨਾ, ਪਰ ਸੁਭਾਵਕ ਹੀ ਉਸਨੂੰ ਸੁਲਫ਼ੇ ਦਾ ਸੂਟਾ ਲਾਂਦਿਆਂ ਵੇਖ ਪੱਲ ਦੇ ਪੱਲ ਵਿਚ ਮੂੰਹ ਫੇਰ ਲੈਣਾ, ਸ਼ਬਦ ਤੇ ਸੁਰਤਿ ਦੇ ਸੰਜੋਗ ਰਾਹੀਂ ਲਾ-ਇਲਾਜ ਹੋ ਚੁਕੇ ਆਪਣੇ ਪਿਤਾ ਜੀ ਨੂੰ ਮੌਤ ਦੇ ਮੂੰਹੋਂ ਛੁਡਾ ਲੈਣਾ ਤੇ ਆਪਣੇ ਆਪ ਨੂੰ ਵੀ ਬੁਖ਼ਾਰ ਦੇ ਮਾਰੂ ਹਮਲੇ ਤੋਂ ਬਚਾ ਲੈਣਾ ਅਤੇ 'ਸਰਬ ਰੋਗ ਕਾ ਅਉਖਦੁ ਨਾਮੁ'† ਦਾ ਕ੍ਰਿਸ਼ਮਾ ਵਿਖਾ ਕੇ ਅੰਮ੍ਰਿਤ ਛਕਣ ਤੋਂ ਪਹਿਲਾਂ ਹੀ ਗੁਰਬਾਣੀ ਦੀ ਅੰਮ੍ਰਿਤ-ਕਲਾ ਦਾ ਸਬੂਤ ਦੇਣਾ, ਆਦਿ ਕਈ ਇਕ ਅਦਭੁਤ ਗੱਲਾਂ ਹਨ, ਜੋ ਪੂਰਬਲੇ ਕਿਰਤ ਕਰਮਾਂ ਦੀ ਖੇਡ ਹੀ ਜਾਪਦੀਆਂ ਹਨ।

ਅੰਮ੍ਰਿਤ ਛਕਣ ਤੋਂ ਕੋਈ ਸਾਲ ਕੁ ਮਗਰੋਂ ਹੀ ਆਪ ਜੀ ਦਾ ਸੋਲ੍ਹਾਂ ਪਹਿਰ ਇਕੋ ਹੀ ਅਖੰਡ ਚੌਕੜੀ ਤੇ ਅਖੰਡ ਸਮਾਧੀ ਵਿਚ ਅਖੰਡ ਪਾਠ ਸੁਣਨਾ, ਅਗੰਮੀ ਆਵਾਜ਼ਾਂ ਸੁਣਨੀਆਂ, ਅਕਾਲੀ ਜੋਤਿ ਦੇ ਪ੍ਰਕਾਸ਼ਮਈ ਝਲਕਾਰੇ ਝਲਕਣੇ ਅਤੇ 'ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ'‡ ਵਾਲੀ ਅਵਸੱਥਾ ਤਾਰੀ ਹੋ ਜਾਣੀ, ਗੁਰਬਾਣੀ ਦੇ ਨਿਤਨੇਮ ਦਾ ਪਾਠ ਕਰਨਾ ਤੇ ਅਜਿਹੇ ਵੈਰਾਗਮਈ ਵਹਿਣਾਂ ਵਿਚ ਵਹਿ ਜਾਣਾ ਕਿ 'ਮੈ ਨੀਰੁ ਵਹੇ ਵਹਿ ਚਲੈ ਜੀਉ'** ਦੀ ਤੀਬਰਤਾ ਵਾਪਰ ਜਾਣੀ, ਵੈਰਾਗ ਦੇ ਵੇਗਾਂ ਵਿਚ ਅਜਿਹਾ ਲੀਨ ਹੋਣਾ ਕਿ ਕਿਸੇ ਦੂਜੇ ਬੰਨੇ ਅੱਖ ਉਘੜੇ ਹੀ ਨਾ। ਦੁਨਿਆਵੀ ਸਭੇ ਸਿਆਣਪਾਂ ਕੂੜੀਆਂ ਜਾਪਣੀਆਂ। ਇਥੋਂ ਤਕ ਕਿ ਮਾਤਾ ਪਿਤਾ ਦੀਆਂ ਸਮਝਾਉਣੀਆਂ ਵੀ ਬੇ-ਅਸਰ ਹੋ ਜਾਣੀਆਂ ਤੇ ਬਿਰਤੀ ਦੀਆਂ ਤਰਬਾਂ ਅਨਹਦ ਨਾਦ ਦੀ ਨਿਰੰਤਰ ਸ੍ਰੋਤ ਵਿਚ ਗੜੂੰਦ ਰਹਿਣੀਆਂ, ਆਦਿ ਅਲੌਕਿਕ ਖੇਡਾਂ ਵੇਖ ਸੁਣ ਕੇ ਇਹੋ ਕਹਿਣਾ ਪੈਂਦਾ ਹੈ ਕਿ ਉਨ੍ਹਾਂ ਦੀ ਕਿਰਤ ਵਿਰਤ ਵਿਚ ਪ੍ਰਮਾਰਥਕ ਰੁਚੀ ਦਾ ਆਪ-ਮੁਹਾਰਾ ਉਘੜਨਾ, ਪੁੰਗਰਨਾ, ਫਲਣਾ ਫੁਲਣਾ ਤੇ ਉਜਾਗਰ ਹੋਣਾ, ਵਿਰਸੇ ਵਿਚ ਮਿਲੇ ਸੁਭਾਵ ਅਨੁਸਾਰ ਕਿਰਤ ਕਰਮਾਂ ਦੀਆਂ ਕਰੂੰਬਲਾਂ ਦਾ ਹੀ ਉਗਮਣਾ ਕਿਹਾ ਜਾ ਸਕਦਾ ਹੈ।

ਅੰਮ੍ਰਿਤ ਛਕਣ ਤੋਂ ਮਗਰੋਂ ਆਪ ਜੀ ਨੇ ਸਾਰੀ ਜ਼ਿੰਦਗੀ ਨਾਮ-ਸਿਮਰਨ ਵਿਚ ਬਿਤਾਈ, ਕੇਵਲ ਨਾਮ ਦਾ ਬਿਲੋਵਨਾ ਹੀ ਬਿਲੋਇਆ। ਸੰਨ ੧੯੧੫ ਤਕ ਤਾਂ ਗੁਰਮਤਿ ਪਰਚਾਰ ਤੇ ਅੰਮ੍ਰਿਤ ਸਿੰਚਾਰ ਕਰਨ ਦੀ ਨਿਸ਼ਕਾਮ

---

* ਰਾਮਕਲੀ ਮਹਲਾ ੧, ਸਿਧ ਗੋਸਟਿ ਅੰਕ ੨੦, ਪੰਨਾ ੯੪੦ † ਗਉੜੀ ਸੁਖਮਨੀ ਮ: ੫, ॥੫॥੯॥ ਪੰਨਾ ੨੭੪

‡ ਆਸਾ ਮ: ੧ ਘਰੁ ੬, ਪੰਨਾ ੩੫੯ **ਮਾਝ ਮ: ੪, ਪੰਨਾ ੯੪



www.AKJ.Org

ਸੇਵਾ ਹੀ ਨਿਬਾਹੁੰਦੇ ਰਹੇ। ਗੁਰਬਾਣੀ ਦੇ ਪਰਸਾਰ ਤੇ ਪਰਚਾਰ ਲਈ ਲਗਾਤਾਰ ਕਈ ਕਈ ਘੰਟੇ ਕੀਰਤਨ ਕਰਦੇ ਨਾ ਅੱਕਦੇ ਨਾ ਥੱਕਦੇ, ਸਗੋਂ ਵਿਸਮਾਦ ਵਿਚ ਆਏ, ਸਰੀਰ ਵਿਚ ਰਹਿੰਦਿਆਂ ਅਸਰੀਰ ਹੋ ਜਾਂਦੇ ਤੇ ਨਾਮ ਦੇ ਚਲੂਲੇ ਰੰਗਾਂ ਵਿਚ ਰੰਗੀਜ ਇਉਂ ਮਸਤੁਲ-ਮਸਤ ਹੋ ਜਾਂਦੇ, ਜਿਵੇਂ :—

ਹਉ ਆਕਲ ਬਿਕਲ ਭਈ ਗੁਰ ਦੇਖੇ ਹਉ ਲੋਟ ਪੋਟ ਹੋਇ ਪਈਆ ॥੧॥ ਰਹਾਉ॥

[ਬਿਲਾਵਲੁ ਮ: ੪, ਪੰਨਾ ੮੩੬]

ਇਸ ਤੋਂ ਮਗਰੋਂ ਇਲਾਹੀ ਭਾਣਾ ਕੁਝ ਹੋਰ ਦਾ ਹੋਰ ਵਰਤ ਗਿਆ। ੯ ਮਈ ੧੯੧੫ ਨੂੰ, ਜਦੋਂ ਕਿ ਆਪ ਆਪਣੇ ਪਿਤਾ ਜੀ ਦੇ ਦਰਸ਼ਨ-ਮੇਲੇ ਲਈ ਨਾਭੇ ਆਏ ਹੋਏ ਸਨ, ਲਾਹੌਰ ਸਾਜ਼ਸ਼ ਕੇਸ ਵਿਚ ਇਕ ਗਵਾਹ ਦੀ ਗਵਾਹੀ ਦੇ ਅਧਾਰ ਤੇ ਆਪ ਜੀ ਨੂੰ ਨਾਭੇ ਵਿਚ ਨਜ਼ਰਬੰਦ ਕਰ ਦਿਤਾ ਗਿਆ ਤੇ ਮਗਰੋਂ ਲੋਹਟ ਬੱਦੀ ਦੇ ਥਾਣੇ ਦੀ ਹਵਾਲਾਤ ਵਿਚ ਲੈ ਆਏ। ਇਸ ਤੋਂ ਛੇਤੀ ਹੀ ਮਗਰੋਂ ਮਿਤੀ ੧੭ ਜੂਨ ੧੯੧੫ ਨੂੰ ਅੰਗ੍ਰੇਜ਼ੀ ਸਰਕਾਰ ਦੀ ਪੰਜਾਬ ਪੋਲੀਸ ਦੀ ਸਪੁਰਦਗੀ ਵਿਚ ਲੁਧਿਆਣੇ ਰਖਿਆ ਗਿਆ ਤੇ ਆਖਰ ਅੰਗ੍ਰੇਜ਼ੀ ਸਰਕਾਰ ਵਿਰੁਧ ਬਗ਼ਾਵਤ ਕਰਨ ਦੇ ਦੋਸ਼ ਵਿਚ ਉਮਰ-ਕੈਦ ਤੇ ਜਾਇਦਾਦ-ਜ਼ਬਤੀ ਦੀ ਸਜ਼ਾ ਸੁਣਾ ਦਿਤੀ ਗਈ।

(੩) ਸੁਣਾਈ ਗਈ ਉਮਰ-ਕੈਦ ਆਪ ਜੀ ਨੂੰ ਦੇਸ਼ ਦੀਆਂ ਜੇਲ੍ਹਾਂ ਵਿਚ ਹੀ ਭੁਗਤਣੀ ਪਈ। ਵਿਸ਼ੇਸ਼ ਤੌਰ ਤੇ ਇਹ ਜੇਲ੍ਹਾਂ ਸਨ : ਮੁਲਤਾਨ (ਪੰਜਾਬ), ਹਜ਼ਾਰੀ ਬਾਗ਼ (ਬਿਹਾਰ), ਰਾਜ ਮੰਦਰੀ (ਮਦਰਾਸ), ਨਾਗਪੁਰ (ਐਮ. ਪੀ.) ਆਦਿ। ਸਮੁਚ ਤੌਰ ਤੇ ਕੁਲ ਕੈਦ ਜੋ ਉਨ੍ਹਾਂ ਨੇ ਕਟੀ, ਦਾ ਜੋੜ ਬਣਦਾ ਹੈ ੧੪ ਸਾਲ, ਛੇ ਮਹੀਨੇ ਤੇ ਚਾਰ ਦਿਨ।

ਉਪ੍ਰੋਕਤ ਸਾਰੀਆਂ ਜੇਲ੍ਹਾਂ ਵਿਚ ਆਪ ਜੀ ਦੀ ਰਹਿਤ-ਬਿਬੇਕ ਨੂੰ ਕਈ ਤਰ੍ਹਾਂ ਨਾਲ ਲਲਕਾਰਿਆ ਗਿਆ ਤੇ ਆਪ ਜੀ ਨੂੰ ਸਿੱਖੀ ਰਹਿਤ-ਬਹਿਤ ਨੂੰ ਕਾਇਮ ਰਖਣ ਲਈ ਕਈ ਧਰਮ-ਮੋਰਚੇ ਲਾਣੇ ਪਏ। ਇਥੋਂ ਤਕ ਕਿ ਇਨ੍ਹਾਂ ਨੂੰ ਕਈ ਕਈ ਦਿਨ ਭੁਖ-ਤ੍ਰੇਹ ਦੇ ਕੜਾਕੇ ਵੀ ਕਟਣੇ ਪਏ। ਖ਼ਾਸ ਕਰਕੇ ਮੁਲਤਾਨ ਜੇਲ੍ਹ ਵਿਚ ਲਗਾਤਾਰ ਚਾਲ੍ਹੀ ਦਿਨ ਅੰਨ-ਪਾਣੀ ਦਾ ਰੋਸ-ਵਰਤ ਰਖਣਾ ਤਾਂ ਹਰ ਕਿਸੇ ਨੂੰ ਹੈਰਾਨ ਕਰ ਦੇਣ ਵਾਲਾ ਕ੍ਰਿਸ਼ਮਾ ਸੀ। ਭੁੱਖ ਤਾਂ ਭਾਵੇਂ ਕੋਈ ਸਹਾਰ ਸਕਦਾ ਹੋਵੇ, ਲਗਾਤਾਰ ਚਾਲ੍ਹੀ ਦਿਨ ਪਾਣੀ ਨੂੰ ਵੀ ਮੂੰਹ ਨਾ ਲਾਣਾ ਦੁਨੀਆ ਨੂੰ ਚਕ੍ਰਿਤ ਕਰਨ ਵਾਲੀ ਗੱਲ ਹੈ। ਅਜਿਹੀ ਹਾਲਤ ਵਿਚ ਵੀ ਚੜ੍ਹਦੀਆਂ ਕਲਾ ਵਿਚ ਰਹਿਣਾ, ਜਗਤ ਦੇ ਇਤਿਹਾਸ ਵਿਚ ਇਕ ਨਿਰਾਲੀ ਘਟਨਾ ਹੈ, ਤੇ ਨਾਮ-ਸਿਮਰਨ ਦੀ ਹੀ ਅਮਰ ਕਲਾ ਕਹੀ ਜਾ ਸਕਦੀ ਹੈ।

ਕਈ ਕਈ ਦਿਨ ਆਪ ਕੇਵਲ ਫਲ-ਅਹਾਰੀ ਹੀ ਰਹੇ, ਪਰ ਆਪ ਸਿੱਖੀ ਸਿਦਕ ਤੇ ਰਹਿਤ-ਬਿਬੇਕ ਵਿਚ ਪੱਕੇ ਰਹੇ, ਸਿੱਖੀ ਅਣਖ ਨੂੰ ਵੱਟਾ ਨਹੀਂ ਲੱਗਣ ਦਿਤਾ। ਹਰ ਧਰਮ-ਯੁਧ ਦੇ ਮਗਰੋਂ ਜੇਲ੍ਹ ਪ੍ਰਬੰਧਕਾਂ ਨੂੰ ਆਪ ਜੀ ਦੀ ਦ੍ਰਿੜ੍ਹਤਾ ਸਾਹਮਣੇ ਝੁਕਣਾ ਹੀ ਪਿਆ। ਜੇਲ੍ਹ ਅਫਸਰ ਤੇ ਕਰਮਚਾਰੀ ਵੀ ਆਪ ਜੀ ਦੀ ਰਹੁ-ਰੀਤ ਤੇ ਸੱਚੀ-ਸੁੱਚੀ ਰਹਿਣੀ ਬਹਿਣੀ ਤੋਂ ਪ੍ਰਭਾਵਿਤ ਹੋਣੋਂ ਨਾ ਰਹਿ ਸਕੇ, ਸਗੋਂ ਕਈਆਂ ਨੇ ਤਾਂ ਸਿੱਖੀ ਰਹਿਤ-ਬਿਬੇਕ ਨੂੰ ਧਾਰਨ ਵੀ ਕਰ ਲਿਆ।

ਆਖਰ ੪ ਅਕਤੂਬਰ ੧੯੩੦ ਨੂੰ ਆਪ ਜੀ ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚੋਂ ਰਿਹਾ ਕਰ ਦਿੱਤਾ ਗਿਆ। ਲਾਹੌਰ ਸੈਂਟਰਲ ਜੇਲ੍ਹ ਵਿਚ ਹੀ ਆਪ ਸ: ਭਗਤ ਸਿੰਘ ਨੂੰ ਉਸਦੀ ਤੀਬਰ ਇੱਛਾ ਅਨੁਸਾਰ ਮਿਲੇ ਅਤੇ ਉਸਨੂੰ ਉਸਦੀ ਧਾਰਮਿਕ ਕਮਜ਼ੋਰੀ ਦਾ ਅਹਿਸਾਸ ਕਰਾਇਆ। ਉਸ ਨੇ ਭਾਈ ਸਾਹਿਬ ਦੇ ਦਿਤੇ ਉਪਦੇਸ਼ਾਂ ਤੋਂ ਪ੍ਰਭਾਵਿਤ ਹੋ ਕੇ ਮੁੜ ਕੇਸ ਰੱਖ ਲਏ। ਜੇਲ੍ਹ ਵਿਚ ਜੇਕਰ ਅੰਮ੍ਰਿਤ ਸੰਚਾਰ ਕਰਨ ਦਾ ਕੋਈ ਅੌਸਰ ਪ੍ਰਾਪਤ ਹੋ ਸਕਦਾ ਤਾਂ ਸ਼ਾਇਦ ਉਹ ਮੁੜ ਤਿਆਰ-ਬਰ-ਤਿਆਰ ਸਿੰਘ ਸਜ ਜਾਂਦਾ। ਪਰ ਹੁੰਦਾ ਓਹੀ ਹੈ ਜੋ ਗੁਰੂ ਨੂੰ ਭਾਂਦਾ ਹੈ।

ਆਪ ਜੀ ਦੀ ਰਿਹਾਈ ਉਤੇ ਸਾਰੇ ਪੰਥ ਨੇ ਖੁਸ਼ੀਆਂ ਮਨਾਈਆਂ। ਅਕਾਲ ਤਖਤ ਸਾਹਿਬ ਨੇ ਆਪ ਜੀ ਦੀ ਘਾਲਨਾ ਨੂੰ ਪਰਵਾਨਿਆ ਤੇ ਸਨਮਾਨਿਆ ਤੇ ਮਿਤੀ ੧੫ ਸਤੰਬਰ ੧੯੩੧ ਨੂੰ ਸ੍ਰੀ ਅਕਾਲ ਤਖਤ ਸਾਹਿਬ ਜੀ ਵਲੋਂ ਇਕ ਹੁਕਮਨਾਮੇ ਤੇ ਸਿਰੋਪਾਉ ਦੀ ਬਖ਼ਸ਼ਸ਼ ਹੋਈ।


www.AKJ.Org

ਆਪ ਜੀ ਦੀ ਭਰ ਜਵਾਨੀ ਦੇ ੧੫ ਸਾਲ ਜੇਲ੍ਹਾਂ ਵਿਚ ਕਈ ਤਰ੍ਹਾਂ ਦੇ ਦੁਖ ਤੇ ਤਸੀਹੇ ਸਹਿੰਦਿਆਂ ਗੁਜ਼ਰੇ। ਪੂਰੀ ਜ਼ਿੰਦਗੀ ਉਨ੍ਹਾਂ ਨੇ ਪੰਥ ਦੀ ਉਸਾਰੀ ਨਮਿਤ ਗੁਜ਼ਾਰੀ। ਆਖ਼ਰ ੧੬ ਅਪ੍ਰੈਲ ੧੯੬੧ ਨੂੰ ਆਪ ਜੀ ਨੇ ੭੯-ਮਾਡਲ ਟਾਊਨ, ਲੁਧਿਆਣਾ ਵਿਖੇ ਆਪਣੇ ਇਸ ਆਰਜ਼ੀ ਮਿੱਟੀ ਦੇ ਮੜ੍ਹੋਲੇ ਨੂੰ ਸਦਾ ਲਈ ਤਿਆਗ ਦਿਤਾ ਅਤੇ 'ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ'* ਦੇ ਮਹਾਂਵਾਕ ਅਨੁਸਾਰ ਅਕਾਲੀ ਜੋਤਿ ਵਿੱਚ ਸਦਾ ਲਈ ਲੀਨ ਹੋ ਗਏ। ਨਿਰਸੰਦੇਹ ਆਪ ਇਕ ਪੁਰਖ ਪੁਰਖੋਤਮ ਸਨ।

## ਆਪ ਜੀ ਦਾ ਜੀਵਨ-ਦਰਸ਼ਨ

ਆਪ ਜੀ ਏਕੀਸ਼੍ਵਰਵਾਦੀ ਸਨ। 'ਏਕ ਬਿਨਾ ਮਨ ਨੈਕ ਨ ਆਨੈ' ਤਥਾ 'ਏਕ ਬਿਨਾ ਨਹਿ ਏਕ ਪਛਾਨੈ' ਆਪ ਦਾ ਵਿਸ਼ਵਾਸ ਸੀ। ਇਕ ਅਕਾਲ ਪੁਰਖ, ਉਸ ਦੇ ਵਰੋਸਾਏ ਸਤਿਗੁਰ ਨਾਨਕ ਅਥਵਾ ਉਸਦੇ ਦਸਾਂ ਸਰੂਪਾਂ ਤਥਾ ਆਤਮ-ਜੋਤਿ ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ, ਕਿਸੇ ਹੋਰਸ ਤੇ ਉਨ੍ਹਾਂ ਦੀ ਪ੍ਰੇਮ-ਪ੍ਰਤੀਤ ਨਹੀਂ ਸੀ। ਇਕ ਨਿਰੰਕਾਰ ਵਿਚ, ਆਪਾ ਭਾਵ ਨੂੰ ਮਿਟਾ ਕੇ, ਇਕ ਹੋ ਜਾਣਾ ਆਪ ਜੀ ਦਾ ਜੀਵਨ-ਉਦੇਸ਼ ਸੀ।

ਗੁਰਮਤਿ ਬਿਬੇਕ, ਗੁਰਬਾਣੀ ਪਿਆਰ, ਗੁਰਮਤਿ ਨਾਮ ਦਾ ਨਿਰੰਤਰ ਅਭਿਆਸ, ਗੁਰਮਤਿ ਰਹਿਤ ਬਿਬੇਕ ਆਦਿ ਗੁਰਮਤਿ ਸਿਧਾਂਤ ਆਪ ਜੀ ਦੇ ਜੀਵਨ ਦੇ ਵਿਸ਼ੇਸ਼ ਅੰਗ ਸਨ। ਆਪ ਜੀ ਦੇ ਰਚਿਤ ਗੁਰਮਤਿ ਸਾਹਿੱਤ ਵਿਚੋਂ ਉਨ੍ਹਾਂ ਦੇ ਇਹ ਜੀਵਨ-ਅੰਗ ਹਸਤ-ਆਮਲਕ ਵਤ ਆਪ-ਮੁਹਾਰੇ ਉਘੜਵੇਂ ਨਿਖਾਰ ਵਿਚ ਆਉਂਦੇ ਹਨ। ਜਿਹਾ ਕਿ :-

**ਗੁਰਮਤਿ ਬਿਬੇਕ—**

'ਬਿਬੇਕ ਤੇ ਵਿਵੇਕ' ਸਮਾਨਾਰਥੀ ਸ਼ਬਦ ਹਨ ਤੇ ਸਾਧਾਰਨ ਤੌਰ ਤੇ ਇਨ੍ਹਾਂ ਨੂੰ ਵਿਚਾਰ ਦੇ ਅਰਥਾਂ ਅਨੁਸਾਰ ਜਾਣਿਆ ਜਾਂਦਾ ਹੈ। ਗੁਰਮਤਿ ਵਿੱਚ ਇਨ੍ਹਾਂ ਨੂੰ 'ਸਚੁ' ਅਥਵਾ 'ਸਚ ਦਾ ਵਿਚਾਰ' ਦੇ ਅਰਥਾਂ ਵਿੱਚ ਲਿਆ ਜਾਂਦਾ ਹੈ। ਸੱਚਾ ਵਿਚਾਰ ਸਾਧਾਰਨ ਵਿਚਾਰ ਨਹੀਂ ਹੋ ਸਕਦਾ। ਇਹ ਤਾਂ ਉੱਚਾ ਸੁੱਚਾ ਤੇ ਗਹਿਰ ਗੰਭੀਰ ਵਿਚਾਰ ਹੈ। ਇਹ ਵਿਚਾਰ ਨਾ ਤਾਂ ਕੇਵਲ ਧਰਮ ਗ੍ਰੰਥਾਂ ਦੇ ਪੜ੍ਹਨ ਮਾਤ੍ਰ ਨਾਲ ਪਾਇਆ ਜਾ ਸਕਦਾ ਹੈ ਤੇ ਨਾ ਹੀ ਵੇਦਾਂ, ਸਿਮ੍ਰਤੀਆਂ ਆਦਿ ਦੇ ਵਿਚਾਰ ਕਰਨ ਨਾਲ ਹੀ ਪ੍ਰਾਪਤ ਹੁੰਦਾ ਹੈ। ਇਹ ਕੁਝ ਕਰਨ ਨਾਲ ਤਾਂ ਸਗੋਂ ਪੰਜ ਚੋਰ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਹੋਰ ਜ਼ੋਰ ਫੜ ਲੈਂਦੇ ਹਨ ਤੇ ਹਉਮੈ ਵੀ ਅਧਿਕ ਵੱਧ ਜਾਂਦੀ ਹੈ। ਪ੍ਰਭੂ-ਮੇਲ ਦੇ ਰਾਹ ਵਿਚ ਇਹ ਸਗੋਂ ਇਕ ਕਰੜੀ ਰੁਕਾਵਟ ਬਣ ਜਾਂਦੇ ਹਨ। ਪੰਚਮ ਪਾਤਸ਼ਾਹ ਇਸੇ ਲਈ ਪ੍ਰਭੂ ਜੀ ਪਾਸੋਂ ਬਿਬੇਕ ਬੁਧ ਦੀ ਹੀ ਯਾਚਨਾ ਕਰਦੇ ਹਨ :-

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥੧॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ਰਹਾਉ॥੧॥੩॥

[ਸੋਰਠ ਮ: ੫ ਅਸ਼ਟ:, ਪੰਨਾ ੬੪੧]

ਭਾਈ ਸਾਹਿਬ ਲਿਖਦੇ ਹਨ—"ਸੱਚਾ ਵਿਚਾਰੁ ਵਿਵੇਕੁ, ਅਸਲ ਅਤੇ ਨਿਰੋਲ ਵਿਚਾਰ ਵਿਵੇਕ ਗੁਰਬਾਣੀ ਦੀ, ਗੁਰਵਾਕਾਂ ਰੂਪੀ ਪ੍ਰਮਾਣਾਂ ਦੀ ਘਸਵਟੀ ਨਾਲ ਹੀ ਪਰਖਿਆ-ਪਰਤਿਸਟਿਆ ਜਾ ਸਕਦਾ ਹੈ। ਸੋ ਸਚੇ ਗੁਰਮਤਿ ਵਿਚਾਰੁ (ਵਿਵੇਕ) ਦੇ ਅਸਲ ਗੁਰਮਤਿ ਭਾਵ ਨੂੰ ਹੇਠਲਾ ਗੁਰਮਤਿ ਪ੍ਰਮਾਣ ਨਿਤਾਰ ਕੇ ਸਪੱਸ਼ਟ ਕਰਦਾ ਹੈ। ਯਥਾ :

ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ ॥੧॥੯੯॥ (ਪੰਨਾ ੫੨)

ਇਹ ਹੈ ਗੁਰਮਤਿ ਬਿਬੇਕ ਦੀ ਅਸਲ ਤਾਰੀਫ਼ (*Definition*), ਕੇਵਲ ਏਸੇ ਅਤੇ ਏਤਨੇ ਗੁਰਵਾਕ

*ਸੋਰਠਿ ਮ: ੯, ਪੰਨਾ ੬੩੪।



www.AKJ.Org

ਅੰਦਰ ਹੀ ਗੁਰਮਤਿ ਬਿਬੇਕ ਦੀ ਸਮੁੱਚੀ ਵਿਆਖਿਆ ਭਰੀ ਪਈ ਹੈ। ਇਸ ਗੁਰਵਾਕ ਦੇ ਭਾਵ ਅਨੁਸਾਰ ਸਤਿਗੁਰ ਦੇ ਬਚਨਾਂ ਦਾ ਜੋ ਕਮਾਵਣਾ ਹੈ, ਇਹ ਹੀ ਸੱਚਾ ਵੀਚਾਰ (ਵਿਵੇਕ) ਹੈ। ਯਾ ਦੂਜੇ ਅੱਖਰਾਂ ਵਿਚ ਇਉਂ ਕਹੋ ਕਿ ਗੁਰਬਾਣੀ ਰੂਪੀ ਸਤਿਗੁਰ ਬਚਨਾਂ ਦਾ ਕਮਾਵਣਾ ਹੀ ਅਸਲ ਗੁਰਮਤਿ ਬਿਬੇਕ ਹੈ।"

[ਗੁਰਮਤਿ ਬਿਬੇਕ (ਦੂਜੀ ਵਾਰ) ਪੰਨਾ ੧੫]

" 'ਹੁਕਮ ਰਜਾਈ ਚਲਣਾ' ਹੀ ਸੱਚਾ ਗੁਰਮਤਿ ਬਿਬੇਕ ਹੈ।" [ਓਹੀ, ਪੰਨਾ ੧੫

" 'ਸਤਿਗੁਰ ਬਚਨ ਕਮਾਵਣਾ' ਅਤੇ 'ਹੁਕਮਿ ਰਜਾਈ ਚਲਣਾ' ਇਕੋ ਭਾਵ ਰਖਦਾ ਹੈ।" [ਓਹੀ, ਪੰਨਾ ੧੬

"ਹੁਕਮਾਂ ਸਿਰ ਹੁਕਮ ਅਥਵਾ 'ਕਰਮਨ ਸਿਰ ਕਰਮਾ' ਕੀ ਹੈ? ਇਕੋ ਨਾਮ ਹੈ ਜਿਸ ਨੂੰ ਕਿ ਸਿਫਤਿ ਸਲਾਹਨ, ਹਰਿ ਸਿਮਰਨ, ਹਰਿ ਕੀਰਤਨ, ਹਰਿ ਜਸ ਨਾਵਾਂ ਨਾਲ ਗੁਰਮਤਿ (ਗੁਰਬਾਣੀ) ਅੰਦਰ ਸੰਕੇਤ ਕੀਤਾ ਗਿਆ ਹੈ। ਜਦੋਂ ਇਹ ਹੁਕਮ ਅਥਵਾ ਹੁਕਮ ਰੂਪੀ ਨਾਮੁ ਕਮਾਵਣ ਅੰਦਰ ਆਉਂਦਾ ਹੈ ਅਥਵਾ ਕਮਾਇਆ ਜਾਣ ਕਰਕੇ 'ਸਿਰ ਕਰਮਨ ਕੇ ਕਰਮਾ' ਦੀ ਸੰਕੇਤਕ ਪਦਵੀ ਅੰਦਰ ਸੰਕੇਤਿਆ ਜਾਂਦਾ ਹੈ ਤਦੋਂ ਏਸੇ 'ਸਿਫਤਿ ਸਾਲਾਹ' ਰੂਪੀ 'ਸਿਰ ਕਰਮਨ ਕੇ ਕਰਮਾ' ਨੂੰ ਗੁਰਮਤਿ ਬਿਬੇਕ ਰੂਪੀ ਸਾਰ ਕਰਣੀ ਅਰਥਾਤ ਤੱਤ ਸਾਰ ਬਿਬੇਕ ਦੇ ਨਾਮ ਨਾਲ ਪ੍ਰਸੇਧਿਆ, ਪ੍ਰਮਾਣਿਆ ਤੇ ਸਨਮਾਨਿਆ ਜਾਂਦਾ ਹੈ।" [ਓਹੀ, ਪੰਨਾ ੨੦]

**ਬਿਬੇਕੀ ਸਿਖ ਦੀ ਪਛਾਣ–**

ਭਾਈ ਸਾਹਿਬ ਲਿਖਦੇ ਹਨ, "ਅਸਲ ਸਿਖ ਦੀ, ਅਰਥਾਤ, ਸਚਿਆਰ ਸਿਖ ਬਿਬੇਕੀ ਜਨ ਦੀ ਪੂਰਨ ਪਛਾਣ ਇਸ ਗੁਰਵਾਕ ਅੰਦਰ ਹੈ :–

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥ (੬੦੧-੨) [ਓਹੀ, ਪੰਨਾ ੧੧੨

"ਨਾਮ ਦੀ ਕਮਾਈ ਅੰਦਰ ਤਤਪਰ ਹੋਣਾ ਖਸਮ ਦੇ ਭਾਣੇ ਅੰਦਰ ਮਸਤ ਰਹਿਣਾ ਹੈ। ਨਾਮ ਵਿਖੇ ਤ੍ਰਿਪਤਾਸੇ, ਸਹਿਜ ਸੰਤੋਖ ਵਿਚ ਰਹਿਣਾ ਖਸਮ ਦੇ ਭਾਣੇ ਅੰਦਰ ਅਨਦ ਕੇਲ ਕਰਨਾ ਹੈ। ਤਾਂ ਤੇ ਨਾਮ, ਭਾਣੇ ਅਤੇ ਹੁਕਮ ਦੀ ਵਿਵਸਥਾ (ਸੰਭਾਵਨਾ) ਇਕੋ ਹੀ ਹੈ। 'ਏਕੋ ਨਾਮੁ ਹੁਕਮੁ ਹੈ' ਰੂਪੀ ਸਤਿਗੁਰ ਬਚਨ ਨੂੰ ਕਮਾਵਣਾ ਅਤੇ 'ਮਨਿ ਇਕੋ ਸਚਾ ਹੁਕਮੁ ਪਛਾਣੀ'* ਦਾ ਭਾਵ ਇਕਮਿਕ ਹੈ।" [ਓਹੀ, ਪੰਨਾ ੧੧੫]

" 'ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰ' ਦਾ ਧਾਰਖੂ ਹੁਕਮ ਰੂਪੀ ਗੁਰਵਾਕ ਇਹ ਸੂਚਨਾ ਕਰਾਉਂਦਾ ਹੈ ਕਿ ਜਿਤਨੇ ਵੀ ਸਤਿਗੁਰ ਦੇ ਬਚਨ ਰੂਪੀ ਹੁਕਮ ਹਨ ਓਨ੍ਹਾਂ ਸਾਰਿਆਂ ਹੁਕਮਾਂ ਦਾ ਕਮਾਵਣਾ ਭੀ ਗੁਰਮਤਿ ਬਿਬੇਕ ਹੈ।" [ਓਹੀ, ਪੰਨਾ ੧੧੬]

"ਅਸਲ ਬਿਬੇਕੀ ਸਿੰਘ ਸੋਈ ਹੈ ਜੋ ਸਾਰ ਬਿਬੇਕ ਸਿਫਤਿ ਸਾਲਾਹ ਦੀ ਕਮਾਈ ਨੂੰ ਮੁਖ ਰਖ ਕੇ ਇਸਦੇ ਸੰਬੰਧਤ ਸਹਾਈ ਰੂਪ ਧਾਰਨ ਸੰਪੰਨ ਸਮੂਹ ਅਤੇ ਸਮੁਚੇ ਬਿਬੇਕ ਕਰਮਾਂ, ਬਿਬੇਕ ਅਸੂਲਾਂ ਨੂੰ ਹਮਾਤਨ ਹੋ ਕੇ ਕਮਾਉਂਦਾ ਹੈ। ਜੋ ਗੁਰਸਿਖ ਕਿਸੇ ਭੀ ਬਿਬੇਕ ਕਰਮ ਵਲੋਂ ਊਰਾ ਨਹੀਂ ਓਹੀ ਪੂਰਾ ਬਿਬੇਕੀ ਹੈ।"

"ਗੁਰਸਿੱਖੀ ਦੀ ਰਹਿਤ ਰਹਿਣੀ ਦੇ ਅਸੂਲ ਪਰੇ ਤੋਂ ਪਰੇ ਹਨ ਅਤੇ ਏਹਨਾਂ ਸਰਬ ਅਸੂਲਾਂ ਨੂੰ ਕਮਾਉਣਾ ਬਿਬੇਕ ਕਰਨੀ ਅਰਥਾਤ ਗੁਰਮਤਿ ਬਿਬੇਕ ਹੈ।" [ਓਹੀ, ਪੰਨਾ ੩੧੨]

ਉਪ੍ਰੋਕਤ ਪ੍ਰਮਾਣਾਂ ਤੋਂ ਅਸੀਂ ਸਹਿਜੇ ਹੀ ਇਸ ਸਿੱਟੇ ਤੇ ਪੁਜ ਜਾਂਦੇ ਹਾਂ ਕਿ ਭਾਈ ਸਾਹਿਬ ਗੁਰਮਤਿ ਵਿਚ 'ਗੁਰਮਤਿ ਬਿਬੇਕ' ਨੂੰ ਪ੍ਰਿਥਮ ਅਸਥਾਨ ਦੇਂਦੇ ਹਨ। ਸੱਚ ਵੀ ਇਹੋ ਹੈ ਕਿ 'ਸਤਿਗੁਰ ਬਚਨ ਕਮਾਵਣੇ' ਹੀ ਸਿੱਖੀ ਦੀ ਬਿਬੇਕ (ਵਿਚਾਰ) ਹੈ, ਇਹ ਬਿਬੇਕ ਵਿਚਾਰ ਹੀ ਸਿੱਖੀ ਦਾ ਧੂਅ-ਧੁਰਾ ਹੈ।

**ਗੁਰਬਾਣੀ ਪਿਆਰ–**

ਭਾਈ ਸਾਹਿਬ ਦਾ ਵਿਸ਼ਵਾਸ ਹੈ ਕਿ ਇਸ ਕਲੂ ਕਾਲ ਵਿਚ ਗੁਰੂ ਕੇਵਲ ਇਕ ਹੀ ਹੋ ਸਕਦਾ ਹੈ ਤੇ ਓਹ

*ਮਾਝ ਮ: ੫, ॥੩॥੪੨॥ ਪੰਨਾ ੧੦੬

ਕੇਵਲ ਗੁਰੂ ਨਾਨਕ ਹੀ ਹੈ। ਉਸ ਇਕ ਦੀ ਜੋਤਿ ਹੀ ਦਸਾਂ ਸਤਿਗੁਰਾਂ ਵਿਚ ਪ੍ਰਕਾਸ਼ਮਾਨ ਸੀ ਅਤੇ ਗੁਰੂ ਨਾਨਕ ਦੇ ਦਸਵੇਂ ਸਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਸ਼ਬਦ' ਨੂੰ ਹੀ ਗੁਰੂ ਦੀ ਜੋਤਿ ਜਾਣ, ਗੁਰਿਆਈ 'ਸ਼ਬਦ ਗੁਰੂ' ਦੀ ਹੀ ਮੰਨੀ ਹੈ, ਇਸੇ ਲਈ ਸ਼ਬਦ ਦੇ ਰੂਪ ਵਿਚ ਇਸ 'ਧੁਰ ਕੀ ਆਈ ਬਾਣੀ' ਦੇ ਸਮੁਚੇ ਭੰਡਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਸਤਿਗੁਰੂ ਮੰਨਣ ਦੀ ਗੁਰਸਿੱਖਾਂ ਨੂੰ ਆਗਿਆ ਕੀਤੀ ਹੈ। 'ਗੁਰੂ ਮਾਨਿਓ ਗ੍ਰੰਥ' ਹੀ ਸਤਿਗੁਰੂ ਜੀ ਦਾ ਆਦੇਸ਼ ਹੈ।

ਭਾਈ ਸਾਹਿਬ ਜੀ ਦਾ ਦ੍ਰਿੜ੍ਹ ਵਿਸ਼ਵਾਸ ਇਹ ਵੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ, ਧੁਰ ਕੀ ਆਈ ਸੱਚੀ ਬਾਣੀ ਹੈ ਅਤੇ ਗੁਰਮਤਿ ਨਾਮ ਨੂੰ ਪ੍ਰਗਾਸਦੀ ਹੈ।

ਆਪ ਲਿਖਦੇ ਹਨ, "ਗੁਰਬਾਣੀ ਹੀ ਅੰਮ੍ਰਿਤ ਰੂਪ ਹੈ। ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ'।* ਗੁਰਬਾਣੀ ਦੇ ਪਠਨ ਮਾਤਰ (ਪੜ੍ਹਨ ਮਾਤਰ) ਨਾਲ ਹੀ ਅੰਮ੍ਰਿਤ ਕਲਾ ਵਰਤ ਜਾਂਦੀ ਹੈ। ਨਿਸਦਿਨ ਗੁਰਬਾਣੀ ਦਾ ਅਖੰਡ ਪਾਠ ਕਰੀ ਜਾਣਾ ਤਾਂ ਅਗਾਧ ਅੰਮ੍ਰਿਤ ਕਲਾ ਵਰਤਾਉਂਦਾ ਹੈ। ਜਿਨ੍ਹਾਂ ਗੁਰਬਾਣੀ ਦੇ ਪਾਠ ਦੀ ਅਖੰਡ ਕਮਾਈ ਕੀਤੀ ਹੈ ਤਿਨ੍ਹਾਂ ਨੇ ਗਟਾਕ ਰੱਜ, ਅੰਮ੍ਰਿਤ ਦਾ ਰਸ ਪੀਤਾ ਹੈ, ਅਤੇ ਜਿਉਂ ਜਿਉਂ ਗੁਰਬਾਣੀ ਦੀ ਅਖੰਡ ਪਾਰਸ-ਕਲਾ ਵਰਤਦੀ ਹੈ, ਤਿਉਂ ਤਿਉਂ ਨਾਮ ਦਾ ਖੰਡਾ, ਅਭਿਆਸੀ ਖੰਡਾ ਅਭਿਆਸੀ ਜਨਾਂ ਦੇ ਘਟ ਅੰਤਰ ਹੋਰ ਭੀ ਜ਼ੋਰੋ ਜ਼ੋਰ ਆਪਣੇ ਆਪ ਖੜਕਦਾ ਹੈ, ਯਥਾ ਗੁਰਵਾਕ, 'ਗੁਰਮੁਖਿ ਬਾਣੀ ਨਾਦੁ ਵਜਾਵੈ।'† ਨਾਮ ਅੰਮ੍ਰਿਤ ਦੇ ਖੜਗੋਲੀਆਂ ਨੂੰ ਗੁਰਬਾਣੀ ਹੋਰ ਵੀ ਅਤਿ ਮਿਠੀ ਤੇ ਪਿਆਰੀ ਲਗਦੀ ਹੈ। ਨਾਮ ਦੇ ਰਸਿਕ ਬੈਰਾਗੀਆਂ ਨੂੰ ਅੰਮ੍ਰਿਤ ਬਾਣੀ ਦਾ ਅੰਮ੍ਰਿਤ ਰਸ ਹੋਰ ਵਧੀਕ ਆਉਂਦਾ ਹੈ।"

[ਗੁਰਮਤਿ ਲੇਖ, ਤੀਜੀ ਵਾਰ, ਪੰਨਾ ੨੧]

ਗੁਰਬਾਣੀ ਦਾ ਕੀਰਤਨ ਆਪ ਜੀ ਦੀ ਜੀਵਨ-ਲੋਅ ਸੀ ਤੇ ਨਾਮ ਅਭਿਆਸ ਲਈ ਸੱਚੀ ਤੇ ਸੁੱਚੀ ਪ੍ਰੇਰਕ ਸੀ। ਆਪ ਲਿਖਦੇ ਹਨ :-

"ਗੁਰਬਾਣੀ ਦੀ ਭੈ ਭਾਵਨੀ ਅਤੇ ਸਤਿ ਸਤਿ ਕਰ ਮੰਨਣ ਵਾਲੀ ਗੁਰਮੁਖਤਾਈ ਗੁਰਸ਼ਬਦ ਨਾਮ ਨੂੰ ਗੁਰਮੰਤ੍ਰ ਪਾਰਸ ਰੂਪੀ ਸਰੂਪ ਵਿਚ ਦ੍ਰਿੜ੍ਹਾਉਂਦੀ ਅਤੇ ਲਖਾਉਂਦੀ ਹੈ ਅਤੇ **ਇਸ ਬਾਣੀ ਤੋਂ ਹੀ ਨਾਮ ਪਾਈਦਾ ਹੈ**। 'ਗੁਰਸੇਵਾ ਤੇ ਕਰਣੀ ਸਾਰ॥ ਰਾਮ ਨਾਮੁ ਰਾਖਹੁ ਉਰਿਧਾਰ॥ ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ।'‡ 'ਇਸੁ ਬਾਣੀ ਤੇ ਹਰਿ ਨਾਮੁ ਪਾਇਦਾ' ਵਾਲੇ ਗੁਰ ਪ੍ਰਮਾਣ ਨੇ ਤਾਂ ਸਪੱਸ਼ਟ ਤੌਰ ਤੇ ਹੀ ਗੁਰਬਾਣੀ ਅਤੇ ਨਾਮ ਦੀ ਭਿੰਨ ਭਿੰਨ ਵਿਲੱਖਣਤਾ ਨਿਰਣੇ ਕਰ ਦਿਤੀ ਹੈ। ਹੁਣ ਇਸ ਵਿਚ ਕੋਈ ਸੰਦੇਹ ਨਹੀਂ ਰਹਿ ਗਿਆ ਕਿ ਗੁਰਬਾਣੀ ਅਤੇ ਨਾਮ ਦੋ ਭਿੰਨ ਭਿੰਨ ਸਰੂਪ ਹਨ।" [ਓਹੀ ਪੰਨਾ ੨੭-੨੮]

"ਹਰਿ ਕੀਰਤਨ ਇਕ ਰੱਬੀ ਦਾਤਿ ਹੈ, ਜੋ ਧੁਰ ਕਰਤਾਰ ਦੇ ਦਰਬਾਰੋਂ ਕਲਜੁਗੀ ਜੀਵਾਂ ਦੇ ਉਧਾਰ ਲਈ ਸਤਿਗੁਰ ਨਾਨਕ ਸਾਹਿਬ ਜੀ ਦੁਆਰਾ ਇਸ ਸੰਸਾਰ ਵਿਚ ਆਣ ਕੇ ਪ੍ਰਵੇਸ਼ ਹੋਈ। ਸਤਿਗੁਰ ਨਾਨਕ ਦੇਵ ਜੀ ਮਹਾਰਾਜ ਸੱਚੇ ਪਾਤਸ਼ਾਹ ਦੁਆਰਾ ਧੁਰੋਂ ਆਈ ਸੱਚੀ ਦਾਤਿ ਗੁਰਬਾਣੀ ਅਰਥਾਤ ਧੁਰ ਦੀ ਬਾਣੀ ਹੈ। ਤਾਂ ਤੇ ਕੇਵਲ ਗੁਰਬਾਣੀ ਨੂੰ ਗਾਵਣਾ ਹੀ ਹਰਿ ਕੀਰਤਨ ਹੈ। ਗੁਰੂ ਸਾਹਿਬਾਨ ਦੁਆਰਾ ਧੁਰੋਂ ਅਵਤਰੀ ਬਾਣੀ ਅਮੋਘ ਬਾਣ ਮਈ ਅੰਮ੍ਰਿਤ ਬਾਣੀ ਹੈ, ਜਿਸਦੇ ਗਾਵਣ ਸੁਣਨ ਕਰਿ ਹੀ ਗਾਵਣ ਸੁਣਨਹਾਰੇ ਪ੍ਰੇਮੀ ਜਨਾਂ ਦੀਆਂ ਬਿਰਤੀਆਂ ਉਪਰ ਪਾਰਸ-ਕਲਾ ਵਰਤ ਜਾਂਦੀ ਹੈ। ਤਾਂ ਤੇ ਗੁਰਬਾਣੀ ਕੀਰਤਨ ਹੀ ਅਸਲ ਕੀਰਤਨ ਹੈ। ਯਥਾ ਗੁਰਵਾਕ :-

ਪਾਰਬ੍ਰਹਮ ਹੋਆ ਸਹਾਈ ਕਥਾ ਕੀਰਤਨੁ ਸੁਖਦਾਈ॥
ਗੁਰ ਪੂਰੇ ਕੀ ਬਾਣੀ ਜਪਿ ਅਨਦੁ ਕਰਹੁ ਨਿਤ ਪ੍ਰਾਣੀ॥੧॥੨੭॥ (੬੧੬) [ਓਹੀ, ਪੰਨਾ ੮੭

ਆਪ ਇਹ ਜ਼ਾਤੀ ਤੌਰ ਤੇ ਆਜ਼ਮਾ ਕੇ ਵੇਖ ਚੁਕੇ ਹਨ ਕਿ ਚਰਨ-ਕੰਵਲਾਂ ਸੰਗ ਬਿਸਮ-ਬਿਨੋਦੀ ਚਲੂਲੜਾ

---

* ਨਟ ਮ: ੪, ॥੫॥੪॥ ਪੰਨਾ ੯੮੨ † ਮਾਰੂ ਮ: ੩, ॥੨॥੧੫॥ ਪੰਨਾ ੧੦੫੮
‡ ਮਾਰੂ ਮ: ੩, ॥੩॥੨੨॥ ਪੰਨਾ ੧੦੬੬



www.AKJ.Org

ਆਤਮ ਰੰਗ ਮਾਣਨ ਵਾਲੇ ਪਾਵਨ ਗੁਰਮੁਖਿ 'ਚਰਨ ਕੰਵਲ ਰੰਗ ਪਾਗੇ', ਅਹਿਨਿਸ ਜਾਗਦੇ ਹੀ ਰਹਿੰਦੇ ਹਨ ਅਤੇ ਹਰਿ-ਜਸੁ, ਹਰਿ ਕੀਰਤਨ ਦੇ ਸੱਚੇ ਸੁੱਚੇ ਆਹਰ ਵਿਚ ਲਗੇ ਰਹਿੰਦੇ ਹਨ। ਉਨ੍ਹਾਂ ਦੇ ਪ੍ਰੇਮ-ਰੰਗ-ਰਤੜੇ ਮਨਾਂ ਵਿਚ ਹਰ ਖਿਨ ਕੀਰਤਨ ਤਰੰਗਾਂ ਦੇ ਉਮਾਹ ਹੀ ਉਮਲਦੇ ਰਹਿੰਦੇ ਹਨ। ਪ੍ਰੇਮ-ਰੱਸ-ਭਿੰਨੇ ਅਜਿਹੇ ਗੁਰਮੁਖ ਕੀਰਤਨ ਕਰਦੇ ਸੁਣਦੇ ਰੱਜਦੇ ਨਹੀਂ। ਆਪ ਫੁਰਮਾਂਦੇ ਹਨ—ਅਜਿਹੇ ਗੁਰੂ ਪਿਆਰੇ :—

"ਜਿਉਂ ਜਿਉਂ ਕੀਰਤਨ ਕਰਦੇ ਹਨ ਤਿਉਂ ਤਿਉਂ ਚਰਨ ਕੰਵਲਾਂ ਦੇ ਹੋਰ ਚਲੂਲੇ ਰੰਗ ਚੜ੍ਹਦੇ ਹਨ ਅਤੇ ਦਰਸ਼ਨ ਝਲਕਾਂ ਦੇ ਬਿਨੋਦ-ਬਿਸਮਨੀ ਝਲਕੇ ਵਜਦੇ ਹਨ। ਇਸ ਅਨੂਪਮੀ ਅਨੂਠੜੇ ਅਧਾਰ ਉਤੇ ਹੀ ਉਹ ਸਾਰੀ ਸਾਰੀ ਰਾਤ ਤੇ ਸਾਰਾ ਸਾਰਾ ਦਿਨ ਭੀ ਜੇ ਕੀਰਤਨ ਕਰਦੇ ਰਹਿਣ ਤਾਂ ਥਕਦੇ ਅਕਦੇ ਨਹੀਂ। ਥਕੇਵਾਂ ਅਕੇਵਾਂ ਭਲਾ ਓਥੇ ਕਿਥੇ, ਜਿਥੇ ਚਰਨ ਕੰਵਲਾਂ ਦੀ ਮਉਜ ਦੇ ਚਲੂਲੇ ਰੰਗ ਚੜ੍ਹੇ ਹੋਣ? ਇਸ ਪ੍ਰਥਾਇ ਇਹ ਗੁਰਵਾਕ ਭਲਾ ਘਟਦਾ ਹੈ :—

ਚਰਨ ਕਮਲ ਗੋਬਿੰਦ ਰੰਗੁ ਲਾਗਾ ॥
ਸੰਤ ਪ੍ਰਸਾਦਿ ਭਏ ਮਨ ਨਿਰਮਲ ਹਰਿ ਕੀਰਤਨ ਮਹਿ ਅਨਦਿਨੁ ਜਾਗਾ ॥੧॥ ਰਹਾਉ॥
(ਪੰਨਾ ੩੪੩)"

[ਚਰਨ ਕੰਵਲ ਕੀ ਮਉਜ, ਵਾਰ ਸਤਵੀਂ, ਪੰਨਾ ੩੨]

ਉਪ੍ਰੋਕਤ ਪ੍ਰਮਾਣਾਂ ਤੋਂ ਸਾਨੂੰ ਇਹ ਸਿੱਟਾ ਕੱਢਣ ਵਿਚ ਕੋਈ ਝਿਜਕ ਨਹੀਂ ਕਿ ਗੁਰਬਾਣੀ-ਕੀਰਤਨ ਆਪ ਜੀ ਦਾ ਜੀਵਨ-ਆਧਾਰ ਸੀ, ਜੀਵਨ-ਲੋਅ ਸੀ, ਜਿਸ ਤੋਂ ਬਿਨਾ 'ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ'* ਵਾਲੀ ਗੱਲ ਵਾਪਰ ਜਾਂਦੀ ਸੀ। ਆਪ ਜੀ ਦਾ ਕੀਰਤਨ ਨਾਲ ਅਟੁਟ ਪਿਆਰ ਸੀ।

## ਗੁਰਬਾਣੀ ਦੀ ਅਕੱਥ ਕਥਾ—

ਆਪ ਦੇ ਖ਼ਿਆਲ ਵਿਚ ਧੁਰ ਕੀ ਆਈ ਬਾਣੀ ਦਾ ਪ੍ਰੇਮ ਪਾਠ ਕਰੀ ਜਾਣਾ ਹੀ ਗੁਰਬਾਣੀ ਦੀ ਅਕੱਥ ਕਥਾ ਹੈ। ਅਜਿਹੀ ਕਥਾ ਗੁਰਬਾਣੀ ਨੂੰ ਜੱਪ ਜੱਪ ਜੀਵਣਾ ਤੇ ਥੀਵੇ ਥੀਵਣਾ ਹੈ। ਇਹ ਅਕੱਥ ਕਥਾ ਕਥਨੀ ਬਦਨੀ ਵਿਚ ਨਹੀਂ ਆ ਸਕਦੀ। ਆਪ ਫੁਰਮਾਉਂਦੇ ਹਨ :—

"ਧੁਰੋਂ ਆਈ ਬਾਣੀ, ਗੁਰਬਾਣੀ ਦੀ ਅਕੱਥ ਕਥਾ ਹੈ। ਜੋ ਗੁਰੂ ਨਾਨਕ ਸਾਹਿਬ ਦੇ ਘਰ ਦੇ ਤੱਤ ਗਿਆਨੀ ਹਨ, ਖ਼ਾਸ ਗੁਰਮਤਿ ਗਿਆਨੀ ਹਨ, ਓਹ ਇਸ ਅੰਮ੍ਰਿਤ ਰੂਪ ਗੁਰਬਾਣੀ ਨੂੰ ਜਪ ਜਪ ਕੇ ਹੀ ਜੀਂਵਦੇ ਹਨ। ਗੁਰਬਾਣੀ ਨੂੰ ਜਪਣਾ, ਜਪੀ ਜਾਵਣਾ, ਇਸ ਜੀਵਨ-ਅਧਾਰ ਅੰਮ੍ਰਿਤ ਬਾਣੀ ਦਾ ਪਾਠ ਕਰਨਾ ਅਤੇ ਪ੍ਰੇਮ ਪਾਠ ਕਰੀ ਜਾਵਣਾ ਹੀ ਗੁਰਬਾਣੀ ਦੀ ਅਕੱਥ ਕਥਾ ਹੈ। ਅਕਥ ਕਥਾ ਸੋ, ਜੋ ਕਥਨੀ ਬਦਨੀ ਵਿਚ ਨਾ ਆ ਸਕੇ, ਕੇਵਲ ਜਪੀ ਪਾਠੀ ਹੀ ਪਰਵਾਨ ਹੋਵੇ। ਅੰਮ੍ਰਿਤ ਰੂਪ ਗੁਰਬਾਣੀ ਦਾ ਜਪਣਾ ਹੀ ਪਾਰਸ-ਕਲਾ ਸੰਪੰਨ ਹੈ।"

[ਚਰਨ ਕਮਲ ਕੀ ਮਉਜ, ਸਤਵੀਂ ਵਾਰ, ਪੰਨਾ ੬੩]

## ਗੁਰਮਤਿ ਨਾਮ ਦਾ ਅਭਿਆਸ—

ਇਸ ਹੈਡਿੰਗ ਹੇਠ ਲਿਖੇ ਲੇਖਕ ਵਲੋਂ ਭਾਈ ਸਾਹਿਬ ਜੀ ਦੇ ਵੀਚਾਰ ਆਉਂਦੇ 'ਸੂਰਾ' ਪੱਤਰ ਵਿਚ ਦਿਤੇ ਜਾਣਗੇ।

ਭਾਈ ਸਾਹਿਬ ਜੀ ਦੇ, ਆਪਣੀਆਂ ਰਚਨਾਵਾਂ ਵਿਚੋਂ ਦਿਤੇ ਉਪ੍ਰੋਕਤ ਪ੍ਰਮਾਣ ਆਪ ਜੀ ਦੇ ਜੀਵਨ-ਸਿਧਾਂਤਾਂ ਤੇ ਗੁਰਮਤਿ ਬਿਬੇਕ ਸੰਬੰਧੀ ਕੋਈ ਸੰਦੇਹ ਨਹੀਂ ਰਹਿਣ ਦੇਂਦੇ। ਸਾਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਭਾਈ ਸਾਹਿਬ ਆਪ ਜਪਣ ਤੇ ਦੂਜਿਆਂ ਨੂੰ ਨਾਮ ਜਪਾਉਣ ਵਾਲੇ ਇਕ ਆਦਰਸ਼ਕ ਗੁਰਸਿਖ ਸਨ। ਅਸੀਂ ਨਿਝੱਕ ਹੋ ਕੇ ਆਪ ਜੀ ਨੂੰ ਇਸ ਆਧੁਨਿਕ ਕਾਲ ਦੇ ਪੁਰਖ ਪੁਰਖੋਤਮ ਕਹਿ ਸਕਦੇ ਹਾਂ।

*ਜੈਤਸਰੀ ਦੀ ਵਾਰ, ਪਉੜੀ ੧੨, ਪੰਨਾ ੭੦੮



www.AKJ.Org

# ਭਾ: ਸਾ: ਭਾ: ਰਣਧੀਰ ਸਿੰਘ ਜੀ

[ਗਿਆਨੀ ਜਸਵੰਤ ਸਿੰਘ ਜੀ ਬੀ.ਏ. ਬੀ.ਟੀ. ਅੰਮ੍ਰਿਤਸਰ]

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸਖ਼ਸੀਅਤ ਮਹਾਨ ਗੌਰਵ-ਮਈ, ਗਹਿਰ-ਗੰਭੀਰ, ਦੀਨ-ਦੁਨੀਆ ਦੇ ਗੁਣਾਂ ਨਾਲ ਭਰਪੂਰ, ਵਰਤਮਾਨ ਸਮੇਂ ਦੀ ਅਦੁੱਤੀ, ਅਨੁਭਵੀ, ਅਸਚਰਜ ਅਤੇ ਇਨਕਲਾਬੀ ਸ਼ਖ਼ਸੀਅਤ ਸੀ। ਐਸਾ ਇਨਸਾਨ ਭਾਈ ਗੁਰਦਾਸ ਜੀ ਦੇ ਸ਼ਬਦਾਂ ਅਨੁਸਾਰ ਸੰਸਾਰ 'ਤੇ ਕਰਤਾਰ ਦੀ ਕਿਰਪਾ ਨਾਲ ਕਦੇ ਕਦਾਈਂ ਹੀ 'ਗੁਰਮੁਖਿ ਪਰਉਪਕਾਰੀ ਵਿਰਲਾ ਆਇਆ'* ਹੈ ਅਤੇ ਇਹ ਗੁਰਮੁਖਿ ਸੇਵਾ, ਸਿਮਰਨ-ਸਿੱਖੀ ਦਾ ਰਾਹ ਤੇ ਚਲਦਾ ਚਲਾਂਦਾ 'ਮਜਲਸ ਕਰਿ ਹੈਰਾਣੁ ਉਠਿ ਸਿਧਾਇਆ।'† ਓਸ ਗੁਰਮੁਖਿ ਪਿਆਰੇ ਨੇ ਕੇਵਲ ਆਪਣੇ ਸਮਕਾਲੀ ਹਾਲਾਤ ਨੂੰ ਹੀ ਪ੍ਰਭਾਵਤ ਨਹੀਂ ਕੀਤਾ, ਸਗੋਂ ਅੱਜ ਦੇ ਅਨੇਕਾਂ ਖਰੇ ਖਿਆਲਾਤ ਵਾਲੇ ਸਾਧਾਰਨ ਤੇ ਅਣਖੀ ਜੋਧਿਆਂ ਉਤੇ ਉਹ ਆਪਣੀ ਲੇਖਣੀ ਤੇ ਜੀਵਨੀ ਰਾਹੀਂ ਅਸਰ-ਅੰਦਾਜ਼ ਹੋ ਰਿਹਾ ਹੈ। ਇਥੇ ਹੀ ਬਸ ਨਹੀਂ, ਉਹ ਗੁਰਮੁਖਿ ਪਿਆਰਾ, ਆਉਣ ਵਾਲੀਆਂ ਨਸਲਾਂ ਨੂੰ ਸਦੀਵ ਕਾਲ ਲਈ ਚਾਨਣ-ਮੁਨਾਰਾ ਬਣ ਕੇ ਪ੍ਰੇਰਤ ਅਤੇ ਉਤਸ਼ਾਹਤ ਕਰਦਾ ਰਹੇਗਾ।

ਆਪ ਦਾ ਜਨਮ, ੭ ਜੁਲਾਈ ੧੮੭੮ ਈ: ਐਤਵਾਰ ਨੂੰ ਮਾਲਵੇ ਦੇ ਪਿੰਡ ਨਾਰੰਗਵਾਲ ਵਿਚ ਹੋਇਆ। ਮਾਤਾ-ਪਿਤਾ ਧਰਮੀ, ਪ੍ਰਾਕਰਮੀ ਅਤੇ ਉਦਮੀ ਜੀਵਨ ਵਾਲੇ ਸਨ। ਸਕੂਲੀ ਸ੍ਰਿਖਿਆ ਦੇ ਦੌਰਾਨ ਸਿੱਖੀ ਦੀ ਲਾਗ ਅਤੇ ਗੁਰਬਾਣੀ ਦੀ ਜਾਗ ਭਾਵੇਂ ਨਾ ਲੱਗ ਸਕੀ, ਪਰ ਹਿਰਦਾ ਆਪ ਦਾ ਸੰਵੇਦਨ-ਸ਼ੀਲ, ਦ੍ਰਵੀ-ਭੂਤ ਹੋਣ ਵਾਲਾ ਅਤੇ ਹੋਰ ਦੈਵੀ ਗੁਣਾਂ: ਦਯਾ, ਖਿਮਾ, ਹਮਦਰਦੀ ਅਤੇ ਸਰਬੱਤ ਦੇ ਸਾਂਝੇ ਹਿਤ ਨਾਲ ਭਰਪੂਰ ਸੀ। ਕਾਲਜ ਦੀ ਪੜ੍ਹਾਈ ਲਈ ਆਪ ਨੂੰ ਲਾਹੌਰ ਭੇਜਿਆ ਗਿਆ। ਆਪ ਬੜੇ ਬਾ-ਅਦਬ ਤੇ ਆਗਿਆਕਾਰੀ ਬੇਟੇ ਸਨ। ਪਿਤਾ ਜੀ ਨੇ ਲਿਖਿਆ ਕਿ ਜੇ ਤੈਂ ਸਫਲ ਹੋਣਾ ਹੈ ਤਾਂ ਸਵੇਰੇ ਜਪੁਜੀ ਸਾਹਿਬ ਤੇ ਸ਼ਾਮ ਨੂੰ ਰਹਿਰਾਸ ਸਾਹਿਬ ਦਾ ਪਾਠ ਜ਼ਰੂਰ ਕਰਿਆ ਕਰ। ਪਿਤਾ ਦੇ ਇਸ ਪੱਤਰ ਨੇ ਪੁੱਤਰ ਨੂੰ ਬਾਣੀ ਰਾਹੀਂ ਐਸਾ ਵੈਰਾਗ ਪਿਆਰ ਉਪਜਾਇਆ ਕਿ ਅਵਰ ਸਭ ਤਿਆਗ ਬਾਣੀ ਦੇ ਹੀ ਆਸ਼ਕ ਹੋ ਗਏ। ਏਸੇ ਦੌਰਾਨ ਇਕੇਰਾਂ ਇਕ ਕਰਾਮਾਤੀ ਸਾਧੂ ਨਾਲ ਆਪ ਦਾ ਮੇਲ ਹੋ ਗਿਆ। ਆਪ ਉਸ ਨੂੰ ਪੁਜਾ ਹੋਇਆ ਫ਼ਕੀਰ ਸਮਝ ਕੇ ਉਸ ਉਤੇ ਲੱਟੂ ਹੋ ਗਏ, ਉਸਦੇ ਮਗਰ ਮਗਰ ਘੁੰਮਦੇ ਰਹੇ, ਪ੍ਰੰਤੂ ਜਦੋਂ ਉਸ ਨੂੰ ਤੰਬਾਕੂ ਦੀ ਚਿਲਮ ਦੇ ਸੂਟੇ ਲਾਂਦਿਆਂ ਵੇਖਿਆ ਤਾਂ ਯਕ-ਦਮ ਹੀ ਉਸ ਦੀਆਂ ਕਰਾਮਾਤਾਂ ਤੇ ਖਿਚਾਂ ਦੇ ਬਾਵਜੂਦ ਉਸ ਵਲੋਂ ਮੂੰਹ ਮੋੜ ਲਿਆ। ਹੁਣ ਭਾਈ ਸਾਹਿਬ ਦਾ ਪਿਆਰ ਜਪੁਜੀ ਤੇ ਰਹਿਰਾਸ ਸਾਹਿਬ ਦੀ ਬਾਣੀ ਤਕ ਹੀ ਸੀਮਿਤ ਨਹੀਂ ਸੀ ਰਿਹਾ, ਹੋਰ ਬਾਣੀ ਵੀ ਖ਼ਾਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਅਤੇ ਭਗਤ ਬਾਣੀ ਦਾ ਪਾਠ ਵੀ ਜਾਰੀ ਰਖਦੇ ਸਨ। ਜਿਸ ਦਿਨ ਫਕੀਰ ਦਾ ਤਿਆਗ ਕੀਤਾ ਸੀ, ਅਗਲੇ ਦਿਨ ਜਦੋਂ ਸਵੇਰ ਨੂੰ ਭਾਈ ਤਾਰੂ ਸਿੰਘ ਜੀ ਸ਼ਹੀਦ ਦੇ ਅਸਥਾਨ ਦੇ ਅੰਦਰ ਜਾਣ ਲੱਗੇ ਤਾਂ ਇਕ ਬਿਰਧ-ਬਾਬੇ ਨੇ ਇਉਂ ਅਸੀਸ ਦਿਤੀ ਤੇ ਹਿਦਾਇਤ ਕੀਤੀ—

> "ਜਾਹ। ਤੇਰੇ ਉਤੇ ਗੁਰੂ ਕੀਆਂ ਖੁਸ਼ੀਆਂ ਹਨ।.... ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰ। ਇਹੀ ਸੱਚੇ ਗੁਰੂ ਕਲਜੁਗ ਦੇ ਹਨ।....ਨਿਤ ਉਠ ਪਹਿਲਾਂ ਇਨ੍ਹਾਂ ਦਾ ਹੀ ਦਰਸ਼ਨ-ਪਾਠ ਕੀਤਾ ਕਰ।"

ਇਨ੍ਹਾਂ ਬਚਨਾਂ ਉਪ੍ਰੰਤ ਉਸ ਗੁਪਤ ਹੋ ਗਏ ਬਜ਼ੁਰਗ ਦੇ ਬਚਨ ਭਾਈ ਸਾਹਿਬ ਨੇ ਪੱਲੇ ਬੰਨ੍ਹ ਲਏ। ਉਸ ਦਿਨ ਤੋਂ ਰੋਜ਼-ਬ-ਰੋਜ਼ ਨੇਮ ਤੇ ਪ੍ਰੇਮ ਨਾਲ ਗੁਰੂ ਜੀ ਦੇ ਦਰਸ਼ਨ ਪਰਸਨ ਅਰੰਭ ਦਿਤੇ। ਭਾਵੇਂ ਪਰਮਾਰਥ ਦੀ ਲਾਗ ਲੱਗ ਗਈ ਸੀ, ਪਰ ਪੜ੍ਹਾਈ ਤੇ ਪ੍ਰੀਖਿਆ ਵਲੋਂ ਵੀ ਅਵੇਸਲੇ ਨਹੀਂ ਹੋਏ। ੧੯੦੦ ਈ: ਵਿਚ ਬੀ.ਏ. ਪਾਸ ਕਰ ਲਈ। ਉਪ੍ਰੰਤ ਆਪਣੇ ਘਰ ਆ ਗਏ। ਇਨ੍ਹਾਂ ਦਿਨਾਂ ਵਿਚ ਇਨ੍ਹਾਂ ਦੇ ਪਿਤਾ ਜੀ ਸਖ਼ਤ ਬੀਮਾਰ ਹੋ ਗਏ।

---

* ਭਾਈ ਗੁਰਦਾਸ ਜੀ; ਵਾਰ ੧੯, ਪਉੜੀ ੧੨ † ਭਾਈ ਗੁਰਦਾਸ ਜੀ, ਵਾਰ ੧੯, ਪਉੜੀ ੩



www.AKJ.Org

ਲੁਧਿਆਣੇ ਇਕ ਹਸਪਤਾਲ ਵਿਚ ਦਾਖ਼ਲ ਹੋਏ । ਹਾਲਤ, ਚਲਦੇ ਦਵਾ-ਦਾਰੂ ਦੇ ਬਾਵਜੂਦ ਬਹੁਤ ਬਿਗੜ ਗਈ। ਉਨ੍ਹਾਂ ਦੇ ਪਿਤਾ ਮਰਨ-ਕੰਢੇ ਪੁਜ ਗਏ । ਸੇਵਾ ਲਈ ਕੋਈ ਸੱਜਣ ਸੰਬੰਧੀ ਉਥੇ ਨਹੀਂ ਸੀ ਰਿਹਾ । ਭਾਈ ਸਾਹਿਬ ਜੀ ਨੂੰ ਗੁਰਬਾਣੀ ਦੀ ਸ਼ਫ਼ਾ-ਬਖ਼ਸ਼ ਤਾਕਤ ਤੇ ਵਿਸ਼ਵਾਸ ਉਪਜ ਆਇਆ । ਸ੍ਰੀ ਜਪੁਜੀ ਸਾਹਿਬ ਦੇ ਪਾਠ, ਮਨ ਹੀ ਮਨ ਵਿਚ ਅਰੰਭ ਦਿਤੇ । ਕੁਝ ਪਾਠਾਂ ਦੇ ਉਪ੍ਰੰਤ ਸੁਰਤੀ ਮੰਨੇ ਦੀ ਪਹਿਲੀ ਪਉੜੀ ਵਿਚ ਅਟੱਕ ਗਈ। ਪਾਠ ਅਗਾਂਹ ਤੁਰੇ ਹੀ ਨਾ । ਇਸ ਪਾਠ ਦੀ ਕਰਾਮਾਤ ਇਹ ਵਾਪਰੀ ਕਿ ਭਾਈ ਸਾਹਿਬ ਖ਼ੁਦ, ਜੋ ਉਸ ਵੇਲੇ ਬੁਖ਼ਾਰ ਨਾਲ ਨਿਢਾਲ ਸਨ, ਅਤੇ ਉਨ੍ਹਾਂ ਦੇ ਪਿਤਾ ਜੋ ਬਿਸਤਰੇ ਮਰਗ ਤੇ ਸਨ, ਅਰੋਗ ਤੇ ਨੌ-ਬਰ-ਨੌ ਹੋ ਗਏ। ਆਪ ਦਾ ਸਿਦਕ ਤੇ ਵਿਸ਼ਵਾਸ ਹੋਰ ਦ੍ਰਿੜ੍ਹ ਹੋ ਗਿਆ ।

੧੯੦੨ ਵਿਚ, ਪੰਜਾਬ ਵਿਚ ਪਲੇਗ ਫੈਲਣ ਸਮੇਂ, ਭਾਈ ਸਾਹਿਬ ਨਾਇਬ ਤਸੀਲਦਾਰ ਬਣ ਕੇ, ਇਕ ਅੰਗਰੇਜ਼ ਡਾਕਟਰ ਨਾਲ ਉਸ ਦੇ ਨਿਜੀ ਸਹਾਇਕ ਵਜੋਂ ਡੀਊਟੀ ਤੇ ਲਗ ਗਏ । ਉਸ ਡਾਕਟਰ ਨਾਲ ਜਿੰਨਾ ਅਮਲਾ ਫੈਲਾ ਸੀ, ਸਾਰੇ ਦਾ ਸਾਰਾ ਹੇਰਾ-ਫੇਰੀ ਤੇ ਰਿਸ਼ਵਤ ਦਾ ਸ਼ਿਕਾਰ ਸੀ । ਆਪ ਜੀ ਨੇ ਆਉਂਦੇ ਸਾਰ ਉਨ੍ਹਾਂ ਦਾ ਹਲਵਾ-ਮੰਡਾ ਬੰਦ ਕਰਾ ਦਿਤਾ ਤਾਂ ਉਲਟਾ ਉਸ ਅਮਲੇ ਨੇ ਡਾਕਟਰ ਪਾਸ ਸ਼ਿਕਾਇਤ-ਪੁਚਾਈ ਕਿ ਤੁਹਾਡਾ ਨਵਾਂ ਨਾਇਬ ਸਾਨੂੰ ਨਾਜਾਇਜ਼ ਤੰਗ ਕਰਦਾ ਹੈ । ਭਾਈ ਸਾਹਿਬ ਨੇ ਪਾਜੀਆਂ ਦੇ ਐਸੇ ਪਾਜ ਉਘੇੜੇ ਕਿ ਲੈਣੇ ਦੇ ਦੇਣੇ ਪੈ ਗਏ । ਭਾਈ ਸਾਹਿਬ ਦੀ ਸਚਿਆਈ ਦਾ ਸਿੱਕਾ ਪੂਰੀ ਤਰ੍ਹਾਂ ਡਾਕਟਰ ਦੇ ਦਿਲ ਤੇ ਬੈਠ ਗਿਆ। ਏਸ ਸਰਵਿਸ ਦੇ ਸਮੇਂ, ਅੰਗਰੇਜ਼ ਡਾਕਟਰ, ਜੋ ਭਾਈ ਸਾਹਿਬ ਨਾਲ ਧਾਰਮਿਕ ਵਿਚਾਰਾਂ ਕਰਨ ਲੱਗ ਪਿਆ ਸੀ, ਗੁਰਸਿਖਾਂ ਦੇ ਇਸ ਅਕੀਦੇ ਨਾਲ ਸਹਿਮਤ ਹੋ ਗਿਆ ਕਿ ਸਿੱਖਾਂ ਦੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਨਹੀਂ, ਬਲਕਿ ਰੱਬ-ਪ੍ਰਸਤੀ ਹੈ । ਬਾਅਦ ਵਿਚ ਅੰਗਰੇਜ਼-ਡਾਕਟਰ ਨਾਲ ਹੋਈ ਗੋਸ਼ਟੀ ਭਾਈ ਸਾਹਿਬ ਨੇ ਪੁਸਤਕ ਰੂਪ ਵਿਚ ਅੰਕਿਤ ਕਰ ਦਿੱਤੀ । ਉਹ ਪੁਸਤਕ ਹੈ—ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ ਪ੍ਰਸਤੀ ਹੈ ?

ਜਦ ਭਾਈ ਸਾਹਿਬ ਨੇ ਦੇਖਿਆ ਕਿ ਅੰਗਰੇਜ਼ ਹਕੂਮਤ ਦੀ ਸਾਰੀ ਮਸ਼ੀਨਰੀ ਹੀ ਵਿਗੜੀ ਹੋਈ ਹੈ ਅਤੇ ਸਰਕਾਰੀ ਸਰਵਿਸ ਵਿਚ ਖ਼ਲਕਿ-ਖ਼ੁਦਾ ਦੀ ਸੇਵਾ ਵਾਲੀ ਮਿਸ਼ਨਰੀ ਸਪਿਰਟ ਕਾਇਮ ਨਹੀਂ ਰਹਿ ਸਕਦੀ ਤਾਂ ਆਪ ਨੇ ਨੌਕਰੀ ਤੋਂ ਤਿਆਗ-ਪਤ੍ਰ ਦੇ ਦਿਤਾ ।

ਭਾਈ ਸਾਹਿਬ ਦੇ ਹਿਰਦੇ ਅੰਦਰ, ਖੰਡੇ-ਬਾਟੇ ਦਾ ਅੰਮ੍ਰਿਤ ਛਕਣ ਦੀ ਪਿਆਸ ਪ੍ਰਬਲ ਹੋ ਚੁੱਕੀ ਸੀ। ੧੯੦੩ ਵਿਚ ੧੪ ਜੂਨ ਨੂੰ ਫਿਲੌਰ ਨੇੜੇ ਬੱਕਾਪੁਰ ਪਿੰਡ ਵਿਚ ਇਕ ਵਿਸ਼ੇਸ਼ ਅੰਮ੍ਰਿਤ-ਸੰਚਾਰ ਸਮਾਗਮ ਵਿਚ ਆਪ ਨੇ ਅੰਮ੍ਰਿਤ-ਪਾਨ ਕਰ ਲਿਆ । ਇਸ ਦੇ ਨਾਲ ਹੀ ਆਪ ਦਾ ਜਿਵੇਂ ਨਵਾਂ-ਜਨਮ ਹੋ ਗਿਆ ਹੋਵੇ, ਆਪ ਦੀ ਕਾਇਆਂ-ਕਲਪ ਹੋ ਗਈ । ਗੁਰਬਾਣੀ ਤਾਂ ਆਪ ਦਾ ਆਧਾਰ ਹੀ ਬਣ ਗਈ, ਦਿਨ-ਰਾਤ ਗੁਰਬਾਣੀ ਦੀ ਲਟਕ ਲੱਗੀ ਰਹੇ, ਪ੍ਰੰਤੂ ਨਾਮ ਦੀ ਦ੍ਰਿੜ੍ਹਤਾ ਪੂਰੀ ਤਰ੍ਹਾਂ ਨਹੀਂ ਹੋਈ । ੧੯੦੪ ਵਿਚ ਇਕ ਵਿਸ਼ੇਸ਼ ਚਮਤਕਾਰ ਵਾਪਰਿਆ, ਜਿਸ ਦੇ ਤੁਫ਼ੈਲ ਆਪ ਨੇ ਸਰਬ-ਲੋਹ ਬਿਬੇਕ ਧਾਰਨ ਕਰ ਲਿਆ । ਇਸੇ ਹੀ ਸਾਲ ਲੋਕਲ-ਸੰਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਆਪ ਨੂੰ ਹੁਕਮ ਦੇ ਕੇ ਐਬਟਾਬਾਦ ਹੈੱਡ-ਕਲਰਕ ਦੀ ਨੌਕਰੀ ਤੇ ਜਾਣ ਲਈ ਰਜ਼ਾਮੰਦ ਕਰ ਲੀਤਾ । ਇਥੇ ਇਕ ਅਸਚਰਜ ਕੌਤਕ ਰਾਹੀਂ ਸੱਚੇ ਪਾਤਸ਼ਾਹ ਨੇ ਆਪ ਨੂੰ ਨਾਮ ਦ੍ਰਿੜ੍ਹ ਕਰਾ ਦਿਤਾ । ਇਥੇ ਹੀ ਆਪ ਨੇ ਦੋ ਸ੍ਰੀ ਅਖੰਡ-ਪਾਠ ਨਵੰਬਰ ੧੯੦੪ ਤੇ ੧੯੦੫ ਵਿਚ ਇਕੋ ਚੌਕੜੇ ਵਿਚ ਸੁਣੇ । ਇਥੇ ਹੀ ਆਪ ਨੂੰ ਅਕਾਲੀ ਜੋਤਿ ਦੇ ਅਸਚਰਜ ਦਰਸ਼ਨ ਹੋਏ । ਉਪ੍ਰੰਤ ਆਪ ਨੂੰ ਨੌਕਰੀ ਛੱਡ ਕੇ ਘਰ ਆ ਜਾਣ ਦੀ ਪ੍ਰੇਰਨਾ ਹੋਈ, ਅਤੇ ਉਹ ਪਰਤ ਆਏ ।

ਪਿਤਾ ਜੀ ਅਤੇ ਸਜਣਾਂ ਸੰਬੰਧੀਆਂ ਦੀ ਪ੍ਰੇਰਨਾ ਨਾਲ ਆਪ ਇਕ ਵੇਰਾਂ ਇਕ ਈਸਾਈ ਸਕੂਲ ਵਿਚ ਅਧਿਆਪਕੀ ਦੀ ਸੇਵਾ ਤੇ ਆਣ ਲੱਗੇ, ਪਰ ਤੀਜੇ ਦਿਨ ਹੀ ਉਹ ਸੇਵਾ ਛਡਣੀ ਪਈ । ਅਸਲ ਵਿਚ ਪ੍ਰਬੰਧਕਾਂ ਨੂੰ ਪ੍ਰਤੀਤ ਹੋਇਆ ਕਿ ਇਹ ਸਿਖਸ਼ਕ ਤਾਂ ਸਕੂਲ ਨੂੰ ਸਿੱਖ ਬਣਾ ਦਏਗਾ । ਫੇਰ ਖਾਲਸਾ ਕਾਲਜ ਅੰਮ੍ਰਿਤਸਰ ਨੂੰ ਸੁਭਾਗ ਪ੍ਰਾਪਤ ਹੋਇਆ ਅਤੇ ਸ: ਸ਼ਾਮ ਸਿੰਘ ਜੀ ਅਟਾਰੀ ਦੇ ਪੋਤਰੇ ਸ: ਹਰਬੰਸ ਸਿੰਘ ਜੀ ਦੀ ਪ੍ਰੇਰਨਾ ਨਾਲ,


www.AKJ.Org

ਕੁਝ ਸਮਾਂ ਆਪ ਜੀ ਇਥੋਂ ਦੇ ਹੋਸਟਲ ਸੁਪ੍ਰਿੰਟੈਂਡੈਂਟ ਨਿਯਤ ਰਹੇ ।

ਜਦੋਂ ੧੯੧੪ ਦੇ ਸ਼ੁਰੂ ਸ਼ੁਰੂ ਵਿਚ ਬ੍ਰਿਟਿਸ਼ ਸਰਕਾਰ ਨੇ, ਕੁਝ ਰਈਸ ਸਿਖ ਸਰਦਾਰਾਂ ਨੂੰ ਆਪਣੇ ਹੱਥ ਲੈ, ਸੜਕ ਨੂੰ ਸਿੱਧਾ ਕਰਨ ਦੇ ਬਹਾਨੇ ਗੁਰਦੁਆਰਾ ਸ੍ਰੀ ਰਕਾਬਗੰਜ ਦੀ ਕੰਧ ਗਿਰਾ ਦਿਤੀ, ਤਾਂ ਉਸ ਸਮੇਂ ਭਾਈ ਸਾਹਿਬ ਨੇ ਸਿਖ ਸੰਗਤਾਂ ਵਿਚ ਜਾਗ੍ਰਤੀ ਪੈਦਾ ਕਰਨ ਲਈ ਵਧ ਚੜ੍ਹ ਕੇ ਹਿੱਸਾ ਲਿਆ । ਅੰਤ ਅੰਗ੍ਰੇਜ਼ ਸਰਕਾਰ ਨੂੰ ਮੂੰਹ ਦੀ ਖਾਣੀ ਪਈ, ਕੰਧ ਬਣਾਉਣੀ ਪਈ ।

ਇਨ੍ਹੀਂ ਦਿਨੀਂ ਸ੍ਰੀ ਹਰਿਮੰਦਰ ਸਾਹਿਬ ਸਮੇਤ ਸਭ ਇਤਿਹਾਸਕ ਗੁਰਦੁਆਰਿਆਂ ਉਤੇ ਆਚਰਣਹੀਨ ਮਹੰਤਾਂ ਦਾ ਕਬਜ਼ਾ ਸੀ । ਉਨ੍ਹਾਂ ਵਲੋਂ ਮਨ-ਮਾਨੀਆਂ, ਇਖ਼ਲਾਕੋਂ ਗਿਰੀਆਂ ਕਾਰਵਾਈਆਂ ਹੁੰਦੀਆਂ ਸਨ । ਭਾਈ ਸਾਹਿਬ ਨੇ ਆਪਣੀ ਅਤੇ ਆਪਣੇ ਸਾਥੀਆਂ ਦੀ ਜਾਨ ਜੋਖੋਂ ਵਿਚ ਪਾ ਕੇ ਇਨ੍ਹਾਂ ਮਨਮੱਤੀਆਂ ਬਦ-ਚਲਨ ਮਹੰਤਾਂ ਨਾਲ ਟੱਕਰ ਲੈ ਕੇ ਕੁਝ ਕੁ ਗੁਰਦੁਆਰਿਆਂ ਉਤੇ ਪੰਥਕ ਕਬਜ਼ੇ ਕਰਵਾਏ ।

ਭਾਈ ਸਾਹਿਬ, ਹਰ ਤਰ੍ਹਾਂ ਦੀ ਗ਼ੁਲਾਮੀ ਦੇ ਕਟੜ ਵਿਰੋਧੀ ਸਨ । ਦੇਸ਼ ਦੀ ਆਜ਼ਾਦੀ ਦੀ ਖ਼ਾਤਰ ਆਪ ਨੇ ਗ਼ਦਰੀ ਬਾਬਿਆਂ ਦਾ ਪੂਰਾ ਸਾਥ ਦਿੱਤਾ । ਸ: ਕਰਤਾਰ ਸਿੰਘ ਸਰਾਭਾ ਨਾਲ ਮਿਲ ਕੇ ਬਣਾਏ ਪ੍ਰੋਗਰਾਮ ਅਨੁਸਾਰ ਆਪ ੧੯ ਫਰਵਰੀ ਦੀ ਸ਼ਾਮ ਨੂੰ ਆਪਣੇ ਸਠ ਸਾਥੀਆਂ ਸਹਿਤ ਫੀਰੋਜ਼ਪੁਰ ਛਾਉਣੀ ਬਗ਼ਾਵਤ ਕਰਨ ਲਈ ਪੁੱਜ ਗਏ । ਉਥੇ ਪਤਾ ਲੱਗਾ ਕਿ ਕਿਸੇ ਕਮੀਨੇ ਮੁਖ਼ਬਰ ਰਾਹੀਂ ਉਨ੍ਹਾਂ ਦੀ ਸਕੀਮ ਦਾ ਭਾਂਡਾ ਭੱਜ ਗਿਆ । ਸੋ ਆਪ ਜੀ ਤੇ ਸਾਰੇ ਸਾਥੀ ਘਰੋ ਘਰੀ ਪਰਤ ਆਏ । ਅੰਗ੍ਰੇਜ਼ੀ ਸਰਕਾਰ ਖ਼ਬਰਦਾਰ ਹੋ ਗਈ ਸੀ ਤੇ ਉਸ ਨੇ ਇਹਤਿਆਤੀ ਕਦਮ ਉਠਾ ਲਏ ਸਨ । ਗ਼ਦਰੀ ਬਾਬਿਆਂ ਤੇ ਦੇਸ਼-ਭਗਤਾਂ ਦੀ ਫੜੋ-ਫੜਾਈ ਸ਼ੁਰੂ ਹੋ ਗਈ । ਭਾਈ ਸਾਹਿਬ ਵੀ ੯ ਮਈ ੧੯੧੫ ਨੂੰ ਨਾਭੇ ਵਿਚ, ਜਿਥੇ ਉਹ ਆਪਣੇ ਪਿਤਾ ਸ: ਨੱਥਾ ਸਿੰਘ (ਜੋ ਹਾਈਕੋਰਟ ਦੇ ਜੱਜ ਸਨ) ਪਾਸ ਠਹਿਰੇ ਹੋਏ ਸਨ, ਫੜੇ ਗਏ । ਮੁਕੱਦਮਾ ਚਲਿਆ ਤੇ ੩੦ ਮਾਰਚ ੧੯੧੬ ਨੂੰ ਦੂਜੇ ਸਾਜ਼ਸ਼ ਕੇਸ, ਲਾਹੌਰ ਅਨੁਸਾਰ ਉਮਰ ਕੈਦ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ । ਇਸ ਦੌਰਾਨ ਪੁਲੀਸ ਅਫਸਰਾਂ ਨਾਲ ਭਾਈ ਸਾਹਿਬ ਦੀ ਜੋ ਗੱਲ-ਬਾਤ ਹੋਈ, ਉਹ ਬੜੀ ਰੋਚਕ ਤੇ ਪ੍ਰਭਾਵ-ਸ਼ਾਲੀ ਹੈ । ਜੋ ਭਾਈ ਸਾਹਿਬ ਦੇ ਆਪਣੇ ਸ਼ਬਦਾਂ ਵਿਚ ਲਿਖੀ 'ਜੇਲ੍ਹ-ਚਿੱਠੀਆਂ' ਵਿਚ ਪੜ੍ਹੀ ਜਾ ਸਕਦੀ ਹੈ ।

ਜੇਲ੍ਹ ਵਿਚਲੇ ਕਸ਼ਟਾਂ ਅਤੇ ਸਰਕਾਰੀ ਜ਼ੁਲਮਾਂ ਦੀ ਕਹਾਣੀ, ਭਾਈ ਸਾਹਿਬ ਦੀ ਆਪਣੀ ਜ਼ਬਾਨੀ, ਏਸੇ ਪੁਸਤਕ ਵਿਚੋਂ ਪ੍ਰਾਪਤ ਹੋ ਸਕਦੀ ਹੈ । ਇਹ ਵਾਰਤਾ ਬੜੀ ਦਿਲਚਸਪੀ, ਦਿਲ-ਹਿਲਾਣੀ, ਦਰਦ-ਰੰਞਾਣੀ, ਵਾਕਫ਼ੀਅਤ-ਵਧਾਣੀ, ਅਤੇ ਸਿੱਖੀ-ਸਮਝਾਣੀ ਹੈ । ਇਕ ਵੇਰ ਤਾਂ ਭਾਈ ਸਾਹਿਬ ਨੂੰ ਨਾਗਪੁਰ ਜੇਲ੍ਹ ਅੰਦਰ, ਲੱਤਾਂ-ਬਾਹਾਂ ਜੂੜ-ਜਕੜ ਕੇ, ਦੰਦ-ਦਾੜ੍ਹਾਂ ਤੋੜ ਕੇ, ਧੱਕੇ ਨਾਲ ਦੁੱਧ ਉਨ੍ਹਾਂ ਦੇ ਅੰਦਰ ਘਲਿਆ ਗਿਆ । ਇਸ ਘਟਨਾ ਬਾਰੇ ਦੋ ਚਾਰ ਸਤਰਾਂ ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ "ਡੇਢ ਘੰਟਾ ਘੁਲਣ ਪਿਛੋਂ ਹਾਰ ਹੰਭ ਕੇ ਥੋੜਾ ਦੁੱਧ ਅੰਦਰ ਚਾੜ੍ਹ ਕੇ ਤੁਰਨ ਲਗੇ ਹੀ ਸੀ ਕਿ ਦੁੱਧ ਅੰਦਰੋਂ ਉੱਛਲ ਕੇ ਸਭ ਬਾਹਰ ਜਾ ਪਿਆ । ਕਾਲਜੇ ਨੇ ਕਬੂਲਿਆ ਨਾ । ਇਸ ਪਰ ਮੇਰੀ ਦਾੜ੍ਹੀ ਖਿੱਚੀ ਗਈ ਤੇ ਕੇਸ ਪੁੱਟੇ ਗਏ ਅਤੇ ਲੱਤਾਂ ਮੁੱਕੀਆਂ ਦੀ ਮਾਰ ਨਾਲ ਅਧ-ਮੋਇਆ ਕਰ ਕੇ ਮੈਨੂੰ ਸਿੱਟ ਗਏ । ਦੂਜੇ ਦਿਨ ਫੇਰ ਆ ਕੇ ਦਾਲ ਦਾ ਪਾਣੀ ਅੰਦਰ ਲੰਘਾਇਆ । ਤੀਜੇ ਦਿਨ ਕੁੱਠਾ, ਗਊ-ਮਾਸ ਦਾ ਅਰਕ ਤੇ ਬਿਖਿਆ (ਤਮਾਕੂ) ਆਦਿਕ ਲਿਆ ਕੇ ਅੱਗੇ ਰਖਿਆ ਗਿਆ ਕਿ ਰੋਟੀ ਖਾਓ ਨਹੀਂ ਤਾਂ ਇਹ ਚੀਜ਼ਾਂ ਤੈਨੂੰ ਮੱਲੋ-ਮੱਲੀ ਖੁਆਈਆਂ ਜਾਣਗੀਆਂ ਤੇ ਤੇਰੇ ਕੇਸ ਕੱਟੇ ਜਾਣਗੇ ਤੇ ਤੈਨੂੰ ਪਾਗਲਖਾਨੇ ਭੇਜਿਆ ਜਾਊ ।" ਇਸੇ ਤਰ੍ਹਾਂ ਇਕ ਵੇਰ ਮੁਲਤਾਨ ਜੇਲ੍ਹ ਵਿਚ ਆਪ ਜੀ ਨੂੰ ੪੦ ਦਿਨ ਅੰਨ-ਜਲ ਬਿਨਾਂ ਬਿਤਾਉਣੇ ਪਏ । ਜੇਲ੍ਹ ਵਿਚਲੇ ਬਹੁਤ ਸਾਰੇ ਕਸ਼ਟਾਂ ਦਾ ਮੂਲ ਕਾਰਨ, ਉਨ੍ਹਾਂ ਦਾ ਖਾਣ-ਪੀਣ ਸੰਬੰਧੀ ਸਰਬ-ਲੋਹੀ ਬਿਬੇਕ ਦਾ ਪਹਿਰਾ ਹੀ ਸੀ ।

ਸ਼੍ਰੋ: ਗੁ: ਪ੍ਰ: ਕਮੇਟੀ, ਅੰਮ੍ਰਿਤਸਰ ਨੇ ਭਾਈ ਸਾਹਿਬ ਤੇ ਹੋਰ ਜੇਲ੍ਹੀਂ ਬੈਠੇ ਸਿੰਘਾਂ ਦੀ ਹਮਦਰਦੀ ਵਿਚ ਸਿਖ-ਜਗਤ ਨੂੰ ਅਪੀਲ ਕੀਤੀ ਕਿ ੧ ਫਰਵਰੀ ੧੯੨੩ ਨੂੰ ਅਰਦਾਸ ਦਿਵਸ ਮਨਾਇਆ ਜਾਵੇ । ੧੪ ਸਾਲ


www.AKJ.Org

ਤੋਂ ਉਪਰ ਦਾ ਕੋਈ ਸਿਖ ਸਵੇਰ ਤੋਂ ਰਹਿਰਾਸ ਤਕ ਅੰਨ-ਜਲ ਅੰਗੀਕਾਰ ਨਾ ਕਰੇ। ਭਾਈ ਸਾਹਿਬ ਨੂੰ ਇਸ ਅਰਦਾਸ ਰਾਹੀਂ ਬਹੁਤ ਰੂਹਾਨੀ ਸਹਾਇਤਾ ਮਿਲੀ ਅਤੇ ਆਪ ਨੇ ਕਮੇਟੀ ਦਾ ਕੋਟਾਨ ਕੋਟ ਧੰਨਵਾਦ ਕੀਤਾ। ਆਖ਼ਿਰ ੪-੧੦-੧੯੩੦ ਨੂੰ ਭਾਈ ਸਾਹਿਬ ਨੇ ਬੰਦੀ ਤੋਂ ਰਿਹਾਈ ਪਾਈ।

ਆਪ ਦੀ ਅਡੋਲ ਦ੍ਰਿੜ੍ਹਤਾ, ਨਿਸ਼ਕਾਮ ਕੁਰਬਾਨੀ ਅਤੇ ਗੁਰੂ ਪੰਥ ਲਈ ਕਰੜੀ ਘਾਲਣਾ ਨੂੰ ਮੁਖ ਰਖ ਕੇ ਤਖ਼ਤ ਸਾਹਿਬਾਨ ਵਲੋਂ ਆਪ ਜੀ ਦੀ ਪ੍ਰਸੰਸਾ ਕੀਤੀ ਗਈ, ਸਿਰੋਪਾਵਾਂ ਤੇ ਹੁਕਮਨਾਮਿਆਂ ਰਾਹੀਂ ਆਪ ਜੀ ਨੂੰ ਨਿਵਾਜਿਆ ਗਿਆ। ਪ੍ਰਸਿੱਧ ਗੁਰਧਾਮਾਂ ਦੇ ਨੀਂਹ-ਪੱਥਰ ਰਖਣ ਲਈ ਆਪ ਜੀ ਨੂੰ ਪੰਜਾਂ ਪਿਆਰਿਆਂ ਵਿਚ ਸ਼ਾਮਲ ਕੀਤਾ ਜਾਂਦਾ ਰਿਹਾ।

ਰਿਹਾਈ ਤੋਂ ਬਾਅਦ ਇਹ ਬਾ-ਕਮਾਲ ਸ਼ਖ਼ਸੀਅਤ ਸਾਢੇ ਤੀਹ ਸਾਲ ਸਰੀਰਕ ਚੋਲੇ ਵਿਚ ਰਹੀ। ਆਪ ਸਦੀਵ ਕਾਲ ਸੰਗਤਾਂ ਦੇ ਸੰਗ ਸਾਥ ਹੀ ਵਿਚਰਦੇ ਰਹੇ ਅਤੇ ਸੰਗਤਾਂ ਦੇ ਲਾਲੇ ਗੋਲੇ ਬਣੇ ਰਹੇ। ਅਖੰਡ-ਕੀਰਤਨਾਂ, ਅਖੰਡ-ਪਾਠਾਂ ਅਤੇ ਅੰਮ੍ਰਿਤ-ਸੰਚਾਰ ਦੇ ਸਮਾਗਮ ਰਚ ਰਚ ਕੇ ਗੁਰਮਤਿ ਦਾ ਪ੍ਰਕਾਸ਼, ਪ੍ਰਚਾਰ ਅਤੇ ਪਸਾਰ ਕਰਦੇ ਰਹੇ। ੩੬-੩੬ ਘੰਟੇ ਲਗਾਤਾਰ ਕੀਰਤਨ ਕਰਦੇ ਸੁਣਦੇ ਅੱਕਦੇ ਥਕਦੇ ਨਹੀਂ ਸਨ। ਭੁਖ, ਨੀਂਦ, ਖਾਣਾ, ਸੌਣਾ ਸਭ ਵਿਸਰ ਜਾਂਦੇ ਸਨ। ਸੰਗਤਾਂ ਨਾਲ ਪੰਡਾਲ ਭਰੇ ਰਹਿੰਦੇ ਸਨ। ਅਖੰਡ-ਪਾਠ ਦੇ ਦੌਰਾਨ ਕੀਰਤਨ-ਸਮਾਗਮ ਨਹੀਂ ਰਖੇ ਜਾਂਦੇ ਸਨ। ਅਖੰਡ-ਪਾਠ ਸੁਣਨ ਲਈ ਸੰਗਤਾਂ ਵਿਚ ਉਤਸ਼ਾਹ, ਉਮਾਹ ਤੇ ਸ਼ਰਧਾ ਹੋਂਦੀ ਸੀ। ਅੰਮ੍ਰਿਤ-ਸੰਚਾਰ ਸਮਾਗਮਾਂ ਵਿਚ ਪੰਜਾਂ ਪਿਆਰਿਆਂ ਵਿਚ ਆਪ ਤਾਂ ਸ਼ਾਮਲ ਨਹੀਂ ਸੀ ਹੁੰਦੇ, ਪਰ ਬਾਊ ਮੱਲ ਸਿੰਘ ਜੀ ਹੁਰਾਂ ਨੂੰ, ਜੋ ਇਕ ਕਮਾਲ ਦੀ ਰੂਹ ਸਨ, ਇਨ੍ਹਾਂ ਸਮਾਗਮਾਂ ਦੀ ਸੇਵਾ ਸਹਿਜ ਸੁਭਾ ਹੀ ਸੌਂਪੀ ਹੋਈ ਸੀ।

ਆਪ ਦਾ ਰਚਿਆ ਗੁਰਮਤਿ-ਸਾਹਿੱਤ ਪੰਥ ਨੂੰ ਇਕ ਮਹਾਨ ਦੇਣ ਹੈ। ਆਪ ਦੀ ਮਹਾਨ ਸ਼ਖ਼ਸੀਅਤ ਆਪ ਦੇ ਉਪਜਾਏ ਸਾਹਿਤ ਵਿਚੋਂ ਉਮਲ ਉਮਲ ਪੈਂਦੀ ਹੈ। ਹਰ ਪੁਸਤਕ, ਗੁਰਮਤਿ ਦੇ ਕਿਸੇ ਨ ਕਿਸੇ ਸਿਧਾਂਤ ਉਤੇ ਗੁਰਬਾਣੀ ਰਾਹੀਂ ਰੌਸ਼ਨੀ ਪਾ ਕੇ, ਭਰਮ ਭੁਲੇਖੇ ਦੂਰ ਕਰਦੀ, ਅਤੇ ਉਸਦਾ ਸਿੱਕਾ ਸਾਡੇ ਮਨਾਂ ਤੇ ਬਿਠਾ ਦੇਂਦੀ ਹੈ। ਸਿਖ ਇਤਿਹਾਸ ਵਿਚ ਕਿਸੇ ਸਿਮਰਨ-ਸਰੂਪ ਹੋਈ ਸ਼ਖ਼ਸੀਅਤ ਨੇ ਏਨਾ ਬਹੁ-ਪੱਖੀ ਧਾਰਮਿਕ ਸਾਹਿੱਤ ਨਹੀਂ ਉਪਜਾਇਆ। ਗੁਰਬਾਣੀ ਦਾ ਮੁੱਖ ਇਕੋ ਇਕ ਵਿਸ਼ਾ ਨਾਮ ਹੀ ਹੈ, ਬਾਕੀ ਸਾਰੀ ਰਹਿਤ-ਮਰਿਆਦਾ ਨਾਮ ਦੇ ਅਧੀਨ ਅਤੇ ਨਾਮ-ਮਾਰਗ ਦੀ ਸਹਾਇਕ ਹੈ। ਇਸੇ ਤਰ੍ਹਾਂ ਭਾਈ ਸਾਹਿਬ ਦਾ ਲਿਖਿਆ ਅੱਖਰ ਅੱਖਰ ਨਾਮ-ਕੇਂਦਰ ਦੇ ਦੁਆਲੇ ਹੀ ਘੁੰਮਦਾ ਹੈ। ਏਨਾ ਨਵੇਕਲਾ, ਨਿਰਾਲਾ, ਉਜਾਲਾ ਤੇ ਬਾਲਾ (ਉੱਚਾ) ਅਸਥਾਨ ਰਖਦੇ ਹੋਏ ਵੀ ਉਹ ਸਾਡੇ ਵਿਚ 'ਭਾਈ' ਬਣ ਕੇ ਹੀ ਰਹੇ। ਬਾਣੀ ਤੇ ਬਾਣੇ ਦੀ ਮੁਸ਼ਤਾਕ, ਇਹ ਮਹਾਨ ਮਨਮੋਹਣੀ ਮੂਰਤ ੧੬ ਅਪ੍ਰੈਲ ੧੯੬੧ ਨੂੰ ਸਾਥੋਂ ਸਰੀਰਕ ਤੌਰ ਤੇ ਸਦਾ ਲਈ ਵਿਛੜ ਹੋ ਗਈ।

ਗੁਣੀਆ ਗੁਣ ਲੇ ਪ੍ਰਭ ਮਿਲੇ ਕਿਉ ਤਿਨ ਮਿਲਉ ਪਿਆਰਿ ॥
ਤਿਨ ਹੀ ਜੈਸੀ ਥੀ ਰਹਾਂ ਜਪਿ ਜਪਿ ਰਿਦੈ ਮੁਰਾਰਿ ॥੪੪॥ (ਪੰਨਾ ੯੩੬)

ਭਾਈ ਸਾਹਿਬ ਰਚਿਤ ਕੁਝ ਚੋਣਵੀਆਂ ਪੁਸਤਕਾਂ ਇਹ ਹਨ :—

੧. ਜੇਲ੍ਹ ਚਿਠੀਆਂ—ਕੀ ਹਨ ? ਭਾਈ ਸਾਹਿਬ ਵਲੋਂ ਗੁਰਮੁਖਿ ਸਤਿਸੰਗੀਆਂ ਨੂੰ ਪਰਮਾਰਥ ਦੇ ਪਾਂਧੀ ਬਣਨ ਲਈ ਸੱਦੇ ਹਨ।

੨. ਰੰਗਲੇ ਸੱਜਣ—ਕੌਣ ਹਨ ? ਪਰਮਾਰਥ ਦਾ ਪੰਧ ਪੂਰਾ ਕਰਿ ਮੰਜ਼ਲੇ-ਮਕਸੂਦ ਪੁਰ ਪਹੁੰਚ ਪਏ ਪਹਿਲਵਾਨੜੇ ਹਨ ਉਨ੍ਹਾਂ ਪ੍ਰਤੀ ਸ਼ਰਧਾਂਜਲੀ ਹੈ।

੩. ਗੁਰਮਤਿ ਕਰਮ ਫ਼ਿਲਾਸਫ਼ੀ—ਕੀ ਹੈ ? ਜ਼ਿੰਦਗੀ ਦੇ ਰਣ-ਖੇਤਰ ਤੋਂ ਹੰਭੇ, ਹੁਟੇ, ਹਾਰੇ ਤੇ ਹਥਿਆਰ ਸੁਟਣਹਾਰੇ ਸੈਨਕ ਨੂੰ ਮੁੜ ਸਾਵਧਾਨ ਕਰਨ ਦਾ ਸਾਧਨ ਹੈ।

[ਬਾਕੀ ੩੪ ਸਫ਼ੇ ਹੇਠ]


www.AKJ.Org

# ਸੋਨੇ ਦੀ ਚਿੜੀ


## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

[ਭਾਈ ਜੋਧ ਸਿੰਘ ਜੀ, FU 34, ਵਿਸ਼ਾਖਾ ਐਨਕਲੇਵ, ਪੀਤਮਪੁਰਾ (ਉਤਰੀ) ਦਿੱਲੀ 84]


**ਸ਼ਖ਼ਸੀਅਤ–ਆਤਮਿਕ ਅਵਸਥਾ–**

ਭਾਈ ਸਾਹਿਬ ਜੀ ਦੀਆਂ ਅਨੇਕ ਰਚਨਾਵਾਂ ਹਨ, ਜੋ ਨਿਰੋਲ ਗੁਰਬਾਣੀ 'ਤੇ ਆਧਾਰਤ ਹੋਣ ਕਰਕੇ ਗੁਰਮਤਿ ਸਿਧਾਂਤਾਂ ਦਾ ਸੋਮਾ ਹਨ।

ਭਾਈ ਸਾਹਿਬ ਜੀ ਨੂੰ ਨਾਮ ਅਭਿਆਸੀ ਲਗਨ ਚਾਹੇ ਸੰਸਾਰਕ ਕਾਮਨਾ ਕਰਕੇ, ਭਾਵ ਬੀ. ਏ. ਦੇ ਇਮਤਿਹਾਨ ਵਿਚੋਂ ਕਾਮਯਾਬੀ ਲਈ ਲਗੀ, ਪਰ ਨਾਮ ਬਾਣੀ ਦੀ ਕਮਾਈ ਕਰਕੇ ਇਹ ਸੁਆਰਥ ਦੀ ਕਾਮਯਾਬੀ ਪ੍ਰਮਾਰਥ ਦੀ ਸਫਲਤਾ ਬਣ ਗਈ। ਅਤੇ ਭਾਈ ਸਾਹਿਬ ਜੀ ਨੂੰ ਨਿਰੰਤਰ ਅਤੇ ਅਤੁੱਟ ਨਾਮ ਅਭਿਆਸ ਕਮਾਈ ਦੇ ਤੁਫ਼ੈਲ ਪਰਮ-ਪਦ ਪ੍ਰਾਪਤ ਹੋਇਆ। ਉਨ੍ਹਾਂ ਦੀ ਸ਼ਖ਼ਸੀਅਤ ਅਤੇ ਆਤਮਿਕ ਅਵਸਥਾ ਬਾਰੇ ਉਹੀ ਲਿਖ ਸਕਦਾ ਹੈ ਜਿਸਨੂੰ ਇਹ ਪਰਮ-ਪਦ ਪ੍ਰਾਪਤ ਹੋ ਚੁੱਕਾ ਹੋਵੇ, ਜਿਸਨੂੰ ਨਾਮ ਪ੍ਰਾਪਤ ਹੋ ਚੁੱਕਾ ਹੋਵੇ, ਅਕਾਲੀ-ਜੋਤੀ ਦੇ ਦਰਸ਼ਨ ਹੋ ਚੁੱਕੇ ਹੋਣ, ਦਸਮ-ਦੁਆਰ, ਅਤੇ ਅਨਹਦ ਸ਼ਬਦ ਦਾ ਗਿਆਨ ਹੋ ਚੁੱਕਾ ਹੋਵੇ ਅਤੇ ਅਨੇਕਾਂ ਸ੍ਵੈ-ਅਨਭਵੀ ਚਮਤਕਾਰ ਦੇਖ ਚੁੱਕਾ ਹੋਵੇ, ਉਹੋ ਹੀ ਉਨ੍ਹਾਂ ਦੀ ਬ੍ਰਹਮ ਗਿਆਨਤਾ ਬਾਰੇ ਦਸ ਸਕਦਾ ਹੈ। ਸਿਧੇ ਸਾਦੇ ਸ਼ਬਦਾਂ ਵਿਚ ਇਉਂ ਕਹਿ ਲਓ ਕਿ ਜਿਸਨੇ ਕਦੀ ਕਲਕੱਤਾ ਵੇਖਿਆ ਨਹੀਂ ਉਹ ਆਪਣੇ-ਆਪ ਕੀ ਦਸ ਸਕਦਾ ਹੈ ਕਿ ਕਲਕੱਤਾ ਕਿੱਥੇ ਹੈ, ਕਿਸਤਰ੍ਹਾਂ ਦਾ ਹੈ, ਕੀ ਕੀ ਮਸ਼ਹੂਰ ਹੈ, ਪਰ ਉਹ ਸੁਣ ਸੁਣਾ ਕੇ, ਪੜ੍ਹ ਪੜ੍ਹਾ ਕੇ ਫ਼ੋਟੋ ਆਦਿ ਵੇਖ, ਨਕਸ਼ਾ ਦੇਖ ਕੇ ਕੁਝ ਨਾ ਕੁਝ ਦਸ ਸਕਦਾ ਹੈ, ਲਿਖ ਸਕਦਾ ਹੈ। ਐਨ ਇਸੇ ਤਰ੍ਹਾਂ ਦਾਸਰੇ ਨੇ ਭਾਈ ਸਾਹਿਬ ਜੀ ਦੀ ਆਤਮਿਕ ਤਸਵੀਰ ਨਹੀਂ ਦੇਖੀ, ਪਰ ਉਨ੍ਹਾਂ ਦੇ ਸਰੀਰ ਰੂਪੀ ਨਕਸ਼ੇ ਦੇ ਰੱਜ ਕੇ ਦਰਸ਼ਨ ਕੀਤੇ ਹਨ ਅਤੇ ਰੱਜ ਕੇ ਉਨ੍ਹਾਂ ਦੀਆਂ ਰਚੀਆਂ ਹੋਈਆਂ ਸਭ ਪੁਸਤਕਾਂ/ਟ੍ਰੈਕਟ ਪੜ੍ਹੇ ਹਨ ਅਤੇ ਅਜ ਤਾਈਂ ਪੜ੍ਹਦਾ ਹੀ ਰਹਿੰਦਾ ਹੈ। ਇਹ ਗੁਰਮਤਿ ਸਿਧਾਂਤਾਂ ਦੇ ਸੋਮੇ ਹਨ। ਕਈ ਵੀਰਾਂ ਨੇ ਦਾਸਰੇ ਨੂੰ ਸਵਾਲ ਕੀਤਾ ਕਿ ਭਾਈ ਸਾਹਿਬ ਜੀ ਦੀਆਂ ਪੁਸਤਕਾਂ ਵਿਚ ਬਾਰ ਬਾਰ ਉਹੀ ਵਰਨਣ ਬਹੁਤ ਹੈ, ਭਾਵ, Repetition ਬਹੁਤ ਹੈ। ਦਾਸਰੇ ਦਾ ਇਹੀ ਉੱਤਰ ਹੈ ਕਿ ਭਾਈ ਸਾਹਿਬ ਜੀ ਦੀਆਂ ਰਚਨਾਵਾਂ ਗੁਰਬਾਣੀ ਤੇ ਆਧਾਰਤ ਹਨ ਅਤੇ ਗੁਰਬਾਣੀ ਵੀ ਬਾਰੰਬਾਰ ਐਸੀ ਹੀ ਦ੍ਰਿੜ੍ਹਤਾ ਦ੍ਰਿੜ੍ਹਾਉਂਦੀ ਹੈ। ਸਮੱਗਰ ਗੁਰਬਾਣੀ ਨਾਮ ਤੇ ਨਾਮੀ ਦੀ ਮਹਿਮਾ ਹੀ ਦ੍ਰਿੜ੍ਹਾਉਂਦੀ ਹੈ। ਸੋ, ਭਾਈ ਸਾਹਿਬ ਜੀ ਨੇ ਭੀ ਸਭ ਗੁਰਬਾਣੀ ਦੀ ਹੀ ਵਿਆਖਿਆ ਕੀਤੀ ਹੋਈ ਹੈ। ਇਸ ਲਈ ਜਦੋਂ ਗੁਰਬਾਣੀ ਅੰਦਰ Repetition(ਦੁਹਰਾਉ) ਹੈ ਤਾਂ ਭਾਈ ਸਾਹਿਬ ਜੀ ਦੀਆਂ ਰਚਨਾਵਾਂ ਵਿਚ ਭੀ Repetition ਹੈ।

ਇਸ ਲਈ ਜੋ ਜੋ ਭੀ ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਲੱਭਾ ਹੈ ਅਤੇ ਜੋ ਕੁੱਝ ਅਖੀਂ ਡਿੱਠਾ ਹੈ ਜਾਂ ਸੁਣਿਆ ਹੈ ਉਸ ਦਾ ਵਰਣਨ ਕਰਨ ਦਾ ਜਤਨ ਹੈ।

**ਸਨਮਾਨ ਪੱਤਰ–**

'ਸੋਨੇ ਦੀ ਚਿੜੀ'–ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਉਨ੍ਹਾਂ ਦੀਆਂ ਉੱਚ ਘਾਲ-ਕਮਾਈਆਂ ਤੇ ਕੁਰਬਾਨੀਆਂ ਨੂੰ ਪਰਖ-ਪਰਖਾ ਕੇ, ਇਕ ਵਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਅਤੇ ਦੂਜੀ ਵਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ ਤੋਂ ਪੰਥਕ ਪੱਧਰ ਤੇ ਸਨਮਾਨ ਪੱਤ੍ਰ ਪ੍ਰਾਪਤ ਹੋਏ। ਉਸ ਸਮੇਂ 'ਸੋਨੇ ਦੀ ਚਿੜੀ' ਨੂੰ ਪੰਥਕ ਪੱਧਰ ਤੇ ਸਨਮਾਨਿਆ ਜਾਣਾ, ਨਾਮ ਦਾਨ, ਚੜ੍ਹਦੀਆਂ ਕਲਾ ਅਤੇ ਸਿੱਖੀ ਸਿਦਕ ਕੇਸਾਂ-ਸਵਾਸਾਂ ਸੰਗ ਨਿਭਾਉਣ ਲਈ ਬਖਸ਼ੀਸ਼ਾਂ ਬਖ਼ਸ਼ੀਆਂ ਜਾਣਾ ਅਤੇ ਫੇਰ ਹਰ ਸਮੇਂ ਪਾਵਨ ਗੁਰ-ਅਸਥਾਨਾਂ ਉੱਤੇ ਹਾਜ਼ਰ ਹੋਇਆਂ ਨੂੰ ਸਨਮਾਨਤਾ ਮਿਲਣੀ ਆਪਣੀ ਮਿਸਾਲ ਆਪ ਹੀ ਹਨ। ਐਸੇ ਸਨਮਾਨ ਪੱਤਰ ਅਤੇ ਸਿਰੋਪਾਉ ਅੱਜ ਤਾਈਂ ਕੇਵਲ ਭਾਈ ਰਣਧੀਰ ਸਿੰਘ ਜੀ, ਪੰਥ ਰਤਨ, ਸੋਨੇ ਦੀ ਚਿੜੀ ਨੂੰ ਹੀ ਪ੍ਰਾਪਤ ਹੋਏ।



www.AKJ.Org

ਇਸ ਤੋਂ ਇਹ ਸਬੂਤ ਮਿਲਦਾ ਹੈ ਕਿ ਪੰਥ-ਰਤਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਸੱਚ ਮੁੱਚ ਹੀ 'ਸੋਨੇ ਦੀ ਚਿੜੀ' ਸੀ ਅਤੇ ਠੀਕ ਸਾਰੀ ਉਮਰ ਬਾਰ੍ਹਾਂ ਵੰਨੀ ਸੋਨੇ ਦੀ ਚਿੜੀ ਰਹੀ। ਕੁੱਝ ਸਮੇਂ ਲਈ ਨਹੀਂ, ਪੂਰਾ ਜੀਵਨ ਹੀ ਗੁਰਮਤਿ ਅਸੂਲਾਂ ਤੇ ਪਹਿਰਾ ਦਿੱਤਾ। ਆਪ ਸੋਨੇ ਦੀ ਚਿੜੀ ਬਣ ਕੇ ਆਪਣੇ ਸੰਗੀ ਸਾਥੀਆਂ ਨੂੰ ਭੀ ਆਤਮਿਕ ਮੰਡਲਾਂ ਦੀਆਂ ਉੱਚ ਉਡਾਰੀਆਂ ਉਡਾਂਦੇ ਰਹੇ। ਬਾਰਾਂਵੰਨੀ ਤੋਂ ਭਾਵ ਇਹ ਹੈ ਕਿ ਜਿਵੇਂ ਬਾਰ੍ਹਾਂ ਮਾਸ਼ੇ ਸੋਨਾ ਕੁਠਾਲੀ ਵਿਚ ਪਾ ਕੇ, ਪਿਘਲਾ ਕੇ, ਫਿਰ ਉਹ ਬਾਰ੍ਹਾਂ ਮਾਸ਼ੇ ਪੂਰਾ ਤੁਲੇ, ਰੱਤੀ ਖੋਟ ਨਾ ਨਿਕਲੇ, ਇਸੇ ਤਰ੍ਹਾਂ ਭਾਈ ਸਾਹਿਬ ਜੀ ਨੂੰ ਭਰ ਜਵਾਨੀ ਦੇ ਲੰਮੇ ਸੋਲ੍ਹਾਂ ਸਾਲ ਲਈ ਗੁਲਾਮ ਭਾਰਤ ਦੀਆਂ ਭਿਆਨਕ ਜੇਲ੍ਹਾਂ ਦੇ ਅਕਹਿ ਤੇ ਅਸਹਿ ਤਸੀਹੇ ਸਜ਼ਾਵਾਂ ਦੇ ਦੇ ਕੇ ਪਿਘਾਲਿਆ ਗਿਆ। ਇਹ ਅਕਹਿ ਤੇ ਅਸਹਿ ਸਜ਼ਾਵਾਂ ਕਿਸੇ ਹੋਰ ਦੇਸ਼-ਭਗਤ ਕੈਦੀ ਦੇ ਹਿੱਸੇ ਨਹੀਂ ਆਈਆਂ। ਕੋਈ ਮਿਸਾਲ ਹੀ ਨਹੀਂ ਮਿਲਦੀ।

ਕਈ ਵਾਰੀ ਆਪਣੇ ਆਤਮਿਕ ਬਲ ਕਰਕੇ ਹਫ਼ਤਿਆਂ, ਮਹੀਨਿਆਂ ਭਰ ਅੰਨ ਜਲ-ਬਿਹੂਨ ਰਹੇ, ਉਪਰੋਂ ਅਕਹਿ ਤੇ ਅਸਹਿ ਤਸੀਹੇ ਭੀ ਝਲਦੇ ਰਹੇ, ਪਰ ਅਸੂਲਾਂ ਤੇ ਕਾਇਮ ਰਹੇ। ਸਿੱਖੀ ਸਿਦਕ ਕੇਸਾਂ ਸਵਾਸਾਂ ਸੰਗ ਨਿਭਾਉਣ ਵਿਚ ਪੂਰਾ ਤੁਲਦੇ ਰਹੇ।

ਸਨਮਾਨ ਪੱਤਰਾਂ ਦੇ ਵੇਰਵੇ ਤੋਂ ਇਲਾਵਾ ਭੀ ਦਾਸਰੇ ਨੂੰ ਯਾਦ ਹੈ ਕਿ ਜਿੱਥੇ ਭੀ ਕੀਰਤਨ ਸਮਾਗਮ ਹੋਏ, ਉੱਥੇ ਹੀ ਭਾਈ ਸਾਹਿਬ ਜੀ ਨੂੰ ਸੰਗਤਾਂ ਨੇ ਮਹਾਨ ਉਚੀ ਆਤਮਾ ਸਮਝ ਕੇ ਕਿਸੇ ਨਾ ਕਿਸੇ ਤਰੀਕੇ ਨਾਲ ਸਨਮਾਨਿਆ, ਜਿਸਦੀ ਗਿਣਤੀ ਨਹੀਂ ਕੀਤੀ ਜਾ ਸਕਦੀ।

ਜੇਲ੍ਹ ਚਿੱਠੀਆਂ ਨੂੰ ਪੜ੍ਹ ਕੇ ਉਨ੍ਹਾਂ ਦੀਆਂ ਕੁਰਬਾਨੀਆਂ ਬਾਰੇ ਸਮਾਚਾਰ ਜਾਣ ਕੇ ਪਤਾ ਚਲਦਾ ਹੈ ਕਿ ਭਾਈ ਸਾਹਿਬ ਜੀ ਚੋਟੀ ਦੇ ਜ਼ਿੰਦਾ ਸ਼ਹੀਦਾਂ ਵਿਚੋਂ ਇਕ ਸਨ, ਜਿਨ੍ਹਾਂ ਆਪਣਾ-ਆਪ ਸੱਚੇ ਗੁਰੂ ਤੋਂ ਕੁਰਬਾਨ ਕਰ ਦਿੱਤਾ। ਐਸੇ ਜ਼ਿੰਦਾ ਸ਼ਹੀਦ ਪੰਥ ਵਿਚ ਵਿਰਲੇ ਹੀ ਹੋਏ ਹਨ।

ਉਨ੍ਹਾਂ ਦੀ ਸ਼ਖ਼ਸੀਅਤ ਦੀ ਮਹਾਨਤਾ, ਉਨ੍ਹਾਂ ਦੀਆਂ ਲਿਖੀਆਂ ਜੇਲ੍ਹ ਚਿੱਠੀਆਂ ਵਿਚੋਂ ਹੀ ਵੰਨਗੀ ਮਾਤਰ ਵੇਖਦੇ ਹਾਂ।

**੧. ਮੈਡੀਕਲ ਅਫ਼ਸਰ ਦੀ ਰਾਇ– ਸੁਪਰ-ਨੈਚਰਲ ਪਾਵਰ (ਰੱਬੀ ਸ਼ਕਤੀ) ਪ੍ਰਾਪਤੀ ਦਾ ਸਬੂਤ–**

"..... ਅਤੇ ਉਸ ਦਿਨ ਦੇ ਲਿਖੇ ਹੋਏ ਤਿੰਨ ਪੱਤਰੇ ਮੇਰੇ ਟਿਕਟ ਪਰ ਹੁਣ ਤਕ ਭਰੇ ਪਏ ਹਨ, ਜਿਨ੍ਹਾਂ ਵਿਚ ਉਸ ਨੇ ਵਿਸਥਾਰ ਸਹਿਤ ਦਾਸ ਦੇ ਪ੍ਰਣ ਪ੍ਰਤੱਗਯਾ ਪ੍ਰਥਾਇ ਲਿਖਦਿਆਂ ਹੋਇਆਂ ਦਸਿਆ ਹੈ ਕਿ 'ਚਾਲੀ ਦਿਨ ਦੀ ਪੂਰੀ ਪ੍ਰੀਖਿਆ ਪਸਚਾਤ ਮੈਂ ਆਪਣੇ ਹੁਕਮ ਨਾਲ ਅੱਜ ਇਸ ਨੂੰ ਫਲ ਦਿੰਦਾ ਹਾਂ।' ਹੋਰ ਭੀ ਬੜੀਆਂ ਸੋਹਣੀਆਂ ਸੋਹਣੀਆਂ ਗੱਲਾਂ ਲਿਖੀਆਂ ਹਨ, 'ਜੇਲ੍ਹ ਹਿਸਟਰੀ (ਤਾਰੀਖ਼) ਵਿਚ ਅਜਿਹੀ ਨਜ਼ੀਰ, ਜਿਸਨੇ ਕਿ ਚਾਲੀ ਦਿਨ ਬਰਾਬਰ ਲਗਾਤਾਰ ਅੰਨ ਜਲ ਨਾ ਖਾਧਾ ਪੀਤਾ ਹੋਵੇ, ਨਹੀਂ ਮਿਲਦੀ। ਨਾ ਹੀ ਕੁਦਰਤੀ ਨਿਯਮਾਂ ਅਨੁਸਾਰ ਐਸਾ ਜੀਵਨ ਕਾਇਮ ਰਹਿ ਸਕਣਾ ਸੰਭਵ ਹੈ। ਇਹ ਕੋਈ ਸੁਪਰ-ਨੈਚਰਲ ਪਾਵਰ (ਰੱਬੀ ਸ਼ਕਤੀ) ਇਸਦੇ ਅੰਦਰ ਵਰਤ ਰਹੀ ਹੈ, ਜਿਸਨੇ ਕਿ ਇਸ ਨੂੰ ਬਗ਼ੈਰ ਅੰਨ ਜਲ ਦੇ ਇਤਨਾ ਚਿਰ ਜ਼ਿੰਦਾ ਰਖਿਆ'।"

[ਜੇਲ੍ਹ ਚਿੱਠੀਆਂ, ਪੰਨਾ ੧੧੪-੧੫)

**੨. 'ਗੁਰੁ ਮੇਰੈ ਸੰਗਿ ਸਦਾ ਹੈ ਨਾਲੇ' ਦੀ ਅਵਸਥਾ ਦਾ ਸਬੂਤ ਇਕ ਪਾਦਰੀ ਨਾਲ ਮੁਲਾਕਾਤ–**

ਪਾਦਰੀ– "ਵੈਲ, ਗੁਰੂ ਕੇ ਸਿੱਖ ! ਤੁਮ੍ਹਾਰਾ ਗੁਰੂ ਨਾਨਕ ਸੱਚ ਮੁੱਚ ਤੁਮ੍ਹਾਰੇ ਸਾਥ ਰਹਿਤਾ ਹੈ। ਤੁਮ੍ਹਾਰੇ ਪਾਸ ਰਹਿਤਾ ਹੈ। ਹਮਾਰਾ ਈਸਾ ਯਸੂਹ ਮਸੀਹ ਹਮਾਰੇ ਸਾਥ ਇਸ ਤਰ੍ਹਾਂ ਨਹੀਂ ਰਹਿਤਾ, ਜੈਸੇ ਤੁਮ੍ਹਾਰਾ ਗੁਰੂ ਨਾਨਕ ਤੁਮ੍ਹਾਰੇ ਸਾਥ ਰਹਿਤਾ ਹੈ। ਸੱਚ ਮੁੱਚ ਤੁਮ੍ਹਾਰਾ ਗੁਰੂ ਪਰਤੱਖ ਤੁਮ੍ਹਾਰੇ ਸੰਗ ਸਦਾ ਹੀ ਰਹਿਤਾ ਹੈ। ਜ਼ਰਾ ਫੇਰ ਪੜ੍ਹਨਾ ਉਸ ਸ਼ਬਦ ਕੋ ਜੋ ਪਹਿਲੇ ਗਾਇਆ ਥਾ।" ਦਾਸ ਨੇ ਖੁਸ਼ੀਆਂ ਵਿਚ ਆ ਕੇ ਹੋਰ ਭੀ ਚੜ੍ਹਦੀ ਕਲਾ ਦੇ ਅਨੂਠੇ ਆਤਮ-ਰੰਗ ਵਿਚ ਉਸ ਗੁਰ ਸਬਦ* ਦਾ ਅਲਾਪਨ ਕੀਤਾ, ਗੱਜ ਗੱਜ ਲਾਲੀਆਂ ਚੜ੍ਹ ਗਈਆਂ।

* ਹਰਿ ਕਾ ਨਾਮੁ ਰਿਦੈ ਨਿਤ ਧਿਆਈ ॥...[ਆਸਾ ਮ: ੫, ਪੰਨਾ ੩੯੪


www.AKJ.Org

ਸੁਣ ਕੇ ਪਾਦਰੀ ਸਾਹਿਬ ਕਹਿਣ ਲੱਗੇ ਕਿ 'ਹੁਣ ਇਸ ਸ਼ਬਦ ਦੀ ਹਕੀਕਤ ਦਾ ਪਤਾ ਲੱਗਾ । ਸੱਚ ਮੁੱਚ ਤੇਰੇ ਦਿਲ ਦੀਆਂ ਡੂੰਘਾਈਆਂ ਵਿਚ, ਤੇਰੇ ਰੋਮ ਰੋਮ ਵਿਚ, ਤੇਰੇ ਅੰਤਰ ਆਤਮੇ ਦੇ ਤਹਿਖ਼ਾਨਿਆਂ ਵਿਚ ਤੇਰਾ ਗੁਰੂ ਡੇਰਾ ਲਾਈ ਬੈਠਾ ਹੈ । .. " (ਜੇਲ੍ਹ ਚਿੱਠੀਆਂ, ਪੰਨਾ ੪੨੭

ਇਸੇ ਪਾਦਰੀ ਨੇ ਕਿਹਾ ਸੀ ਕਿ "There still lives a Saint in India, who has realy seen God." ਇੰਡੀਆ ਮੇਂ ਅਜੇ ਭੀ ਇਕ ਸੰਤ ਰਹਿੰਦਾ ਹੈ ਜਿਸਨੇ ਸੱਚ-ਮੁੱਚ ਰੱਬ ਨੂੰ ਦੇਖਿਆ ਹੈ)।

**੩. ਦਿੱਬ ਦ੍ਰਿਸ਼ਟੀ ਦੀ ਪ੍ਰਾਪਤੀ ਦਾ ਸਬੂਤ–ਸਰੀਰ ਤੋਂ ਆਜ਼ਾਦ ਹੋਈ ਆਤਮਾ–**

ਭਾਈ ਸਾਹਿਬ ਜੀ ਨੇ ਆਪਣੇ ਮਾਤਾ ਜੀ ਦੇ ਚਲਾਣੇ ਸੰਬੰਧੀ ੮/੬/੧੯੨੭ ਨੂੰ ਨਾਗਪੁਰ ਜੇਲ੍ਹ ਵਿਚੋਂ ਲਿਖੀ ਪਤ੍ਰਕਾ ਆਪਣੀ ਸਪੁਤ੍ਰੀ ਬੀਬੀ ਦਲੇਰ ਕੌਰ ਦੇ ਨਾਮ ਲਿਖਿਆ ਹੈ :–

" ..ਪੰਜ ਭੂਤਕ ਸਰੀਰ ਵਿਚੋਂ ਆਜ਼ਾਦ ਹੋਈ ਆਤਮਾ (ਰੂਹ) ਦਿੱਬ ਦ੍ਰਿਸ਼ਟ ਹੋ ਜਾਂਦੀ ਹੈ, **ਅਰਥਾਤ,** ਉਨ੍ਹਾਂ ਅਖੀਆਂ ਅੱਗੇ ਪੜਦਾ ਕੋਈ ਨਹੀਂ ਰਹਿੰਦਾ । ਸਰੀਰ ਵਾਲੀਆਂ ਸਥੂਲ ਅਖੀਆਂ ਅੱਗੇ ਤਾਂ ਓਹਲਾ ਪੜਦਾ ਪੈ ਸਕਦਾ ਹੈ, ਆਤਮ ਦਿੱਬ ਦ੍ਰਿਸ਼ਟੀ ਵਾਲੀਆਂ ਅੱਖੀਆਂ ਸੈਂਕੜਿਆਂ ਹਜ਼ਾਰਾਂ ਲੱਖਾਂ ਕੋਹਾਂ ਦੀਆਂ ਵਿਥਾਂ ਤੋਂ ਭੀ ਸੰਸਾਰੀ ਜੀਵਾਂ ਦੇ **ਅੰਦਰ ਬਾਹਰ** ਦਾ ਹਾਲ ਐਉਂ ਦੇਖ ਲੈਂਦੀਆਂ ਹਨ ਜਿਵੇਂ ਜਾਣੋ ਉਨ੍ਹਾਂ ਤੋਂ ਕੁੱਝ ਭੀ ਗੁੱਝਾ ਨਹੀਂ ਰਹਿੰਦਾ । ਐਉਂ ਜਾਣੋ ਅਤੇ ਪਰਪੱਕ ਨਿਸਚੇ ਕਰਕੇ ਜਾਣੋ ਕਿ ਸ੍ਰੀ ਮਾਤਾ ਜੀ ਸਾਥੋਂ ਵਿਛੜੇ ਨਹੀਂ, ਸਗੋਂ ਸਾਡੇ ਨੇੜੇ ਹੁੰ ਤੇ ਨੇੜ ਹੋ ਕੇ ਉਨ੍ਹਾਂ ਦੀ ਆਤਮਾ ਸਾਡਾ ਸਾਰਾ ਹਾਲ ਵੇਖਦੀ ਸੁਣਦੀ ਹੈ। ਸਾਡੀਆਂ ਸਥੂਲ ਅੱਖੀਆਂ ਨੂੰ ਉਹ ਨਹੀਂ ਦੀਹਦੇ, ਪਰ ਉਹ ਸਾਨੂੰ ਦੇਖਦੇ ਹਨ, ਹਨੇਰੇ ਵਿਚ ਭੀ ਦੇਖਦੇ ਹਨ। ਸੁਤੰਤਰ ਆਤਮਾ ਨੂੰ ਹਨੇਰਾ ਕਿਥੇ ? ਅੰਨੇਰ ਗੁਬਾਰ ਏਨ੍ਹਾਂ ਸੰਸਾਰੀ ਪਰਤੰਤਰ ਜੀਵਾਂ ਨੂੰ ਹੈ। **ਨਾਮ ਅਭਿਆਸ ਦੀ ਉੱਚੀ ਕਮਾਈ ਵਾਲੇ ਪ੍ਰਾਣੀਆਂ ਨੂੰ ਸੰਸਾਰ ਵਿਚ ਰਹਿੰਦੇ ਹੋਏ ਭੀ ਦਿੱਬ ਦ੍ਰਿਸ਼ਟੀ ਪ੍ਰਾਪਤ ਹੋ ਜਾਂਦੀ ਹੈ**। ਸਥੂਲ ਸਰੀਰ ਵਿਚ ਬਿਰਾਜਦੀ ਹੋਈ ਵੀ ਉਨ੍ਹਾਂ ਦੀ ਆਤਮਾ ਸੁਤੰਤਰ ਹੋ ਜਾਂਦੀ ਹੈ। ਤਿਨ੍ਹਾਂ ਨੂੰ ਪਰਲੋਕ-ਗਾਮੀ ਰੂਹਾਂ ਦਾ ਦਰਸ਼ਨ-ਨਜ਼ਾਰਾ ਭੀ ਹੋ ਜਾਂਵਦਾ ਹੈ। **ਇਹ ਬਰੀਕ ਡੂੰਘੀਆਂ ਪ੍ਰਮਾਰਥੀ** ਗੱਲਾਂ ਹਨ। ਹਾਲੇ ਬਚੀਏ ! ਇਹ ਗੱਲਾਂ ਤੇਰੀ ਸਮਝ ਵਿਚ ਆਉਣੀਆਂ ਔਖੀਆਂ ਹਨ। ਜਦੋਂ ਤੇਰੀਆਂ ਨਾਮ ਦੀਆਂ ਕਮਾਈਆਂ ਉਚੀਆਂ ਹੋ ਜਾਣਗੀਆਂ ਉਦੋਂ ਬੀਬੀ ਜੀ ! ਤੈਨੂੰ ਆਪੇ ਹੀ ਏਨ੍ਹਾਂ ਗੂੜ੍ਹ ਗੱਲਾਂ ਦੀ ਸੋਝੀ ਹੋ ਜਾਊ। ਹੁਣ ਬੱਸ ! ਏਤਨਾ ਨਿਸਚਾ ਧਾਰਨਾ ਤੇਰੇ ਵਾਸਤੇ ਗੁਣਕਾਰੀ ਹੈ ਕਿ ਜਿਵੇਂ ਗੁਰੂ ਸਾਡੇ ਅੰਗ ਸੰਗ ਹੈ, ਤਿਵੇਂ ਗੁਰਪੁਰੀ ਵਿਚ ਗਈਆਂ ਰੂਹਾਂ ਭੀ ਸਾਥੋਂ ਦੂਰ ਨਹੀਂ ਅਤੇ ਸਾਡੇ ਸਾਰੇ ਹਾਲਾਂ ਦੇ ਮਹਿਰਮ ਤੇ ਜਾਥੀ ਹਨ। ਏਵੇਂ ਤੁਸੀਂ ਸ੍ਰੀ ਮਾਤਾ ਜੀ ਦੀ ਆਤਮਾ ਨੂੰ ਜਾਨਣਾ !......" [ਜੇਲ੍ਹ ਚਿੱਠੀਆਂ, ਪੰਨਾ ੫੦੦

**੪. ਸੰਤ ਰਣਧੀਰ ਸਿੰਘ ਜੀ 'ਸਤਜਵਾਦੀ ਹਨ**–ਭਾ: ਸਾ: ਭਾਈ ਵੀਰ ਸਿੰਘ ਜੀ ਜੇਲ੍ਹ-ਚਿੱਠੀਆਂ ਪੜ੍ਹ ਕੇ ਲਿਖਦੇ ਹਨ–

"ਸੰਨ ੧੯੦੦ ਦੇ ਲਗ ਪਗ ਤੋਂ ਆਪ ਦਾ ਨਾਮ ਪੰਥ ਵਿਚ ਕਈ ਸੰਬੰਧਾਂ ਵਿਚ ਪ੍ਰਗਟ ਹੁੰਦਾ ਆਇਆ ਹੈ, ਤਦ ਤੋਂ ਹੀ ਆਪ ਦੇ ਆਚਰਣ ਦਾ ਧੁਰਵਾ ਬੱਝਾ ਚਲਾ ਆਇਆ ਹੈ। ਉਸ ਨੂੰ ਜੇ ਥੋੜੇ ਹਰਫ਼ਾਂ ਵਿਚ ਕਹਿਣਾ ਹੋਵੇ ਤਾਂ ਦੋ ਅੱਖਰਾਂ ਵਿਚ ਕਿਹਾ ਜਾ ਸਕਦਾ ਹੈ 'ਸਤਜ'। ਚਾਹੇ ਪਤ੍ਰਾਂ ਦੇ ਲਿਖਣਹਾਰ ਸੰਤ ਰਣਧੀਰ ਸਿੰਘ ਜੀ ਦੀ ਸ਼ਖ਼ਸੀਅਤ ਨਾਲ ਕਿਸੇ ਦਾ ਹਿਤ ਹੋਵੇ ਚਾਹੇ ਅਜੋੜ, ਇਹ ਗੱਲ, ਜਿਥੋਂ ਤਕ ਮੈਂ ਕਹਿ ਸਕਦਾ ਹਾਂ, ਸਾਰੇ ਮੰਨਦੇ ਹਨ ਕਿ ਉਹ 'ਸਤਜਵਾਦੀ' ਸਨ। ਸਤਜਵਾਦੀ ਦਾ ਆਚਰਣ ਉਚਾ ਆਚਰਣ ਹੁੰਦਾ **ਹੈ,** ਕਿਉਂਕਿ ਸਤਜਵਾਦੀ ਦੇ ਮਨ ਵਿਚੋਂ ਆਚਰਣ ਦੇ ਨੁਕਸ, ਜੇ ਕੋਈ ਹੋਣ ਬੀ ਤਾਂ ਵਾਰੋ ਵਾਰੀ ਤਿਲ੍ਹਕਦੇ ਖਿਸਕਦੇ ਨਿਕਲਦੇ ਜਾਂਦੇ ਹਨ ਤੇ ਉਚਤਾ ਆਪੇ ਪ੍ਰਵੇਸ਼ ਕਰਦੀ ਜਾਂਦੀ ਹੈ। ਇਸ ਕਰਕੇ ਸੂਰੇ ਸਤਿਗੁਰੂ ਨੇ ਸਭਨਾਂ ਰੋਗੀਆਂ ਦਾ ਦਾਰੂ 'ਸੱਚ' ਲਿਖਿਆ ਹੈ। **ਸਤਜ ਦੇ ਦ੍ਰਿੜ੍ਹ ਆਚਰਣ ਵਾਲਾ ਜੋ ਕੁਛ ਕਹੇਗਾ, ਉਹ ਯਕੀਨ ਯੋਗ ਹੋਵੇਗਾ, ਜੋ ਕੁਛ ਉਹ ਲਿਖੇਗਾ ਉਸ ਪਰ ਸਭ ਨੂੰ ਅਮੰਨਾ ਆਵੇਗੀ**। ਜਿਸ ਸ਼ੈ ਨੂੰ ਸੁਣ ਯਾ ਪੜ੍ਹ ਕੇ

ਯਕੀਨ ਆ ਜ ਵੇ ਕਿ ਸੱਚ ਹੈ ਉਹੋ ਜਗਤ ਨੂੰ ਸੁਖਦਾਤੀ ਹੁੰਦੀ ਹੈ। ਸੋ ਸਤਜ ਦੇ ਆਚਰਣ ਵਾਲੇ ਸਤਜਵਾਦੀ ਲੇਖਕ ਦੇ ਇਹ ਪਤ੍ਰ ਮੈਂ ਪੜ੍ਹੇ ਹਨ।.....

"ਇਸ ਪੋਥੀ ਵਿਚ ਦਿਤੇ ਹਾਲਾਤ ਅਸਚਰਜਤਾ ਦਾ ਅਸਰ ਪਾਉਂਦੇ ਹਨ, ਪਰ ਵਾਹਿਗੁਰੂ ਅਸਚਰਜ ਹੈ ਤੇ ਉਸ ਦੇ ਪਾਉਣ ਦਾ ਰਸਤਾ ਸਿਫ਼ਤ ਸਲਾਹ ਦ੍ਵਾਰੇ ਪ੍ਰਾਪਤ ਹੋਣ ਵਾਲੀ ਅਸਚਰਜਤਾ ਅਰਥਾਤ ਵਿਸਮਾਦੀ ਘਾਟੀਆਂ ਬਾਣੀ ਜਾਂਦਾ ਹੈ। ਇਸ ਵਿਚ ਦਿਤੇ ਅਸਚਰਜ ਕਰ ਦੇਣ ਵਾਲੇ ਤਜਰਬੇ ਇਕ ਵਿਦਵਾਨ ਤੇ ਨਿਰਛਲ ਸਤਜ ਪਰ ਟਿਕੀ ਵਯਕਤੀ ਦੇ ਹਨ, ਇਸ ਕਰਕੇ ਇਨ੍ਹਾਂ ਨੂੰ ਭਾਵਨਾ ਤੇ ਸ਼ਰਧਾ ਨਾਲ ਪੜ੍ਹ ਕੇ ਲਾਭ ਉਠਾਉਣਾ ਚਾਹੀਏ।"

—ਵੀਰ ਸਿੰਘ, ਅੰਮ੍ਰਿਤਸਰ, ੨੯-੫-੩੬

---

[ਸਫ਼ਾ ੩੦ ਦੀ ਬਾਕੀ]

੪. ਗੁਰਮਤਿ ਬਿਬੇਕ—ਕੀ ਹੈ ? ਗੁਰਮੁਖਿ ਗਾਡੀ ਰਾਹ ਤੇ ਚਲਣਹਾਰੇ ਦੀ ਰਹਿਣ-ਬਹਿਣ ਪ੍ਰਗਟ ਉਣਹਾਰੀ ਸੇਧ ਹੈ।

੫. ਅਣਡਿਠੀ ਦੁਨੀਆ—ਕੀ ਹੈ ? ਦਿਸਦੀ ਦੁਨੀਆ ਤੋਂ ਪਰੇ ਪਾਰਲੌਕਿਕ ਦੁਨੀਆ ਤੇ ਚਾਨਣ ਪਾਉਣਹਾਰੀ ਰੌਸ਼ਨੀ ਹੈ।

੬. ਗੁਰਮਤਿ ਨਾਮ ਅਭਿਆਸ ਕਮਾਈ—ਕੀ ਹੈ ? ਨਾਮ-ਅਭਿਆਸ ਦੀ ਲੋੜ ਤੇ ਜੁਗਤੀ ਦਾ ਅਹਿਸਾਸ ਕਰਾਉਣ-ਹਾਰ ਦਵਾਈ ਹੈ।

੭. ਕਥਾ ਕੀਰਤਨ—ਕੀ ਹੈ ? ਕਥਾ ਕੀਰਤਨ ਦੀਆਂ ਰਮਜ਼ਾਂ ਦੀ ਇਸ ਵਿਚ ਸਮਝਾਈ ਹੈ।

੮. ਸਿੰਘਾਂ ਦਾ ਪੰਥ ਨਿਰਾਲਾ—ਕੀ ਹੈ ? ਬਿਪ੍ਰਨ ਪ੍ਰੀਤ-ਰੀਤ ਤਿਆਗ ਕੇ ਗੁਰੂ-ਘਰ ਦਾ ਅਪਣਾਇਆ ਦਰਸਾਇਆ ਰਸਤਾ ਹੈ।

੯. ਜੋਤਿ ਵਿਗਾਸ (ਮਹਾਂ ਕਾਵਿ)—ਕੀ ਹੈ ? ਭਾਈ ਸਾਹਿਬ ਵਲੋਂ, ਸਾਹਿਬ ਤੁਠੇ ਪਾਇਆ ਗੁਰਮਤਿ ਗੁਣਾਂ ਦਾ ਗੁਲਦਸਤਾ ਹੈ।

---

# ਅਖੰਡ ਕੀਰਤਨੀ ਜਥਾ ਯੂ.ਕੇ.—ਕਮੇਟੀ ਦੀ ਚੋਣ

ਅਖੰਡ ਕੀਰਤਨੀ ਜਥਾ ਯੂ.ਕੇ. ਦੀ ਜਨਰਲ ਬਾਡੀ ਦੀ ਮੀਟਿੰਗ ਵਿਚ ਸਰਬ ਸੰਮਤੀ ਨਾਲ ਭਾਈ ਰਾਮ ਸਿੰਘ ਜੀ ਗ੍ਰੇਵਜ਼ੈਂਡ ਨੂੰ ਜਥੇਦਾਰ ਚੁਣਿਆ ਗਿਆ ਅਤੇ ਜਨਰਲ ਸੈਕਟਰੀ ਦੀ ਸੇਵਾ ਲਈ ਪਹਿਲੇ ਦੀ ਤਰ੍ਹਾਂ ਭਾਈ ਗੁਰਨਾਮ ਸਿੰਘ ਜੀ ਰੇਡਿੰਗ ਨੂੰ ਹੀ ਯੋਗ ਸਮਝ ਕੇ, ਇਸ ਸੇਵਾ ਲਈ ਬਰਕਰਾਰ ਰਖਿਆ ਗਿਆ। ਭਾਈ ਗੁਰਨਾਮ ਸਿੰਘ ਜੀ ਇਹ ਸੇਵਾ ਕਈ ਸਾਲਾਂ ਤੋਂ ਨਿਸ਼ਕਾਮ ਭਾਵਨਾ ਅਤੇ ਨਿਪੁੰਨਤਾ ਨਾਲ ਨਿਭਾਉਂਦੇ ਆ ਰਹੇ ਹਨ। ਸਤਿਗੁਰੂ ਸੇਵਕਾਂ ਨੂੰ ਨਿਮਰਤਾ-ਗਰੀਬੀ ਵਿਚ ਰਖ ਕੇ ਵਧ ਤੋਂ ਵਧ ਸੇਵਾ ਨਿਭਾਉਣ ਦਾ ਬਲ ਬਖਸ਼ਣ।

# ਜਥੇਬੰਦੀ ਦੇ ਨਿਯਮਾਂ ਵਿਚ ਰਹਿ ਕੇ ਸੇਵਾ ਕਰੋ

ਦੇਸ ਪਰਦੇਸ ਦੇ ਅਖੰਡ ਕੀਰਤਨੀ ਜਥਿਆਂ ਦੇ ਵੀਰਾਂ/ਭੈਣਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਉਹ ਜਥੇਬੰਦੀ ਦੇ ਨਿਯਮਾਂ ਅਨੁਸਾਰ ਵਿਚਰਨ ਅਤੇ ਕੋਈ ਅਜਿਹੀ ਕਾਰਵਾਈ ਨਾ ਕਰਨ ਜਿਸ ਨਾਲ ਜਥੇਬੰਦੀ ਵਿਚ ਤ੍ਰੇੜ ਪੈਦਾ ਹੋਵੇ। ਜਥੇਬੰਦੀ ਦੀ ਸੰਮਤੀ ਤੋਂ ਬਗੈਰ ਕੋਈ ਆਪ-ਹੁਦਰਾ ਇਤਰਾਜ਼ ਯੋਗ ਪ੍ਰੋਗਰਾਮ ਨਾ ਉਲੀਕਿਆ ਜਾਵੇ। 'ਗੁਰਸਿੱਖੀ' ਪ੍ਰੇਮ-ਪਿਆਰ ਅਤੇ ਸੰਗਤੀ ਮੇਲ-ਮਿਲਾਪ ਦਾ ਮਾਰਗ ਹੈ। ਆਤਮਿਕ ਉਨਤੀ ਦੇ ਚਾਹਵਾਨ ਹਰੇਕ ਗੁਰਸਿਖ ਲਈ ਪਰਸਪਰ ਪ੍ਰੇਮ-ਪਿਆਰ ਅਤੇ ਨਿਮਰਤਾ ਭਾਵ ਵਿਚ ਵਿਚਰਨਾ ਹੀ ਲਾਹੇਵੰਦਾ ਅਤੇ ਸ਼ੋਭਨੀਕ ਹੈ।



www.AKJ.Org

# 'ਤੂੰ ਪਰਬਤ ਮੇਰਾ ਓਲ੍ਹਾ'

[ਪ੍ਰਿੰਸੀਪਲ ਸੁਜਾਨ ਸਿੰਘ ਜੀ, ਗੁਰਦਾਸਪੁਰ, ਜੋ 21-4-93 ਨੂੰ ਇਸ ਅਸਾਰ ਸੰਸਾਰ ਦਾ ਸਾਥ ਛਡ ਗਏ]

ਇਕ ਦਿਨ ਦਸਮੇਸ਼ ਪਿਤਾ ਸਿੰਘਾਂ ਦੀ ਸਭਾ ਵਿਚ ਗੱਦੀ ਤੇ ਬਿਰਾਜਮਾਨ ਸਨ । ਸੰਗਤ ਦਰਸ਼ਨ ਕਰ ਕੇ ਜੀਵਨ-ਲਾਭ ਪ੍ਰਾਪਤ ਕਰ ਰਹੀ ਸੀ। ਅਚਾਨਕ ਬਾਹਰੋਂ ਕਿਸੇ ਦੇ ਰੋਣ ਦੀ ਅਵਾਜ਼ ਆਈ। ਜਦੋਂ ਇਹ ਅਵਾਜ਼ ਸਤਿਗੁਰਾਂ ਦੇ ਕੰਨੀਂ ਪਈ ਤਾਂ ਉਸੇ ਵੇਲੇ ਇਕ ਹਜ਼ੂਰੀ ਸਿੰਘ ਨੂੰ ਉਨ੍ਹਾਂ ਆਗਿਆ ਕੀਤੀ, ਭਾਈ ਜੀ, ਵੇਖੋ ਬਾਹਰ ਕੌਣ ਰੋ ਰਿਹਾ ਹੈ ਅਤੇ ਉਸ ਦੇ ਇਸ ਤਰ੍ਹਾਂ ਵਿਰਲਾਪ ਕਰਨ ਦਾ ਕੀ ਕਾਰਨ ਹੈ ? ਇਸ ਨੂੰ ਕਿਸ ਨੇ ਦੁਖੀ ਕੀਤਾ ਹੈ ਜੋ ਇਦਾਂ ਦੁਹਾਈ ਦੇ ਰਿਹਾ ਹੈ ?"

ਇਹ ਆਗਿਆ ਪਾ ਕੇ ਹਜ਼ੂਰੀ ਸਿੰਘ ਸਤਿਗੁਰਾਂ ਨੂੰ ਸੀਸ ਨਿਵਾ ਕੇ ਬਾਹਰ ਸਾਰੀ ਗੱਲ ਦਾ ਪਤਾ ਕਰਨ ਗਿਆ। ਬਾਹਰ ਇਕ ਬ੍ਰਾਹਮਣ ਖੜਾ ਸੀ, ਜੋ ਉੱਚੀ ਰੋ ਰੋ ਕੇ ਦੁਹਾਈ ਦੇ ਰਿਹਾ ਸੀ। ਸਿੰਘ ਨੇ ਉਸ ਨੂੰ ਧੀਰਜ ਨਾਲ ਆਪਣਾ ਦੁੱਖ ਦੱਸਣ ਲਈ ਕਿਹਾ। ਹਟਕੋਰੇ ਲੈਂਦੇ ਬ੍ਰਾਹਮਣ ਨੇ ਦੱਸਿਆ, "ਸਿੰਘ ਜੀ, ਇਸ ਦੀਨ ਬ੍ਰਾਹਮਣ ਦੀ ਪਤਨੀ ਇਕ ਪਠਾਣ ਸਰਦਾਰ ਨੇ ਖੋਹ ਲਈ ਹੈ ਅਤੇ ਲੱਖ ਜਤਨ ਕਰਨ ਤੇ ਵੀ ਮੋੜ ਨਹੀਂ ਰਿਹਾ। ਸਭ ਪਾਸਿਓਂ ਨਿਰਾਸ ਹੋ ਕੇ ਮੈਂ ਧਰਮ-ਧ੍ਵਜਾ ਸ੍ਰੀ ਗੁਰੂ ਜੀ ਦੇ ਦਰਬਾਰ ਵਿਚ ਬਾਹੁੜੀ ਲਈ ਹਾਜ਼ਰ ਹੋਇਆ ਹਾਂ। ਸਾਰੀ ਗੱਲ ਮੈਂ ਸਤਿਗੁਰੂ ਜੀ ਦੀ ਉਪਸਥਿਤੀ ਵਿਚ ਬਿਨੈ ਕਰਾਂਗਾ।"

ਸਿੰਘ ਗੁਰੂ ਜੀ ਦੀ ਹਜ਼ੂਰੀ ਵਿਚ ਪਹੁੰਚਾ ਤੇ ਜੋ ਕੁਝ ਬ੍ਰਾਹਮਣ ਤੋਂ ਸੁਣਿਆ ਸੀ, ਗੁਰੂ ਜੀ ਨੂੰ ਅਦਬ ਨਾਲ ਕਹਿ ਸੁਣਾਇਆ। ਸਤਿਗੁਰਾਂ ਨੇ ਉਸ ਨੂੰ ਆਪਣੇ ਪਾਸ ਬੁਲਾਇਆ। ਬ੍ਰਾਹਮਣ ਰੋਈ ਹੀ ਜਾ ਰਿਹਾ ਸੀ। ਸਤਿਗੁਰਾਂ ਨੇ ਉਸ ਨੂੰ ਧੀਰਜ ਦਿੱਤਾ, ਅਭੈਦਾਨ ਦਿਤਾ ਅਤੇ ਤਸੱਲੀ ਨਾਲ ਆਪਣੀ ਦੁੱਖ-ਕਥਾ ਸੁਣਾਉਣ ਲਈ ਕਿਹਾ।

ਕਰੁਣਾ-ਜਨਕ ਰੋਣੀ ਅਵਾਜ਼ ਵਿਚ ਬ੍ਰਾਹਮਣ ਨੇ ਹੱਥ ਜੋੜ ਕੇ ਆਪਣੀ ਵਿਥਿਆ ਤੇ ਵੇਦਨਾ ਦੱਸਣੀ ਸ਼ੁਰੂ ਕੀਤੀ : "ਹੇ ਧਰਮ-ਧ੍ਵਜਾ ਪ੍ਰਭੂ ! ਸਾਰਿਆਂ ਪਾਸਿਆਂ ਤੋਂ ਨਿਰਾਸ ਹੋ ਕੇ ਮੈਂ ਤੁਹਾਡੀ ਸ਼ਰਨ ਆਇਆ ਹਾਂ, ਮੇਰੇ ਤੇ ਬਸੀ ਦੇ ਪਠਾਣ ਸਰਦਾਰ ਨੇ ਅਤਿਆਚਾਰ ਕੀਤਾ ਹੈ। ਉਹ ਹੰਕਾਰ ਨਾਲ ਅੰਨ੍ਹਾ ਹੋਇਆ ਹੋਇਆ ਹੈ। ਮੈਂ ਆਪਣੀ ਬਹੂ ਦਾ ਮੁਕਲਾਵਾ ਲੈ ਕੇ ਜਾ ਰਿਹਾ ਸਾਂ। ਮੇਰੀ ਪਤਨੀ ਨੇ ਡੋਲੇ ਦਾ ਪਰਦਾ ਚੁੱਕ ਕੇ ਬਾਹਰ ਝਾਕਿਆ। ਇਹ ਪਠਾਣ ਆਪਣੇ ਸਸ਼ਤਰ* ਸਾਥੀਆਂ ਨਾਲ ਘੋੜੇ ਤੇ ਸਵਾਰ ਬਾਹਰ ਨਿਕਲਿਆ ਸੀ। ਇਸ ਨੇ ਮੇਰੀ ਰੂਪਵਤੀ ਯੁਵਤੀ ਪਤਨੀ ਨੂੰ ਦੇਖਿਆ ਤਾਂ ਝਟ ਹਮਲਾ ਕਰ ਕੇ ਕਹਾਰਾਂ ਨੂੰ ਨਸਾ ਦਿੱਤਾ ਤੇ ਮੇਰੀ ਪਤਨੀ ਨੂੰ ਆਪਣੇ ਸਤਰ ਵਿਚ ਦਾਖ਼ਲ ਕਰ ਲਿਆ। ਮੈਂ ਹਾਲ-ਪੁਕਾਰ ਕੀਤੀ ਤਾਂ ਮੈਨੂੰ ਕੁੱਟਿਆ। ਮੈਂ ਜਿੱਥੇ ਕਿੱਥੇ ਫ਼ਰਿਆਦ ਕੀਤੀ, ਉਸ ਨੇ ਮੇਰੀ ਇਕ ਨਹੀਂ ਚੱਲਣ ਦਿੱਤੀ। ਮੈਂ ਕੋਤਵਾਲ ਕੋਲ ਗਿਆ, ਪਰ ਉਸ ਨੇ ਮੇਰੀ ਕੋਈ ਸੁਣੀ ਹੀ ਨਹੀਂ। ਫੇਰ ਮੈਂ ਕਾਜ਼ੀ ਕੋਲ ਗਿਆ ਤਾਂ ਉਹ ਕਾਜ਼ੀ ਨੂੰ ਪਹਿਲੋਂ ਹੀ ਮਿਲ ਚੁੱਕਾ ਸੀ। ਖ਼ਬਰੇ ਉਸ ਨੇ ਕਾਜ਼ੀ ਨੂੰ ਵੱਡੀ ਰਿਸ਼ਵਤ ਦੇ ਦਿੱਤੀ ਸੀ। ਕਾਜ਼ੀ ਨੇ ਸਗੋਂ ਮੈਨੂੰ ਡਰਾਉਣਾ ਧਮਕਾਉਣਾ ਸ਼ੁਰੂ ਕਰ ਦਿੱਤਾ। ਕਈ ਲੋਕ ਤਾਂ ਉਸ ਤੋਂ ਡਰਦੇ ਹਨ, ਕਈ ਉਸ ਦੇ ਅਸਰ ਹੇਠ ਹਨ ਅਤੇ ਕੁਝ-ਇਕ ਨੂੰ ਉਹ ਵੱਢੀ ਦੇ ਕੇ ਚੁੱਪ ਕਰਾ ਦਿੰਦਾ ਹੈ। ਕਿਸੇ ਨੇ ਮੇਰਾ ਨਿਆਂ ਨਹੀਂ ਕੀਤਾ। ਹੁਣ ਮੈਂ ਅਤੀ ਦੁਖੀ ਹੋ ਕੇ ਤੁਹਾਡੇ ਚਰਨਾਂ ਵਿਚ ਉਪਸਥਿਤ ਹੋਇਆ ਹਾਂ। ਸਤਿਗੁਰ ਸੁਆਮੀ, ਮੈਨੂੰ ਮੇਰੀ ਪਤਨੀ ਮਿਲਣੀ ਚਾਹੀਦੀ ਹੈ। ਜੇ ਇਹ ਨਾ ਹੋ ਸਕਿਆ ਤਾਂ ਮੈਂ ਆਪ ਜੀ ਦੇ ਸਿੰਘ-ਦੁਆਰ ਅੱਗੇ ਚਿੱਤਾ ਬਣਾ ਕੇ ਸੜ ਮਰਾਂਗਾ। ਮੇਰੇ ਜੀਉਣ ਦਾ ਕੋਈ ਧਰਮ ਨਹੀਂ ਅਤੇ ਆਪ ਤੋਂ ਬਿਨਾਂ ਹੁਣ ਮੈਨੂੰ ਕੋਈ ਹੋਰ ਸਹਾਇਕ ਵੀ ਨਹੀਂ ਨਜ਼ਰ ਆਉਂਦਾ।"

ਇਹ ਕਹਿ ਕੇ ਉਸ ਨੇ ਫੇਰ ਢਾਹਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਸਤਿਗੁਰੂ ਜੀ ਨੇ ਕਿਹਾ, "ਬਿੱਪਰ !

*ਹਥਿਆਰਬੰਦ



www.AKJ.Org

ਕਿਉਂ ਅਬਲਾਂ ਵਾਂਗ ਰੋਂਦਾ ਹੈਂ ? ਕਹਿੰਦੇ ਹਨ ਕਿ ਬ੍ਰਹਮ ਤੇਜ ਵਿਚੋਂ ਤੁਹਾਡਾ ਜਨਮ ਹੈ। ਉਹ ਤੇਜ ਹੁਣ ਤੁਹਾਡਾ ਕਿੱਥੇ ? ਕਿਰਤ ਤੋਂ ਹੀਣੇ ਹੋਣ ਕਾਰਨ ਤੁਹਾਡੇ ਵਿਚ ਬਲ ਨਹੀਂ ਰਿਹਾ। ਮਾਂਗਤ ਬਣ ਕੇ ਤੁਸੀਂ ਆਪਣਾ ਤੇਜ ਗੁਆ ਲਿਆ ਹੈ। ਪਰਸਰਾਮ ਕਿਰਤ ਕਰਦਾ ਸੀ, ਉਹ ਭਗਵਾਨ ਰਾਮ ਦੇ ਸਾਹਮਣੇ ਖਲੋ ਗਿਆ ਸੀ। ਦਰੋਣਾਚਾਰਯ, ਕ੍ਰਿਪਾਚਾਰਯ, ਸਭ ਅਸਤਰ ਸ਼ਸਤਰ ਵਿਦਿਆ ਦੇ ਆਚਾਰਜ ਸਨ। ਇਹ ਗੁਣ ਸਿਖਾ ਕੇ ਉਪਜੀਵਕਾ ਲਈ ਧਨ ਲੈਂਦੇ ਸਨ। ਉਹ ਮਹਾਨ ਯੋਧੇ ਸਨ। ਜੁੱਧ ਵਿਚ ਛਤ੍ਰੀਆਂ ਨੂੰ ਭਜਾ ਦਿੰਦੇ ਸਨ। ਪਰ ਤੁਸੀਂ ਨਿਰਜੀਵ ਦੇਵਤਿਆਂ ਦੀ ਲੋਭ ਹਿੱਤ ਪੂਜਾ ਕਰਵਾ ਕਰਵਾ ਕੇ ਛੱਤਰੀਆਂ ਨੂੰ ਵੀ ਨਿਰਜੀਵ ਕਰ ਛੱਡਿਆ ਹੈ। ਵੈਸ਼ਾਂ ਤੇ ਸੂਦਰਾਂ ਵਿਚ ਜੇ ਕੁਝ ਕਣ ਹੈ ਤਾਂ ਕਿਸ ਕੰਮ ! ਤੁਸੀਂ ਉਹਨਾਂ ਤੋਂ ਕੀ ਸਹਾਇਤਾ ਲੈਣੀ ਹੈ ? ਉਨ੍ਹਾਂ ਨਾਲ ਤਾਂ ਤੁਸੀਂ ਰੱਲ ਬੈਠਣ ਨੂੰ ਤਿਆਰ ਨਹੀਂ ਤੇ ਛੱਤ੍ਰੀਆਂ ਨੂੰ ਵੀ ਉਨ੍ਹਾਂ ਨਾਲ ਮਿਲਣ ਨਹੀਂ ਦਿੰਦੇ। ਪੰਡਿਤ ਜੀ, ਫੇਰ ਤੁਹਾਡੀ ਰੱਖਿਆ ਕੌਣ ਕਰੇ ? 'ਹਿੰਮਤ ਕੋ ਹਮਾਇਤੀ ਹਰਿ ਹੈ', ਪਰ ਤੁਸਾਂ ਤਾਂ ਹਿੰਮਤ ਵੀ ਹਾਰ ਛੱਡੀ ਹੈ। ਰੋਣਾ ਛੱਡੋ। ਧੀਰਜ ਧਰੋ। ਇਹ ਗੁਰੂ ਨਾਨਕ ਗੁਰੂ ਤੇਗ ਬਹਾਦਰ ਜੀ ਦੀ ਗੱਦੀ ਹੈ। ਮਜ਼ਲੂਮ ਦੀ ਇਹ ਸਹਾਇਕ ਹੈ। ਜ਼ੁਲਮ ਤੋਂ ਦੀਨ ਦੀ ਰਖਿਆ ਲਈ ਇਥੇ ਸਿਰ ਤਕ ਦਾਨ ਕਰ ਦਿੱਤਾ ਜਾਂਦਾ ਹੈ। 'ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ'।* 'ਦੀਨ ਵਿਚ ਸਲੇਸ਼ ਹੈ। ਦੀਨ ਦਾ ਅਰਥ ਧਰਮ ਵੀ ਹੈ ਤੇ ਗਰੀਬ ਮਜ਼ਲੂਮ ਵੀ। ਇਸ ਲਈ ਧੀਰਜ ਧਰੋ।"

ਕਲਗੀਧਰ ਦੇ ਇਹ ਗਿਆਨ ਅਤੇ ਓਜ ਭਰੇ ਸ਼ਬਦ ਸੁਣ ਕੇ ਉਦੈ ਸਿੰਘ, ਆਲਮ ਸਿੰਘ, ਦਇਆ ਸਿੰਘ, ਬਚਿੱਤਰ ਸਿੰਘ, ਹਿੰਮਤ ਸਿੰਘ, ਮਾਨ ਸਿੰਘ, ਮੁਹਕਮ ਸਿੰਘ, ਟੇਕ ਸਿੰਘ, ਧਰਮ ਸਿੰਘ, ਸਾਹਿਬ ਸਿੰਘ, ਈਸ਼ਰ ਸਿੰਘ ਆਦਿ ਜੋਧਿਆਂ ਦੀਆਂ ਬਾਹਾਂ ਫਰਕਣ ਲੱਗ ਪਈਆਂ। ਉਨ੍ਹਾਂ ਦੀਆਂ ਭਵਾਂ ਚੜ੍ਹ ਗਈਆਂ ਤੇ ਨੇਤਰ ਲਾਲ ਹੋ ਗਏ ਅਤੇ ਉਹ ਸਤਿਗੁਰਾਂ ਦੀ ਆਗਿਆ ਦੀ ਉਡੀਕ ਕਰਨ ਲੱਗੇ।

ਪਰ ਸਤਿਗੁਰਾਂ ਬ੍ਰਾਹਮਣ ਨੂੰ ਪੁੱਛਿਆ, "ਪੰਡਿਤ ਜੀ, ਇਹ ਬਸੀ ਕਿਹੜੀ ਹੈ ? ਸਰਹਿੰਦ ਵਾਲੀ ਕਿ ਕੋਈ ਹੋਰ ?

ਬ੍ਰਾਹਮਣ ਨੇ ਉੱਤਰ ਦਿੱਤਾ, "ਹੇ ਦਿਆਲ ਸਤਿਗੁਰੂ ! ਇਹ ਬਸੀ ਹੁਸ਼ਿਆਰਪੁਰ ਦੇ ਲਾਗੇ ਹੈ।"

ਸਤਿਗੁਰਾਂ ਫੁਰਮਾਇਆ, "ਦਿਨ ਤਿੰਨ ਪਹਿਰ ਤੋਂ ਉਪਰ ਬੀਤ ਗਿਆ ਹੈ। ਰਾਹ ਵਿਚ ਸਤਲੁੱਦਰ ਦੀ ਪ੍ਰਬਲ ਧਾਰਾ ਹੈ। ਛੇਤੀ ਕਰਨੀ ਚਾਹੀਦੀ ਹੈ। ਜਾਓ, ਕੋਈ ਸਿੰਘ ਅਜੀਤ ਸਿੰਘ ਜੀ ਨੂੰ ਬੁਲਾ ਲਿਆਓ !"

ਉਦੇ ਸਿੰਘ ਨੇ ਕਿਹਾ, "ਸਾਹਿਬੋ, ਸਾਹਿਬਜ਼ਾਦਾ ਜੀ ਨੂੰ ਕਿਉਂ ਬੁਲਾਉਂਦੇ ਹੋ ? ਸਾਡੇ ਵਿਚੋਂ ਕਿਸੇ ਨੂੰ ਹੁਕਮ ਕਰੋ। ਕਲ੍ਹ ਦਿਨ ਚੜ੍ਹਦੇ ਤੱਕ ਆਪ ਦੀ ਆਗਿਆ ਅਨੁਸਾਰ ਕੰਮ ਮੁਕਾ ਕੇ ਹਾਜ਼ਰ ਹੋ ਜਾਵਾਂਗੇ।"

ਸਾਹਿਬ ਸਾਰਿਆਂ ਸਿੰਘਾਂ ਦੇ ਨੇਤਰਾਂ ਵਿਚ ਇਹੋ ਭਾਵ ਝਲਕਦਾ ਦੇਖ ਕੇ ਮੁਸਕਰਾਏ। "ਸਿੰਘੋ !" ਉਨ੍ਹਾਂ ਬੜੇ ਪਿਆਰ ਨਾਲ ਬਚਨ ਕਹੇ, "ਤੁਸੀਂ ਸਾਹਿਬਜ਼ਾਦਿਆਂ ਦੀ ਥਾਂ ਆਪ ਦੁੱਖ ਝੱਲਣ ਨੂੰ ਤਿਆਰ ਹੋ, ਕਿਉਂਕਿ ਉਹ ਮੇਰੇ ਪੁੱਤਰ ਹਨ। ਖ਼ਾਲਸਾ ਜੀ, ਤੁਸੀਂ ਸਾਰੇ ਮੇਰੀ ਸੰਤਾਨ ਹੋ। ਤੁਹਾਡੇ ਵਿਚੋਂ ਕੋਈ ਵੀ ਮੈਨੂੰ ਅਜੀਤ ਸਿੰਘ ਕੋਲੋਂ ਘੱਟ ਪਿਆਰਾ ਨਹੀਂ। ਤੁਸਾਂ ਗੁਰੂ ਨਾਨਕ ਦੀ ਗੱਦੀ ਨੂੰ ਸੀਸ ਭੇਟ ਕਰ ਕੇ ਸਿੱਖੀ ਪ੍ਰਾਪਤ ਕੀਤੀ ਹੈ। ਖਾਲਸਾ ਜੀ, ਤੁਸੀਂ ਧੰਨ ਹੋ। ਅਜੀਤ ਸਿੰਘ ਵੀ ਮੈਨੂੰ ਇਸ ਕਰਕੇ ਪਿਆਰੇ ਹਨ ਕਿ ਉਹ ਤੁਹਾਡੇ ਵਿਚੋਂ ਇਕ ਹਨ। ਉਹ ਵੀ ਖਾਲਸੇ ਹਨ ਤੇ ਤੁਸੀਂ ਵੀ ਖਾਲਸੇ ਹੋ। ਤੁਸੀਂ ਸਾਹਿਬਜ਼ਾਦੇ ਨੂੰ ਖ਼ਤਰਿਆਂ ਤੋਂ ਬਚਾ ਕੇ ਆਪ ਖ਼ਤਰੇ ਮੁੱਲ ਲੈਣੇ ਚਾਹੁੰਦੇ ਹੋ। ਮੈਂ ਤੁਹਾਡੇ ਲਈ ਇਨ੍ਹਾਂ ਨੂੰ ਖ਼ਤਰੇ ਵਿਚ ਪੈਣਾ ਸਿਖਾਉਣਾ ਚਾਹੁੰਦਾ ਹਾਂ !"

ਸਿੰਘ ਸਤਿਗੁਰਾਂ ਦੇ ਇਹ ਬਚਨ ਸੁਣ ਕੇ ਗਦ ਗਦ ਹੋ ਗਏ। ਕਈਆਂ ਦੇ ਨੇਤਰ ਪਿਆਰ ਨਾਲ ਡਲ੍ਹਕ ਪਏ। ਉਹਨਾਂ ਨੇ ਸਤਿਗੁਰੂ ਅੱਗੇ ਸਿਰ ਨਿਵਾਏ। ਸਿਰ ਚੁੱਕਦਿਆਂ ਹੀ ਹਿੰਮਤ ਸਿੰਘ ਜੋਸ਼ ਵਿਚ ਆ ਗਏ ਤੇ ਓਜ ਨਾਲ ਓਤਪੋਤ ਹੋ ਕੇ, "ਜੋ ਬੋਲੇ ਸੋ ਨਿਹਾਲ !" ਕਹਿ ਕੇ ਖਾਲਸੇ ਦੇ ਨਾਹਰੇ ਨੂੰ ਸੱਦਾ ਦਿੱਤਾ। ਸਰਬੱਤ ਖਾਲਸੇ

* ਮਾਰੂ ਕਬੀਰ ਜੀ, ਸਲੋਕ, ਪੰਨਾ ੧੧੦੫

ਨੇ ਗੱਜ ਕੇ ਜੈਕਾਰਾ ਲਾਇਆ, "ਸਤਿ ਸ੍ਰੀ ਅਕਾਲ।" ਜਿਸ ਦੀ ਗੂੰਜ ਨੇ ਹਵਾ ਵਿਚ ਲਰਜੇ ਬਣ ਕੇ ਸਤਲੁੱਦਰ ਦੇ ਪਾਣੀਆਂ ਨੂੰ ਲਰਜ਼ਾ ਦਿੱਤਾ ਅਤੇ ਪਰਬਤਾਂ ਨੂੰ ਕੰਬਾ ਦਿਤਾ।

ਜਿਹੜਾ ਸਿੰਘ ਸਤਿਗੁਰੂ ਜੀ ਦਾ ਹੁਕਮ ਪਾ ਕੇ ਗੁਰੂ ਕੁਮਾਰ ਅਜੀਤ ਸਿੰਘ ਜੀ ਨੂੰ ਸਦਣ ਗਿਆ ਸੀ, ਉਸ ਦੇ ਅੱਗੇ ਅੱਗੇ ਅਸਤਰ-ਸ਼ਸਤਰ ਨਾਲ ਲੈਸ ਸਾਹਿਬਜ਼ਾਦਾ ਜੀ ਹਜ਼ੂਰੀ ਵਿਚ ਆ ਕੇ ਗੁਰੂ-ਚਰਨਾਂ ਤੇ ਝੁਕ ਗਏ। ਬੰਦਨਾ ਕਰ ਕੇ ਦੋਵੇਂ ਹੱਥ ਜੋੜ ਕੇ ਖਲੋਤਿਆਂ ਹੀ ਉਨ੍ਹਾਂ ਸਾਰੇ ਖ਼ਾਲਸੇ ਵਲ ਨਜ਼ਰਾਂ ਫੇਰ ਕੇ ਗੱਜ ਕੇ ਕਿਹਾ, "ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹ!" ਅਤੇ ਫੇਰ ਉਹ ਦਸਮੇਸ਼ ਪਿਤਾ ਜੀ ਦੀ ਆਗਿਆ ਦੀ ਉਡੀਕ ਕਰਨ ਲੱਗੇ।

ਸਤਿਗੁਰਾਂ ਅਜੀਤ ਸਿੰਘ ਜੀ ਵੱਲ ਤੱਕਦਿਆਂ ਬਚਨ ਕੀਤਾ, "ਅਜੀਤ ਸਿੰਘ ਜੀ, ਇਸ ਬ੍ਰਾਹਮਣ ਦੀ ਪਤਨੀ ਹੁਸ਼ਿਆਰਪੁਰ ਵਾਲੀ ਬਸੀ ਦੇ ਪਠਾਣ ਨੇ ਖੋਹ ਲਈ ਹੈ। ਇਹ ਬੜਾ ਅਤਿਆਚਾਰ ਹੈ। ਔਰੰਗਜ਼ੇਬ ਦੇ ਰਾਜ ਵਿੱਚ ਨਿਆਂ ਕਿੱਥੇ, ਜੋ ਇਸ ਨੂੰ ਮਿਲ ਜਾਂਦਾ? ਜਿਵੇਂ ਖ਼ਾਲਸਾ ਮੇਰੀ ਸੰਤਾਨ ਹੈ ਤਿਵੇਂ ਹੀ ਜਾਣ ਲਵੋ ਕਿ ਹਰ ਮਜ਼ਬ ਦੇ ਮਜ਼ਲੂਮ ਵੀ ਮੇਰੇ ਪੁੱਤਰਾਂ ਸਮਾਨ ਹਨ। ਉਨ੍ਹਾਂ ਦੀ ਰੱਖਿਆ ਖ਼ਾਲਸੇ ਦਾ ਫ਼ਰਜ਼ ਹੈ। ਜੇ ਹੋਰ ਕਿਸੇ ਤਰ੍ਹਾਂ ਨਿਆਂ ਨਾ ਮਿਲਦਾ ਹੋਵੇ ਤਾਂ ਤਲਵਾਰ ਨਾਲ ਨਿਆਂ ਹਾਸਲ ਕਰਨਾ ਧਰਮ ਹੈ। ਇਸ ਬ੍ਰਾਹਮਣ ਨੇ ਹੋਰ ਸਭ ਹੀਲੇ ਪਰਤਾ ਲਏ ਹਨ। ਹੁਣ ਤੁਹਾਡੀ ਸ਼ਮਸ਼ੇਰ ਇਸ ਦਾ ਹੀਲਾ ਬਣੇਗੀ। ਤਿੰਨ ਚਾਰ ਘੜੀਆਂ ਦਿਨ ਰਹਿੰਦਾ ਹੈ। ਤੁਸਾਂ ਸਤਲੁੱਦਰ ਵੀ ਪਾਰ ਕਰਨਾ ਹੈ। ਤੁਸੀਂ ਇਕ ਸੌ ਘੋੜ-ਸਵਾਰ ਸਿੰਘ ਲੈ ਜਾਵੋ, ਪਰ ਉਨ੍ਹਾਂ ਵਿਚ ਜਥੇਦਾਰਾਂ ਵਿਚੋਂ ਕੋਈ ਵੀ ਤੁਹਾਡੇ ਨਾਲ ਨਹੀਂ ਜਾਏਗਾ।"

ਗੁਰੂ-ਕੁਮਾਰ ਜੀ ਨੇ ਆਗਿਆ ਮੰਨਣ ਦੀ ਨਿਸ਼ਾਨੀ ਸੀਸ ਨਿਵਾਇਆ।

ਗੁਰੂ ਜੀ ਨੇ ਬ੍ਰਾਹਮਣ ਨੂੰ ਆਖਿਆ, "ਪੰਡਿਤ ਜੀ, ਤੁਸੀਂ ਇਥੇ ਹੀ ਰਾਤ ਬਿਸਰਾਮ ਕਰੋ। ਅਜੀਤ ਸਿੰਘ ਜੀ ਤੁਹਾਡੀ ਪਤਨੀ ਸਮੇਤ ਉਸ ਪਾਮਰ ਅਤਿਆਚਾਰੀ ਨੂੰ ਕਲ੍ਹ ਦਰਬਾਰ ਵਿਚ ਪੇਸ਼ ਕਰਨਗੇ।"

ਬ੍ਰਾਹਮਣ ਨੇ ਕਿਹਾ, "ਸਤਿਗੁਰੂ ਜੀ, ਆਪ ਦੇ ਦਰਸ਼ਨ ਕਰ ਕੇ ਮੇਰੇ ਵਿਚ ਹੁਣ ਅੱਗੇ ਵਰਗੀ ਕਾਇਰਤਾ ਨਹੀਂ ਰਹੀ। ਮੈਨੂੰ ਵੀ ਇਕ ਘੋੜਾ ਤੇ ਸ਼ਸਤਰ ਬਖ਼ਸ਼ੋ। ਮੈਂ ਗੁਰੂ-ਕੁਮਾਰ ਜੀ ਦੇ ਨਾਲ ਜਾਵਾਂਗਾ। ਮੈਂ ਰਸਤਾ ਜਾਣਦਾ ਹਾਂ। ਛੇਤੀ ਹੀ ਇਨ੍ਹਾਂ ਨੂੰ ਬਸੀ ਲੈ ਜਾਵਾਂਗਾ।"

ਸਤਿਗੁਰੂ ਮੁਸਕਰਾਏ। ਜਥੇਦਾਰਾਂ ਨੇ ਮਾਨੋ ਸਤਿਗੁਰਾਂ ਦੇ ਬਚਨਾਂ ਨਾਲ ਮੁਰਦੇ ਵਿਚ ਜਾਨ ਪੈਂਦੀ ਦੇਖੀ।

ਸਤਿਗੁਰਾਂ ਕਿਹਾ, "ਠੀਕ ਹੈ ਪੰਡਿਤ ਜੀ, ਅਜੀਤ ਸਿੰਘ ਜੀ ਨਾਲ ਜਾਓ। ਉਹ ਤੁਹਾਨੂੰ ਘੋੜਾ ਤੇ ਸ਼ਸਤਰ ਦੇਣਗੇ। ਅਸਤਰ ਤਾਂ ਸਿਖਿਆ ਬਿਨਾਂ ਨਹੀਂ ਆਉਂਦੇ, ਪਰ ਸ਼ਸਤਰ ਜੋਸ਼ ਨਾਲ ਵੀ ਚਲਾ ਲਈਦੇ ਹਨ। ਅੱਛਾ! ਹੁਣ ਤੁਸੀਂ ਜਾਓ, ਦੇਰ ਨਾ ਕਰੋ। ਜਿੰਨੀਆਂ ਤੁਬਕਾਂ ਚਾਹੀਦੀਆਂ ਹਨ, ਬਰੂਦ-ਸਿੱਕੇ ਸਮੇਤ ਅਸਲਾ-ਖ਼ਾਨੇ ਤੋਂ ਲੈ ਲਵੋ।

(੨)

ਜਦੋਂ ਇਕ ਸੌ ਦੋ ਸਵਾਰਾਂ ਦਾ ਜਥਾ ਜੰਗਲ ਬੇਲੇ ਪਾਰ ਕਰਦਾ ਸਤਲੁੱਦਰ ਦੇ ਕੰਢੇ ਪਹੁੰਚਾ, ਮਸੀਂ ਢਾਈ ਘੜੀਆਂ ਦਿਨ ਬਾਕੀ ਸੀ। ਬੇੜਾ ਇਕੋ ਦਿਸਦਾ ਸੀ ਤੇ ਉਹ ਪੂਰ ਲੈ ਕੇ ਪਰਲੇ ਪਾਰ ਜਾ ਰਿਹਾ ਸੀ। ਉਸ ਦੇ ਮੁੜਨ ਵਿਚ ਕਾਫ਼ੀ ਸਮਾਂ ਲੱਗ ਜਾਣਾ ਸੀ ਤੇ ਬੇੜਾ ਵੀ ਥੋੜੇ ਥੋੜੇ ਕਰ ਕੇ ਘੋੜ-ਸਵਾਰਾਂ ਨੂੰ ਪਾਰ ਲਿਜਾ ਸਕਦਾ ਸੀ। ਰਾਤ ਪਿਆਂ ਤਕ ਮਸੀਂ ਪਾਰ ਜਾਇਆ ਜਾ ਸਕਣਾ ਸੀ। ਸਮਾਂ ਗੁਆਉਣਾ ਹਾਨੀਕਾਰਕ ਸੀ। ਅਜੀਤ ਸਿੰਘ ਜੀ ਨੇ ਜਥੇ ਨੂੰ ਕਿਹਾ ਕਿ ਹੁਣ ਤੇ ਘੋੜਿਆਂ ਉਤੇ ਹੀ ਸਤਲੁੱਦਰ ਦੀ ਧਾਰ ਵਿਚ ਠਿੱਲ੍ਹਿਆਂ ਸਮਾਂ ਬਚ ਸਕਦਾ ਹੈ। ਨਿਰਭੈ ਖ਼ਾਲਸੇ ਨੇ ਇਸ ਸਲਾਹ ਨੂੰ ਸਾਹਿਬਜ਼ਾਦਾ ਜੀ ਦਾ ਹੁਕਮ ਸਮਝ ਕੇ ਜੈਕਾਰਾ ਛੱਡਿਆ ਅਤੇ ਘੋੜੇ ਧਾਰ ਵੱਲ ਵਧਾਏ। ਸਾਹਿਬਜ਼ਾਦਾ ਅਜੀਤ ਸਿੰਘ ਦਾ ਘੋੜਾ ਸਭ ਤੋਂ ਪਹਿਲਾਂ ਪਰਵਾਹ ਵਿਚ ਉਤਰਿਆ। ਸਿੰਘਾਂ ਦੇ ਘੋੜੇ ਵੀ ਜਲ ਵਿਚ ਉਤਰ ਕੇ ਤਰਨ ਲੱਗੇ। ਕੁਝ ਸਿੰਘਾਂ ਨੂੰ ਬ੍ਰਾਹਮਣ ਦੇ ਦਰਿਆ ਵਿਚ ਉੱਤਰ ਸਕਣ ਬਾਰੇ ਸ਼ੱਕ ਹੋਇਆ, ਪਰ ਉਨ੍ਹਾਂ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦ ਉਹ ਵੀ ਹੋਰ ਸਿੰਘਾਂ ਵਾਂਗ ਘੋੜੇ ਨੂੰ ਜਲ ਵਿਚ ਉਤਾਰ ਕੇ


www.AKJ.Org

ਪਰਵਾਹ ਵਿਚ ਪੈ ਗਿਆ। ਸਾਰੇ ਸਿੰਘ ਤਾਰੂ ਸਨ। ਉਨ੍ਹਾਂ ਨੇ ਬ੍ਰਾਹਮਣ ਦਾ ਵਿਸ਼ੇਸ਼ ਧਿਆਨ ਰੱਖਿਆ, ਪਰ ਬ੍ਰਾਹਮਣ ਰਤਾ ਨਾ ਡੋਲਿਆ, ਜਿਵੇਂ ਸਤਿਗੁਰੂ ਦੇ ਦਰਸ਼ਨਾਂ ਤੇ ਸਾਹਿਬਜ਼ਾਦਾ ਅਜੀਤ ਸਿੰਘ ਦੇ ਸਾਥ ਨਾਲ ਉਸ ਦੀ ਸਾਰੀ ਭਟਕਣਾ ਤੇ ਭੈ ਜਾਂਦਾ ਰਿਹਾ ਹੋਵੇ। ਮਸੀਂ ਘੜੀ ਕੁ ਦਿਨ ਰਹਿੰਦਾ ਸੀ ਜਦ ਇਹ ਜਥਾ ਬਿਨਾਂ ਕਿਸੇ ਨੁਕਸਾਨ ਦੇ ਸਤਲੁੱਦਰ ਪਾਰ ਜਾ ਉਤਰਿਆ। ਸਿੰਘਾਂ ਨੇ ਬੜੀ ਖ਼ੂਬੀ ਨਾਲ ਬੰਦੂਕਾਂ ਤੇ ਬਰੂਦ ਨੂੰ ਸੁੱਕਿਆ ਰੱਖਿਆ ਸੀ। ਬਸਤਰਾਂ ਨੂੰ ਰਤਾ-ਮਾਸਾ ਨਿਚੋੜ ਕੇ ਇਹ ਜਥਾ ਜੈਕਾਰਾ ਗਜਾ ਕੇ ਹੁਸ਼ਿਆਰਪੁਰ ਦੇ ਰਾਹੇ ਪੈ ਗਿਆ। ਜਥਾ ਪਿੰਡਾਂ ਵਿਚੋਂ ਦੀ ਛੋਟੇ ਰਸਤੇ ਹੁਸ਼ਿਆਰਪੁਰ ਵੱਲ ਜਾ ਰਿਹਾ ਸੀ। ਜਿੱਥੇ ਕਿਤੇ ਰਸਤਾ ਭੁੱਲਣ ਦਾ ਸ਼ੱਕ ਪੈਂਦਾ, ਅਜੀਤ ਸਿੰਘ ਜੀ ਪਿੰਡਾਂ ਵਾਲਿਆਂ ਨੂੰ ਰਾਹ ਦਸਣ ਲਈ ਨਾਲ ਲੈ ਲੈਂਦੇ ਤੇ ਰਾਹੇ ਪੈ ਕੇ ਉਨ੍ਹਾਂ ਨੂੰ ਵਾਪਸ ਭੇਜ ਦਿੰਦੇ। ਇਸ ਤਰ੍ਹਾਂ ਇਹ ਜਥਾ ਮਾਰੋ ਮਾਰ ਕਰਦਾ ਚੋਆਂ ਤੇ ਟਿੱਬਿਆਂ ਨੂੰ ਪਾਰ ਕਰਦਾ ਅੱਧੀ ਰਾਤ ਤੋਂ ਕੁਝ ਮਗਰੋਂ ਬਸੀ ਨਗਰ ਦੀ ਜੂਹ ਵਿਚ ਜਾ ਪਹੁੰਚਾ।

ਅਜੀਤ ਸਿੰਘ ਜੀ ਨੇ ਬ੍ਰਾਹਮਣ ਦੀ ਸਹਾਇਤਾ ਨਾਲ ਇਸ ਕਸਬੇ ਵਰਗੇ ਪਿੰਡ ਦੇ ਰਸਤੇ ਦੇਖੇ। ਨਾਕਿਆਂ ਤੇ ਆੜ ਦੇਖ ਕੇ ਦਸ ਦਸ ਸਵਾਰ ਬੰਦੂਕਾਂ ਤਿਆਰ ਕਰਾ ਕੇ ਤਿਆਰ-ਬਰ-ਤਿਆਰ ਕਾਇਮ ਕਰ ਦਿੱਤੇ। ਹੁਸ਼ਿਆਰਪੁਰ ਵਾਲੇ ਨਾਕੇ ਤੇ ਵੀਹ ਸਵਾਰ ਕਾਇਮ ਕੀਤੇ। ਇਸ ਤੋਂ ਮਗਰੋਂ ਚੁੱਪ ਚੁਪੀਤੇ ਅਚਾਨਕ ਪਠਾਣ ਦੀ ਗੜ੍ਹੀ-ਨੁਮਾ ਹਵੇਲੀ ਨੂੰ ਘੇਰ ਲਿਆ। ਇਸੇ ਸਮੇਂ ਹਵੇਲੀ ਦਾ ਘੇਰਾ ਘੱਤਣ ਵਾਲਿਆਂ ਪੈਂਤੀਆਂ ਸਿੰਘਾਂ ਵਿਚੋਂ ਪੰਜਾਂ ਨੇ ਅਸਮਾਨ ਵੱਲ ਕਰ ਕੇ ਤੁਬਕਾਂ ਦਾਗ ਦਿੱਤੀਆਂ। ਇਸ ਦੇ ਨਾਲ ਹੀ ਨਾਕਿਆਂ ਤੋਂ ਵਾਰੋ ਵਾਰੀ ਫੋਕੀਆਂ ਵਾੜਾਂ ਝੜਨ ਲੱਗੀਆਂ। ਪਿੰਡ ਵਾਲੇ ਹੋਰ ਪਠਾਣ ਭੈ-ਭੀਤ ਹੋ ਗਏ। ਕੁਝ ਤਾਂ ਜਾਨਾਂ ਬਚਾਉਣ ਲਈ ਖੇਤਾਂ ਵਲ ਨੱਸੇ। ਕੁਝ-ਇਕ ਜੋ ਬਾਹਰ ਨਿਕਲੇ, ਬਾਹਰ ਦੀਆਂ ਵਾੜਾਂ ਤੇ ਅੰਦਰਲੇ ਸ਼ੇਰ-ਬਹਾਦਰ-ਸਿੰਘ-ਸਵਾਰਾਂ ਨੂੰ ਦੇਖ ਕੇ ਫੇਰ ਦੜ ਗਏ। ਕੁਝ ਇਹ ਕਹਿ ਕੇ ਘਰੀਂ ਜਾ ਵੜੇ ਕਿ ਇਹ ਸਰਦਾਰ ਕਸੂਰਵਾਰ ਹੈ, ਇਸ ਨੂੰ ਰੱਖੋ ਭਾਵੇਂ ਮਾਰੋ। ਇਸ ਨੇ ਕਈ ਵਿਆਹੇ ਡੋਲਿਆਂ ਨੂੰ ਰਾਹ ਵਿਚ ਰੋਕ ਰੋਕ ਕੇ ਸਤ ਭੰਗ ਕੀਤੇ ਹਨ ਤੇ ਕਈ ਗੁਪਤ ਕਤਲ ਵੀ ਕਰਾਏ ਹਨ।

ਸਿੰਘਾਂ ਦੀ ਵਿਰੋਧਤਾ ਰਤੀ ਨਾ ਹੋਈ। ਹਵੇਲੀ ਦੇ ਅੰਦਰ ਵੜ ਕੇ ਸਿੰਘਾਂ ਨੇ ਪਠਾਣ ਦੀਆਂ ਮੁਸ਼ਕਾਂ ਬੰਨ੍ਹ ਕੇ ਇਕ ਘੋੜੇ ਤੇ ਲੱਦ ਲਿਆ। ਬ੍ਰਾਹਮਣੀ ਨੂੰ ਬ੍ਰਾਹਮਣ ਦੇ ਘੋੜੇ ਤੇ ਬਿਠਾਇਆ। ਹੋਰ ਕਿਸੇ ਨੂੰ ਛੇੜਿਆ ਤਕ ਨਾ ਗਿਆ। ਬਾਹਰਲੀਆਂ ਬੰਦੂਕਾਂ ਇਕ ਦੋ ਵਾੜਾਂ ਝਾੜ ਕੇ ਚੁਪ ਹੋ ਗਈਆਂ। ਅੰਦਰਲੇ ਸਫਲ ਜਥੇ ਨੇ ਇਕ ਤੋਂ ਮਗਰੋਂ ਇਕ ਤਿੰਨ ਬੰਦੂਕਾਂ ਅਕਾਸ਼ ਵੱਲ ਦਾਗੀਆਂ ਤੇ ਨਾਕਿਆਂ ਦੇ ਜਥੇ ਇਕੱਠੇ ਹੋਣ ਵਾਲੇ ਪਹਿਲੋਂ ਦੱਸੇ ਥਾਂ ਵਲ ਤੁਰ ਪਏ। ਅੰਦਰਲਾ ਜਥਾ ਵੀ ਝੱਟ ਉਥੇ ਪਹੁੰਚ ਗਿਆ ਤੇ ਸਿੰਘਾਂ ਨੇ, ਜਿਸ ਰਸਤੇ ਆਏ ਸਨ ਉਸੇ ਰਸਤੇ ਮੋੜਾ ਪਾਇਆ। ਸੂਰਜ ਚੜ੍ਹਨ ਮਗਰੋਂ ਉਹ ਸਤਲੁੱਦਰ ਦੇ ਪੱਤਣ ਤੇ ਪਹੁੰਚੇ। ਬੇੜਾ ਉਰਲੇ ਪਾਰ ਖੜਾ ਸੀ। ਬੇੜੇ ਵਾਲਿਆਂ ਨੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਦੇਖ ਕੇ, ਜਿਨ੍ਹਾਂ ਦਾ ਸਰੂਪ ਦਿਨੋਂ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਰੂਪ ਤੇ ਸਰੀਰ ਅਨੁਸਾਰ ਢਲ ਰਿਹਾ ਸੀ, ਨਮਸਕਾਰ ਕੀਤੀ। ਬ੍ਰਾਹਮਣੀ, ਬ੍ਰਾਹਮਣ, ਕੈਦੀ ਪਠਾਣ ਤੇ ਚੌਥਾ ਕੁ ਹਿੱਸਾ ਜਥਾ ਸਮੇਤ ਘੋੜਿਆਂ ਦੇ, ਬੇੜੇ ਵਿਚ ਸਵਾਰ ਹੋਇਆ। ਬਾਕੀ ਮਨਚਲੇ ਸਿੰਘਾਂ ਨੇ ਕਲ੍ਹ ਵਾਂਗ ਫੇਰ ਘੋੜ ਜਿਵੇਂ ਸਤਲੁੱਦਰ ਦੇ ਪਰਵਾਹ ਨੂੰ ਚਿੜ੍ਹਾਉਣ ਲਈ ਦਰਿਆ ਵਿਚ ਸੁੱਟ ਦਿੱਤੇ। ਸਾਹਿਬਜ਼ਾਦਾ ਜੀ ਵੀ ਬੇੜੇ ਵਾਲਿਆਂ ਨੂੰ ਹਦਾਇਤਾਂ ਦੇ ਕੇ ਦਰਿਆ ਵਿਚ ਠਿੱਲ੍ਹ ਪਏ।

(੩)

ਆਸਾ ਦੀ ਵਾਰ ਦੇ ਦੀਵਾਨ ਦੀ ਸਮਾਪਤੀ ਹੋਣ ਵਾਲੀ ਸੀ। ਜਦ ਗੁਰੂ-ਕੁਮਾਰ ਅਜੀਤ ਸਿੰਘ ਜੀ ਬ੍ਰਾਹਮਣੀ, ਬ੍ਰਾਹਮਣ ਸਮੇਤ ਅਪਰਾਧੀ ਜਾਬਰ ਖ਼ਾਨ ਨੂੰ ਲੈ ਕੇ ਅਨੰਦਪੁਰ ਪਹੁੰਚੇ। ਦਸਮੇਸ਼ ਪਿਤਾ ਜੀ ਕੋਲ ਸਫਲ ਮੁਹਿੰਮ ਦੀ ਖ਼ਬਰ ਪਹੁੰਚ ਗਈ। ਦੀਵਾਨ ਦੀ ਸਮਾਪਤੀ ਤੇ ਬ੍ਰਾਹਮਣ-ਬ੍ਰਾਹਮਣੀ ਨੂੰ ਸਤਿਗੁਰਾਂ ਦੀ ਹਜ਼ੂਰੀ ਵਿਚ ਪੇਸ਼ ਕੀਤਾ ਗਿਆ। ਬ੍ਰਾਹਮਣੀ ਫੁੱਟ ਫੁੱਟ ਕੇ ਰੋਣ ਲੱਗੀ। ਬ੍ਰਾਹਮਣ ਨੇ ਡੰਡਵਤ ਹੋ ਕੇ ਚਰਨ-ਬੰਦਨਾ ਕੀਤੀ।


www.AKJ.Org

ਬ੍ਰਾਹਮਣੀ ਅਛੂਤਾਂ ਵਾਂਗ ਦੂਰ ਹੀ ਹੱਥ ਜੋੜੀ ਰੋ ਰਹੀ ਸੀ। ਸਤਿਗੁਰਾਂ ਨੇ ਵਾਤਸਲ ਪਿਆਰ ਨਾਲ ਚੋ ਚੋ ਪੈਂਦੇ ਸ਼ਬਦਾਂ ਵਿਚ ਕਿਹਾ, "ਪੁਤਰੀ, ਤੂੰ ਕਿਉਂ ਰੋਂਦੀ ਹੈਂ ? ਹੁਣ ਤੇਰਾ ਇਸ ਚੰਡਾਲ ਹਥੋਂ ਛੁਟਕਾਰਾ ਹੋ ਗਿਆ ਹੈ। ਇਸ ਦੁਸ਼ਟ ਨੂੰ ਇਸ ਦੇ ਕਰਮਾਂ ਦੀ ਸਜ਼ਾ ਦਿੱਤੀ ਜਾਏਗੀ।"

ਬ੍ਰਾਹਮਣੀ ਨੇ ਕਿਹਾ, "ਗੁਰੂ ਜੀ, ਮੈਂ ਕਾਸੇ ਜੋਗੀ ਨਾ ਰਹੀ। ਮੈਨੂੰ ਕੌਣ ਗ੍ਰਹਿਣ ਕਰੇਗਾ ? ਬ੍ਰਾਹਮਣ ਬਰਾਦਰੀ ਵਿਚ ਤਾਂ ਹੁਣ ਮੇਰਾ ਕੋਈ ਥਾਂ ਨਹੀਂ।"

ਦਸਮੇਸ਼ ਪਿਤਾ ਨੇ ਉਸੇ ਪਿਆਰ ਨਾਲ ਫੇਰ ਕਿਹਾ, "ਪੁਤਰੀ, ਕੀ ਤੂੰ ਆਪਣੀ ਮਰਜ਼ੀ ਨਾਲ ਪਠਾਣ ਦੀ ਹਵੇਲੀ ਵਿਚ ਕੈਦ ਸੈਂ ? ਫੈਸਲਾ ਤਾਂ ਤੇਰੀ ਮਰਜ਼ੀ ਤੇ ਹੋਣਾ ਹੈ। ਸਾਡੀ ਤੇ ਸਾਡੇ ਖ਼ਾਲਸੇ ਦੀ ਨਜ਼ਰ ਵਿਚ ਤੂੰ ਸੀਤਾ-ਸਵਿੱਤਰੀ ਹੈਂ। ਤੇ ਕੀ ਇਸ ਗੱਲ ਤੇ ਤੈਨੂੰ ਤਸੱਲੀ ਨਹੀਂ ਕਿ ਤੇਰਾ ਪਤੀ ਇਸ ਸਾਰੀ ਮੁਹਿੰਮ ਦੇ ਨਾਲ ਸੀ ? ਉਸ ਨੇ, ਜਿਸ ਕਿਸੇ ਦਸ਼ਾ ਵਿਚ ਵੀ ਤੂੰ ਹੋਵੇਂ, ਤੈਨੂੰ ਪ੍ਰਾਪਤ ਕਰਨ ਦੇ ਜਤਨ ਕੀਤੇ। ਇਹ ਕਿਸ ਤਰ੍ਹਾਂ ਤੈਨੂੰ ਅਛੂਤ ਸਮਝੇਗਾ ? ਨਾਲੇ ਇਸ ਨੂੰ ਖ਼ਾਲਸੇ ਦੀ ਕੁਝ ਨਾ ਕੁਝ ਲਾਗ ਲੱਗ ਹੀ ਗਈ ਹੋਵੇਗੀ।"

ਬ੍ਰਾਹਮਣ ਨੇ ਸਿਰ ਨਿਵਾ ਕੇ ਬਚਨ ਕੀਤਾ, "ਕਲਗੀਧਰ ਸਤਿਗੁਰੂ ਜੀ, ਮੇਰੇ ਲਈ ਇਹ ਗੰਗਾ ਜਲ ਵਰਗੀ ਪਵਿੱਤਰ ਹੈ। ਮੈਂ ਸਿੰਘ ਸਜਣ ਦਾ ਸੰਕਲਪ ਕਰ ਲਿਆ ਹੈ। ਹੁਣ ਇਸ ਨੂੰ ਬ੍ਰਾਹਮਣ-ਬਰਾਦਰੀ ਦਾ ਕੋਈ ਡਰ ਨਹੀਂ ਹੋਣਾ ਚਾਹੀਦਾ। ਮੈਂ ਆਪ ਦੀ ਸੰਤਾਨ ਦੀ ਬਰਾਦਰੀ ਵਿਚ ਦਾਖ਼ਲ ਹੋਣਾ ਚਾਹੁੰਦਾ ਹਾਂ।"

ਬ੍ਰਾਹਮਣੀ ਦੇ ਅੱਥਰੂ ਵੱਗਣੋਂ ਰੁਕ ਗਏ। ਉਸ ਦੇ ਪੱਲੇ ਨਾਲ ਹੰਝੂ ਪੂੰਝਦਿਆਂ ਹੀ ਉਸ ਦਾ ਚਿਹਰਾ ਖਿੜ ਉੱਠਿਆ। ਉਹ ਧਾ ਕੇ ਸਤਿਗੁਰਾਂ ਦੇ ਚਰਨੀਂ ਜਾ ਪਈ। ਸਤਿਗੁਰਾਂ ਨੇ ਉਸ ਦੇ ਸਿਰ ਤੇ ਪਿਆਰ ਦਿੱਤਾ।

ਅਪਰਾਧੀ ਖ਼ਾਨ, ਜੋ ਹੁਣ ਤਕ ਬੌਂਦਲਿਆ ਸਭ ਕੁਝ ਦੇਖ ਰਿਹਾ ਸੀ, ਚੀਕਾਂ ਮਾਰਨ ਲੱਗ ਪਿਆ।

ਸਤਿਗੁਰਾਂ ਨੇ ਕਿਹਾ, "ਕਿਉਂ ? ਇਹ ਕੀ ਤਮਾਸ਼ਾ ਹੈ ? ਮਜ਼ਲੂਮ ਵੀ ਰੋਵੇ ਤੇ ਜ਼ਾਲਮ ਵੀ ਰੋਵੇ ! ਖਾਨ, ਤੂੰ ਆਪਣੇ ਆਪ ਨੂੰ ਮੁਸਲਮਾਨ ਕਹਿੰਦਾ ਹੈਂ ? ਅਸਲ ਵਿਚ ਤੂੰ ਕਾਫ਼ਰ ਹੈਂ। ਜਦ ਤੂੰ ਰੱਬ ਦੇ ਬੰਦਿਆਂ ਤੇ ਜ਼ੁਲਮ ਕਰਦਾ ਸੈਂ ਉਸ ਵੇਲੇ ਤੈਨੂੰ ਖ਼ੁਦਾ-ਖ਼ੌਫ ਨਹੀਂ ਸੀ ? ਤੂੰ ਸਮਝਦਾ ਸੈਂ ਕਿ ਖ਼ੁਦਾ ਕੋਈ ਹੈ ਈ ਨਹੀਂ, ਇਸ ਦੁਨੀਆ ਤੇ ?" ਖ਼ਾਨ ਚਿਰਲਾ ਉਠਿਆ, ਜਿਵੇਂ ਕੋਈ ਉਸ ਦੇ ਜ਼ਖਮਾਂ ਤੇ ਲੂਣ ਛਿੜਕ ਰਿਹਾ ਹੋਵੇ।

ਸਤਿਗੁਰਾਂ ਨੇ ਉਸ ਵੱਲ ਫੇਰ ਕਰੜੀ ਨਿਗਾਹ ਨਾਲ ਦੇਖਦਿਆਂ ਕਿਹਾ, "ਓਇ ਗੀਦੀ ! ਤੂੰ ਆਪਣੇ ਧਨ ਅਤੇ ਬਾਹੂ-ਬਲ ਦੇ ਮਾਣ ਤੇ ਸਤਵੰਤੀਆਂ ਦੇ ਸਤ ਲੁਟੇ, ਸੁਹਾਗ ਲੁਟੇ, ਗੁੱਝੇ ਤੇ ਪਰਗਟ ਕਤਲ ਕੀਤੇ ! ਤੈਨੂੰ ਪਤਾ ਨਹੀਂ ਕਿ ਓਹ ਕਰੀਮ ਤੇ ਰਹੀਮ ਖ਼ੁਦਾ ਕੱਹਾਰ ਅਤੇ ਜੱਬਾਰ ਵੀ ਹੈ ?"

ਖ਼ਾਨ ਚੀਕਾਂ ਮਾਰਨੋਂ ਚੁਪ ਹੋ ਗਿਆ ਤੇ ਇਕ-ਟੱਕ ਸਤਿਗੁਰਾਂ ਵੱਲ ਦੇਖਣ ਲੱਗਾ। ਕੁਝ ਚਿਰ ਮਗਰੋਂ ਉਸ ਦੇ ਮੂੰਹੋਂ ਆਪਣੇ ਆਪ ਨਿਕਲਿਆ, "ਸੱਚੇ ਪਾਦਸ਼ਾਹ !" ਫਿਰ ਉਸ ਦੀਆਂ ਅੱਖਾਂ ਝੁਕ ਗਈਆਂ, ਜਿਵੇਂ ਉਹ ਆਪਣੇ ਅੰਦਰ ਦੇਖ ਰਹੀਆਂ ਹੋਣ।

ਕੁਝ ਚਿਰ ਮਗਰੋਂ ਪਠਾਣ ਬੋਲਿਆ, "ਸੱਚੇ ਪਾਦਸ਼ਾਹ ! ਮੈਂ ਆਪਣਾ ਅੰਦਰ ਫੋਲਿਆ ਹੈ। ਮੈਂ ਗੁਨਾਹਾਂ ਦਾ ਪਲੰਦਾ ਹਾਂ। ਦੁਨੀਆ ਦੀ ਵੱਡੀ ਤੋਂ ਵੱਡੀ ਸਜ਼ਾ ਮੇਰੀ ਕਾਲਖ ਨਹੀਂ ਧੋ ਸਕਦੀ। ਪਰ, ਜ਼ਾਤੇ ਖ਼ੁਦਾ, ਤੁਹਾਡੀ ਕਲਾਮ ਜੋ ਪਹਿਲੋਂ ਮੈਨੂੰ ਨਸ਼ਤਰਾਂ ਵਾਂਗ ਲੱਗੀ ਸੀ, ਹੁਣ ਬਰਫ ਵਾਂਗ ਠੰਡ ਪਾਉਂਦੀ ਹੈ।"

ਇਹ ਕਹਿ ਕੇ ਉਹ ਗੋਡਿਆਂ ਤੇ ਝੁਕ ਕੇ ਸਾਹਿਬਾਂ ਅੱਗੇ ਸਜਦੇ ਵਿਚ ਚਲਾ ਗਿਆ।

"ਦਇਆ ਸਿੰਘ ਜੀ, ਇਸ ਤੇ ਦਇਆ ਕਰੋ। ਹੁਣ ਇਸ ਨੂੰ ਖ਼ੁਦਾ ਦੇ ਬਹੁਤ ਭਿਆਨਕ ਕਹਿਰਵਾਨ ਰੂਪ ਦਿਖਾਉਣ ਦੀ ਲੋੜ ਨਹੀਂ। ਇਸ ਨੂੰ ਇਕੋ ਤੀਰ ਨਾਲ ਨਿਸ਼ਾਨਾ ਬਣਾ ਕੇ ਇਸ ਦੇ ਲਹੂ ਨਾਲ ਇਸ ਦੇ ਗੁਨਾਹ ਧੋ ਦਿਓ, ਤਾਂ ਜੁ ਇਹ ਸਾਫ਼ ਤਖ਼ਤੀ ਲੈ ਕੇ ਇਸ ਦੁਨੀਆ ਤੋਂ ਰੁਖ਼ਸਤ ਹੋਵੇ।"

"ਮੈਂ ਖ਼ੁਸ਼ ਹਾਂ, ਸੱਚੇ ਪਾਦਸ਼ਾਹ ! ਮੈਨੂੰ ਤੁਸਾਂ ਦਿਖਾ ਦਿਤਾ ਹੈ ਕਿ ਖ਼ੁਦਾ ਦੇ ਕਹਿਰ ਵਿਚ ਵੀ ਕਰਮ ਹੈ। ਆਪ ਦਾ ਲੱਖ ਲੱਖ ਸ਼ੁਕਰ ਹੈ ! ਜ਼ਾਤੇ ਖ਼ੁਦਾ ! ਤੁਹਾਡੀ ਸਜ਼ਾ ਵਿਚ ਵੀ ਨੇਕ ਜਜ਼ਾ ਹੈ।"

['ਕਲਗੀ ਦੀਆਂ ਅਣੀਆਂ' ਪੁਸਤਕ ਵਿਚੋਂ


www.AKJ.Org

# ਕੀਰਤਨ ਦੀ ਅਯੋਗ ਵਰਤੋਂ ਤੇ ਗੁਰਬਾਣੀ ਦੀ ਗ਼ਲਤ ਵਿਆਖਿਆ

[ਲੈ: ਕਰਨਲ ਦਲਜੀਤ ਸਿੰਘ ਜੀ]

ਹਿੰਦੁਸਤਾਨ ਟਾਈਮਜ਼ (ਅੰਗਰੇਜ਼ੀ) ਦੇ ੨੦ ਦਸੰਬਰ ੯੨ ਦੇ ਪਰਚੇ ਵਿਚ *FICCI Auditorium* (ਸਭਾ-ਭਵਨ) ਦਿਲੀ ਵਿਚ ਹੋਏ ਇਕ *dance performance* (ਨਾਚ ਪ੍ਰਦਰਸ਼ਨ) ਦੀ ਰੀਪੋਰਟ ਹੈ। ਇਸ ਸ਼ੋ ਵਿਚ ਗੁਰਬਾਣੀ ਦੇ ਸ਼ਬਦ ਗਾਇਨ ਕੀਤੇ ਗਏ ਤੇ ਨਾਲ ਹੀ *Kathak dancer* (ਕਥਕ ਡਾਨਸਰ) ਨੇ *dance* (ਨਾਚ) ਕੀਤਾ, ਨਾਲ ਹੀ ਸ਼ਬਦਾਂ ਦੀ ਵਿਆਖਿਆ ਇਸ ਤ੍ਰੀਕੇ ਨਾਲ ਕੀਤੀ ਗਈ ਜੋ ਅਸਲੀ ਅਰਥਾਂ ਦੇ ਉਲਟ ਹੈ। ਇਸੇ ਤਰ੍ਹਾਂ ੨੮ ਮਾਰਚ ੯੩ ਦੇ ਹਿੰਦੁਸਤਾਨ ਟਾਈਮਜ਼ ਦੇ ਪਰਚੇ ਵਿਚ, ਸਾਹਿਤ ਕਲਾ ਪਰੀਸ਼ਦ ਦੇ *music and dance festival* (ਸੰਗੀਤ ਅਤੇ ਨਾਚ ਮੇਲੇ) ਦੀ ਰੀਪੋਰਟ ਹੈ, ਜਿਸ ਵਿਚ ਦਸਿਆ ਗਿਆ ਹੈ ਕਿ ਸੋਨਲ ਮਾਨ ਸਿੰਘ ਨੇ ਗੁਰੂ ਤੇਗ ਬਹਾਦਰ ਜੀ ਦੇ ਸ਼ਬਦ ਨਾਲ *dance* (ਨਾਚ) ਕੀਤਾ। (ਇਹ ਸ਼ਬਦ ਅਸਲ ਵਿਚ ਦਸਮ ਪਾਤਸ਼ਾਹ ਦਾ ਹੈ)।

ਸਿੱਖੀ ਵਿਚ ਕੀਰਤਨ ਇਕ ਨਿਰਮੋਲਕ ਵਸਤੂ ਹੈ, ਜਿਸ ਰਾਹੀਂ ਸ੍ਰੋਤੇ ਨੇ ਆਪਣੇ ਮਨ ਨੂੰ ਪ੍ਰਭੂ ਪ੍ਰੀਤਮ ਦੇ ਨਾਲ ਜੋੜਨਾ ਹੈ। ਹੇਠ ਲਿਖੀਆਂ ਸ਼ਬਦਾਂ ਦੀਆਂ ਤੁਕਾਂ ਇਸ ਆਸ਼ੇ ਨੂੰ ਸਫੁਟ ਕਰਦੀਆਂ ਹਨ :

ਕੀਰਤਨੁ ਨਿਰਮੋਲਕ ਹੀਰਾ ॥੨॥੩੫॥ (ਪੰਨਾ ੮੯੩)
ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ॥੨॥੫੫॥ (ਪੰਨਾ ੭੪੯)
ਭਗਤਿ ਭਾਇ ਹਰਿ ਕੀਰਤਨੁ ਕਰੀਐ ॥
ਜਪਿ ਪਾਰਬ੍ਰਹਮੁ ਨਾਨਕ ਨਿਸਤਰੀਐ ॥੪॥੧੦॥੧੨॥ (ਪੰਨਾ ੮੬੬)

ਸਿੱਖੀ ਵਿਚ ਚਿੰਤਨ ਤੇ ਅਮਲ ਵਿਚ ਕੋਈ ਅੰਤਰਾ ਨਹੀਂ। ਇਸ ਮਾਰਗ ਤੇ ਚਲਣ ਵਾਲੇ ਦਾ ਯਤਨ ਅਪਣੀ ਕਰਣੀ ਨੂੰ, ਗੁਰੂ ਆਸ਼ੇ ਦੇ ਅਨੁਕੂਲ ਕਰਨਾ ਹੈ। ਸਚਖੰਡਵਾਸੀ ਡਾ: ਬਲਬੀਰ ਸਿੰਘ ਜੀ ਨੇ 'ਨਿਰੁਕਤ' ਵਿਚ ਗੁਰਸਿੱਖੀ ਮਾਰਗ ਬਾਰੇ ਲਿਖਿਆ ਹੈ :

"ਹੁਣ ਤੀਜੀ ਕਿਸਮ ਦੇ ਮਨੁੱਖ ਉਹ ਹਨ ਜਿਨ੍ਹਾਂ ਨੇ ਅੰਦਰ ਅਤੇ ਬਾਹਰ ਦੀ ਦੁਬਿਧਾ ਮਿਟਾ ਦਿਤੀ ਹੈ। ਊਨ੍ਹਾਂ ਲਈ ਬਾਹਰ ਦੀ ਕੁਦਰਤ ਅਤੇ ਅੰਦਰ ਦੀ ਫ਼ਿਤਰਤ ਵਿਚ ਏਕਤਾ ਹੋ ਜਾਂਦੀ ਹੈ। ਉਨ੍ਹਾਂ ਦੀ ਪਿਆਸ ਬੁਝ ਜਾਂਦੀ ਹੈ, ਠੰਡ ਪੈ ਜਾਂਦੀ ਹੈ, ਅੱਖਾਂ ਨਾਲ ਉਹ ਬਾਹਰ ਵਿਸਮਾਦ ਦੇਖਦੇ ਹਨ, ਸੁਰਤਿ ਨਾਲ ਉਹ ਅੰਦਰ ਅਨਹਦ ਸੁਣਦੇ ਹਨ :—ਤਪਤਿ ਬੁਝੀ ਸੀਤਲ ਆਘਾਨੇ ਸੁਨਿ ਅਨਹਦ ਬਿਸਮ ਭਏ ਬਿਸਮਾਦ ॥
ਅਨਦੁ ਭਇਆ ਨਾਨਕ ਮਨਿ ਸਾਚਾ ਪੂਰਨ ਪੂਰੇ ਨਾਦ ॥੨॥੪੬॥੬੯॥"(ਪੰਨਾ ੧੨੧੮)

ਫਿਰ ਲਿਖਦੇ ਹਨ : "ਗੁਰਬਾਣੀ ਗੁਰੂ ਕਾ ਉਪਦੇਸ਼ ਹੈ, ਗੁਰੂ ਕਾ ਸ਼ਬਦ ਹੈ, ਗੁਰੂ ਕਾ ਬਚਨ ਅਤੇ ਗੁਰੂ ਇਕੋ ਰੂਪ ਹਨ : ਸਤਿਗੁਰ ਬਚਨ ਬਚਨ ਹੈ ਸਤਿਗੁਰ.. ॥੧॥੩॥ (ਪੰਨਾ ੧੩੧੦)

ਗੁਰੂ ਦੀ ਬਾਣੀ ਨਿਰੀ ਛੰਦ-ਰਚਨਾ ਦਾ ਕਾਵਯ-ਸੰਗ੍ਰਹਿ ਨਹੀਂ। ਗੁਰੂ ਦਾ ਵਾਕ ਇਕ ਸੁਤੰਤਰ ਅਧਿਕਾਰ ਵਿਚ ਸ਼ਖ਼ਸੀਅਤ ਧਾਰ ਲੈਂਦਾ ਹੈ। ਇਹ ਪੁਰਖ ਬਣ ਜਾਂਦਾ ਹੈ, ਪੁਰਖੋਤਮ ਹੋ ਜਾਂਦਾ ਹੈ, ਇਹ ਆਪਣੇ ਸਤ ਸਰੂਪ ਵਿਚ ਅਕਾਲ ਪੁਰਖ ਨਾਲ ਅਭੇਦ ਵਰਤਦਾ ਹੈ :

ਸਤਿਗੁਰ ਬਾਣੀ ਪੁਰਖੁ ਪੁਰਖੋਤਮ... ॥੨॥੧॥ (ਪੰਨਾ ੧੩੦੮)
ਪੁਨਾ : ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ॥੯॥ (ਪੰਨਾ ੩੦੪)

ਭਗਤੀ ਭਾਵ ਦੀ ਦ੍ਰਿੜ੍ਹਤਾ ਵਿਚ ਗੁਰੂ, ਗੁਰਬਾਣੀ, ਪੁਰਖ, ਅਕਾਲ ਪੁਰਖ ਇਕਮਿਕ ਹੋ ਜਾਂਦੇ ਹਨ।"

ਸਿੱਖ ਨੇ ਮਨ ਨੂੰ ਸ਼ਬਦ ਕੀਰਤਨ ਨਾਲ ਇਸ ਤਰ੍ਹਾਂ ਜੋੜਨਾ ਤੇ ਰੰਗਣਾ ਹੈ ਕਿ ਸੁਰਤਿ ਵਿਚ ਸਤਿ ਸਰੂਪ ਪਰਮਾਤਮ ਪਰਤੱਖ ਹੋ ਜਾਏ।



www.AKJ.Org

ਨਾਨਕ ਦਾਸੁ ਹਰਿ ਕੀਰਤਨਿ ਰਾਤਾ ਸਬਦੁ ਸੁਰਤਿ ਸਚੁ ਸਾਖੀ ॥੨॥੯॥ (ਪੰਨਾ ੧੨੨੭)

ਉਪਰ ਲਿਖੇ ਵਿਚਾਰ ਇਸ ਕਰਕੇ ਲਿਖੇ ਹਨ ਕਿ ਸਿੱਖੀ ਵਿਚ ਕੀਰਤਨ ਦੀ ਮਹੱਤਤਾ ਤੇ ਇਸ ਦਾ ਪ੍ਰਯੋਜਨ ਜ਼ਾਹਰ ਹੋ ਜਾਵੇ। ਗੁਰਬਾਣੀ ਦਾ ਕੀਰਤਨ ਇੱਕ ਅਤਿ ਉੱਚੀ ਤੇ ਅਮੋਲਕ ਵਸਤੂ ਹੈ, ਜਿਸ ਨਾਲ ਵਾਯੂ-ਮੰਡਲ ਬੈਕੁੰਠ ਬਣ ਜਾਂਦਾ ਹੈ। ਕੀਰਤਨ ਕੋਈ *entertainment* (ਮਨੋਰੰਜਨ ਜਾਂ ਖੇਡ-ਤਮਾਸ਼ਾ) ਦਾ ਤ੍ਰੀਕਾ ਨਹੀਂ। ਇਸ ਦੇ ਨਾਲ ਨਾਚ ਜਾਂ ਹੋਰ *performances* (ਪ੍ਰਦਰਸ਼ਨੀਆਂ) ਇਸ ਦੇ ਆਸ਼ੇ ਦੇ ਬਿਲਕੁਲ ਉਲਟ ਹਨ, ਤੇ ਨਾ ਹੀ ਸਿੱਖੀ ਵਿਚ ਇਨ੍ਹਾਂ ਚੀਜ਼ਾਂ ਦੀ ਆਗਿਆ ਹੈ। ਉਪਰ ਅਸੀਂ ਦਸਿਆ ਹੈ ਕਿ ਬਾਣੀ ਤੇ ਸਤਿਗੁਰ ਅਭੇਦ ਹਨ, ਸਤਿਗੁਰ ਦੀ ਬਾਣੀ ਪੁਰਖ ਪੁਰਖੋਤਮ ਹੈ। ਗੁਰਬਾਣੀ ਦੇ ਕੀਰਤਨ ਦੇ ਨਾਲ ਨਾਚ-ਰੰਗ ਮਹਾਂ ਬੇਅਦਬੀ ਹੈ। ਨਾਚ ਰੰਗ ਜੋ ਨਾਟਕ ਹਨ, ਬਾਰੇ ਦਸਮ ਪਾਤਸ਼ਾਹ ਦਾ ਹੁਕਮ ਹੈ:

ਨਾਟਕ ਚੇਟਕ ਕੀਏ ਕੁਕਾਜਾ ॥ ਪ੍ਰਭ ਲੋਗਨ ਕਹ ਆਵਤ ਲਾਜਾ ॥੧੪॥

(ਪਾ: ੧੦, ਬਚਿਤ੍ਰ ਨਾਟਕ ਅਧਿਆਇ ੫)

ਨਾਚ ਆਦਿ ਮਨ ਦੇ ਚਾਉ ਹਨ। ਗੁਰਵਾਕ ਹੈ: ਨਚਣੁ ਕੁਦਣੁ ਮਨ ਕਾ ਚਾਉ ॥੨॥੫॥ (ਪੰਨਾ ੪੬੫)

ਨਾਚ ਆਦਿ ਨਾਲ ਮਨ ਜੁੜਨ ਦੀ ਬਜਾਏ ਖਿੰਡਦਾ ਹੈ, ਦੇਖਣ ਵਾਲੇ ਦੀ ਬਿਰਤੀ ਬਾਹਰਮੁਖੀ ਹੋ ਜਾਂਦੀ ਹੈ ਤੇ ਜਿਸ ਮੰਤਵ ਲਈ ਗੁਰਬਾਣੀ ਦਾ ਕੀਰਤਨ ਸੁਨਣਾ ਸੀ ਉਸ ਦੇ ਐਨ ਉਲਟ ਅਸਰ ਹੁੰਦਾ ਹੈ।

ਉਪਰ ਕਹੇ ਸ਼ੋ ਦੇ ਵਿਚ ਗੁਰਬਾਣੀ ਦੇ ਅਰਥ ਵੀ ਬਿਲਕੁਲ ਗ਼ਲਤ ਲੈ ਕੇ ਨਾਚ ਕੀਤਾ ਗਿਆ। ਹੈਰਾਨੀ ਹੈ ਕਿ *script* (ਲਿਪੀ, ਲੇਖ) ਵਾਲਿਆਂ ਨੇ ਇਹੋ ਜਿਹੀ ਗ਼ਲਤੀ ਕਿਵੇਂ ਕੀਤੀ ਹੈ। ਜਿਸ ਕਿਸੇ ਨੂੰ ਥੋੜੀ ਵੀ ਗੁਰਬਾਣੀ ਦੀ ਸਮਝ ਹੈ ਉਹ ਇਹੋ ਜਿਹੇ ਅਰਥ ਨਹੀਂ ਕਰ ਸਕਦਾ। ਹੇਠ ਲਿਖੀਆਂ ਉਦਾਹਰਣਾਂ ਇਸ ਚੀਜ਼ ਨੂੰ ਸਪੱਸ਼ਟ ਕਰਦੀਆਂ ਹਨ:

ੳ) ਗੁਰਬਾਣੀ ਵਿਚ 'ਗੋਬਿੰਦ' 'ਗੋਪਾਲ', ਆਦਿ ਸ਼ਬਦ ਪਰਮਾਤਮਾ ਲਈ ਵਰਤੇ ਗਏ ਹਨ, ਪਰ ਇਸ ਸ਼ੋ ਵਿਚ 'ਗੋਪਾਲ' ਤੇ 'ਗੋਬਿੰਦ' ਸ਼ਬਦਾਂ ਦਾ ਅਰਥ 'ਕ੍ਰਿਸ਼ਨ ਜੀ' ਕਰਕੇ ਉਮਾ ਸ਼ਰਮਾ ਨੇ ਕ੍ਰਿਸ਼ਨ ਬਣ ਕੇ *dance* (ਨਾਚ) ਕੀਤਾ।

ਅ) 'ਭਟਾਂ ਦੇ ਸਵਈਏ ਮਹਲੇ ੪' ਭਟਾਂ ਦੀ ਕ੍ਰਿਤ ਹੈ। ਪਰ ਸ਼ੋ ਦੇ ਵਿਚ ਸਵਈਆ "ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ"* ਨੂੰ ਚੌਥੇ ਪਾਤਸ਼ਾਹ ਦੀ ਕ੍ਰਿਤ ਦਸ ਕੇ ਇਹ ਕਿਹਾ ਗਿਆ ਹੈ ਕਿ ਗੁਰੂ ਰਾਮਦਾਸ ਸਾਹਿਬ ਨੇ ਇਹ ਸਵਈਆ ਕ੍ਰਿਸ਼ਨ ਜੀ ਦੀ ਭਗਤੀ ਵਿਚ ਉਚਾਰਣ ਕੀਤਾ ਹੈ।

ੲ) ਇਸੇ ਤਰ੍ਹਾਂ ਦਸਮ ਪਾਤਸ਼ਾਹ ਦੇ ਸ਼ਬਦ "ਪ੍ਰਭ ਜੂ ਤੋ ਕਹਿ ਲਾਜ ਹਮਾਰੀ" ਬਾਰੇ ਦਸਿਆ ਗਿਆ ਹੈ ਕਿ ਇਹ ਸ਼ਬਦ ਕ੍ਰਿਸ਼ਨ ਜੀ ਦੀ ਉਸਤਤ ਵਿਚ ਹੈ, ਜਦ ਕਿ ਇਹ ਸ਼ਬਦ ਵਾਹਿਗੁਰੂ ਜੀ ਦੀ ਉਸਤਤ ਵਿਚ ਹੈ।

ਸ) ਭਾਈ ਗੁਰਦਾਸ ਜੀ ਦੀ ਰਚਨਾ "ਦੂਰਹੁੰ ਦੇਖਿ ਡੰਡਉਤ ਕਰਿ ਛਡਿ ਸਿੰਘਾਸਣੁ ਹਰਿ ਜੀ ਆਏ" ੧੦/੯ ਵਿਚ ਭਾਈ ਗੁਰਦਾਸ ਜੀ ਨੇ ਕ੍ਰਿਸ਼ਨ ਤੇ ਸੁਦਾਮਾ ਦੇ ਮਿਲਣ ਦੇ ਅਵਸਰ ਨੂੰ ਨਿਰੂਪਣ ਕੀਤਾ ਹੈ। ਇਹ ਇਕ ਇਤਿਹਾਸਕ ਕਥਾ ਕ੍ਰਿਸ਼ਨ ਜੀ ਦੀ ਉਨ੍ਹਾਂ ਦਸੀ ਹੈ।

ਹ) ਸ਼ਬਦ "ਬਲਿ ਬਲਿ ਜਾਉ ਸਿਆਮ ਸੁੰਦਰ ਕਉ"† ਵਿਚ ਸਿਆਮ ਸੁੰਦਰ 'ਪ੍ਰਭੂ' ਲਈ ਵਰਤਿਆ ਗਿਆ ਹੈ ਤੇ ਕ੍ਰਿਸ਼ਨ ਜੀ ਲਈ ਨਹੀਂ।

ਕ) ਇਸੇ ਤਰ੍ਹਾਂ ਭਗਤ ਰਵਿਦਾਸ ਜੀ ਦੇ ਸ਼ਬਦ "ਜਉ ਤੁਮ ਗਿਰਿਵਰ ਤਉ ਹਮ ਮੋਰਾ"‡ ਵਿਚ ਗਿਰਵਰ ਦਾ ਅਰਥ ਪਹਾੜ ਹੈ, ਨਾ ਕਿ 'ਗਿਰਧਰ' ਜਾਂ 'ਕ੍ਰਿਸ਼ਨ ਜੀ'।

ਖ) ਦਸਮ ਪਾਤਸ਼ਾਹ ਦੇ ਸ਼ਬਦ "ਕਹੂ ਬੇਨ ਕੇ ਬਜਯਾ" ਵਿਚ ਪਰਮਾਤਮਾ ਦੀ ਜਗ੍ਹਾ ਇਸ ਨੂੰ

---

* ਸਵਈਏ ਮਹਲੇ ਚਉਥੇ ਕੇ, ਭਟ ਗਯੰਦ ॥੧॥੬॥ (ਪੰਨਾ ੧੪੦੨)

† ਬਿਲਾਵਲੁ ਮ: ੫, ॥੩॥੧੧੪॥ ਪੰਨਾ ੮੨੭ ‡ ਸੋਰਠਿ ਰਵਿਦਾਸ ਜੀ, ॥੧॥੫॥ ਪੰਨਾ ੬੫੮


www.AKJ.Org

# ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਬਾਰੇ ਤੱਥਾਂ ਤੇ ਇਕ ਨਜ਼ਰ (੨)

[ਕੈਪਟਨ ਸਵਰਨ ਸਿੰਘ ਜੀ]

## ਕੀ ਖ਼ੁਸਰੋ ਦੀ ਮੁਲਾਕਾਤ ਗੁਰੂ ਸਾਹਿਬ ਨੂੰ ਦੋਸ਼ੀ ਬਣਾ ਗਈ ?

ਖ਼ੁਸਰੋ ਜੇ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਨਾ ਵੀ ਆਉਂਦਾ ਤਾਂ ਵੀ ਜਹਾਂਗੀਰ ਉਨ੍ਹਾਂ ਨੂੰ ਖ਼ਤਮ ਕਰਨ ਦੇ ਬਾਨ੍ਹਣੂੰ ਬੰਨ੍ਹ ਚੁਕਾ ਸੀ। ਉਹ ਆਪਣੀ ਲਿਖਤ ਵਿਚ ਇਸ ਗੱਲ ਨੂੰ ਮੰਨਦਾ ਹੈ ਕਿ ਗੁਰ-ਗੱਦੀ ਨੂੰ ਸਮਾਪਤ ਕਰਨ ਲਈ ਉਸ ਨੇ ਚਿਰਾਂ ਤੋਂ ਮਨ ਬਣਾਇਆ ਹੋਇਆ ਸੀ। ਉਸ ਦੀ ਤੀਬਰ ਇੱਛਾ ਸੀ ਕਿ ਕਿਵੇਂ ਨਾ ਕਿਵੇਂ ਪੰਚਮ ਪਾਤਸ਼ਾਹ ਨੂੰ ਮੁਸਲਮਾਨ ਬਣਾਇਆ ਜਾਵੇ। ਦਿੱਲੀ ਵਾਲੇ 'ਬਾਕੀ ਬਿੱਲਾ ਸ਼ਾਹ', ਜੋ ਸ਼ੇਖ਼ ਅਹਿਮਦ ਸਿਰਹੰਦੀ ਦਾ ਮੁਰਸ਼ਦ ਸੀ, ਤੇ ਸ਼ੇਖ ਸਿਰਹੰਦੀ ਆਪ ਜੋ ਮੁਹੰਮਦ ਸਾਹਿਬ ਬਾਅਦ ਦੂਜਾ ਹਜ਼ਾਰਾ[1] ਬਣਿਆ ਹੋਇਆ ਸੀ ਤੇ ਇਸਲਾਮ ਨੂੰ ਮੁੜ ਸੁਰਜੀਤ ਕਰਨ ਦਾ ਬੀੜਾ ਚੁਕੀ ਬੈਠਾ ਸੀ, ਇਹ ਦੋਵੇਂ ਗੁਰੂ ਅਰਜਨ ਦੇਵ ਜੀ ਦੀ ਸ਼ਖ਼ਸੀਅਤ ਦਾ ਟਾਕਰਾ ਨਹੀਂ ਸਨ ਕਰ ਸਕਦੇ। ਦੂਜੇ ਹਜ਼ਾਰੇ ਨੂੰ ਕਿਵੇਂ ਮਨਜ਼ੂਰ ਸੀ ਕਿ ਹੋਵੇ ਉਹ ਮੁਹੰਮਦ ਸਾਹਿਬ ਦੇ ਬਰਾਬਰ ਦਾ ਤੇ ਉਸ ਦੇ ਜੀਊਂਦਿਆਂ, ਉਸ ਦੀਆਂ ਅੱਖਾਂ ਦੇ ਸਾਹਮਣੇ ਹਿੰਦੂਆਂ ਨਾਲ ਮੁਸਲਮਾਨ ਵੀ ਗੁਰੂ ਜੀ ਦੇ ਪੈਰੋਕਾਰ ਬਣਦੇ ਜਾਣ। ਗੁਰੂ ਅਰਜਨ ਦੇਵ ਜੀ ਨੇ ਕਦੀ ਵੀ ਕੋਈ ਲਫ਼ਜ਼ ਇਸਲਾਮ ਜਾਂ ਹੋਰ ਕਿਸੇ ਧਰਮ ਦੇ ਵਿਰੁਧ ਨਹੀਂ ਸੀ ਕਿਹਾ। ਇਨ੍ਹਾਂ ਇਸਲਾਮ ਦੇ ਰਾਖਿਆਂ ਦੋਵਾਂ, ਪੀਰ ਤੇ ਮਰੀਦ ਨੂੰ ਗੁਰੂ ਜੀ ਦੀ ਪ੍ਰਭਤਾ ਤੋਂ ਡਰ ਆਉਂਦਾ ਸੀ। ਆਪ ਤਾਂ ਉਹ ਸਮਰੱਥ ਨਹੀਂ ਸਨ ਕਿ ਰੱਬ ਦੀਆਂ ਗੱਲਾਂ ਮੁਸਲਮਾਨਾਂ ਨੂੰ ਦੱਸ ਕੇ ਦੀਨ ਵਿਚ ਪੱਕਿਆਂ ਕਰ ਸਕਦੇ; ਉਨ੍ਹਾਂ ਉਸ ਸੋਮੇ ਨੂੰ ਹੀ ਖ਼ਤਮ ਕਰਨ ਦਾ ਜਤਨ ਕੀਤਾ ਜਿਥੋਂ ਈਸ਼ਵਰੀ ਗਿਆਨ ਪ੍ਰਾਪਤ ਕਰ ਕੇ ਉਨ੍ਹਾਂ ਦੇ ਸੀਨੇ ਠਰਦੇ ਸਨ। ਇਸ ਕੰਮ ਲਈ ਉਹ ਬੜੇ ਚਿਰ ਤੋਂ ਬਾਦਸ਼ਾਹ ਨੂੰ ਸੀਖਦੇ ਆ ਰਹੇ ਸਨ। ਅਕਬਰ ਵੇਲੇ ਤਾ ਦੂਜੇ ਹਜ਼ਾਰੇ ਦੀ ਦਾਲ ਨਾ ਗਲੀ, ਪਰ ਸਲੀਮ (ਜਹਾਂਗੀਰ) ਨੂੰ ਸਾਜ਼ਸ਼ਾਂ ਕਰ ਕੇ ਤਖ਼ਤ ਤੇ ਬੈਠਾ ਲਿਆ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਗੁਰੂ ਸਾਹਿਬ ਨੂੰ ਆਪਣੇ ਰਾਹ ਚੋਂ ਹਟਾ ਦੇਣ ਦਾ ਕੰਮ ਕੀਤਾ।

ਸਿਰਹੰਦੀ ਦੇ ਮੁਰੀਦ, ਜੋ ਫ਼ੌਜ ਤੇ ਸ਼ਾਹੀ ਦਰਬਾਰ ਵਿਚ ਵਡੇ ਵਡੇ ਅਹੁਦੇਦਾਰ ਸਨ, ਜਹਾਂਗੀਰ ਨੂੰ ਖ਼ੁਸਰੋ

---

❋ ਕ੍ਰਿਸ਼ਨ ਜੀ ਬਾਰੇ ਉਚਾਰਿਆ ਗਿਆ ਹੈ।

ਉਪਰ ਲਿਖੇ ਸ਼ਬਦਾਂ ਦਾ ਹਵਾਲਾ ਹਿੰਦੁਸਤਾਨ ਟਾਈਮਜ਼ ਵਿਚ ਦਿਤੀ ਰੀਪੋਰਟ ਵਿਚ ਹੈ। ਇਨ੍ਹਾਂ ਤੋਂ ਇਲਾਵਾ ਜੋ ਹੋਰ ਕੋਈ ਸ਼ਬਦ ਉਸ ਸ਼ੋ ਵਿਚ ਹਨ ਤੇ ਉਨ੍ਹਾਂ ਦੇ ਕੀ ਅਰਥ ਕੀਤੇ ਗਏ ਹਨ,ਬਾਰੇ ਸਾਨੂੰ ਪਤਾ ਨਹੀਂ।

ਇਹ ਚੀਜ਼ ਨਿਰਸੰਸੇ ਹੈ ਕਿ ਦਸ ਗੁਰੂ ਸਾਹਿਬਾਨ ਜੋਤਿ ਨਿਰੰਜਨੀ ਸਨ ਤੇ "ਸਭ ਤੇ ਵਡਾ ਸਤਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ" (੭੫੦) ਗੁਰਵਾਕ ਹੈ। ਇਹ ਸੰਸਾ ਕਿਸੇ ਨੂੰ ਨਹੀਂ ਹੋਣਾ ਚਾਹੀਦਾ ਤੇ ਨਾ ਹੀ ਕਿਸੇ ਨੂੰ ਇਹ ਕਹਿਣ ਦਾ ਯਤਨ ਕਰਨਾ ਚਾਹੀਦਾ ਹੈ ਕਿ ਕਿਸੇ ਵੀ ਗੁਰੂ ਸਾਹਿਬਾਨ ਨੇ 'ਕ੍ਰਿਸ਼ਨ ਜੀ' ਜਾਂ ਸ੍ਰੀ ਰਾਮ ਜੀ ਦੀ ਭਗਤੀ ਵਿਚ ਸ਼ਬਦ ਉਚਾਰਨ ਕੀਤੇ ਹਨ। ਕ੍ਰਿਸ਼ਨ ਜੀ ਤੇ ਸ੍ਰੀ ਰਾਮ ਜੀ ਦੋਨੋਂ ਅਵਤਾਰ ਸਨ ਤੇ ਇਨ੍ਹਾਂ ਲਈ ਕਿਤੇ ਕਿਤੇ ਹਵਾਲੇ ਸ਼ਬਦਾਂ ਵਿਚ ਹਨ, ਜਿਵੇਂ ਦ੍ਰੋਪਦੀ ਦੀ ਲਾਜ ਰਖਣ ਬਾਰੇ ਸ਼ਬਦ ਹੈ।

ਅੰਤ ਵਿਚ ਅਸੀਂ ਬੇਨਤੀ ਕਰਾਂਗੇ ਕਿ ਕੋਈ ਵੀ ਸੱਜਣ ਕੋਈ ਐਸੀ ਚੀਜ਼ ਕਰਨ ਦਾ ਯਤਨ ਨਾ ਕਰੇ ਜ ਗੁਰਸਿੱਖੀ ਦੇ ਮੁਢਲੇ ਅਸੂਲਾਂ ਦੇ ਵਿਰੁਧ ਹੈ। ਗੁਰਬਾਣੀ ਦੇ ਅਰਥ ਕਰਨ ਲਗਿਆਂ ਵੀ ਕਿਸੇ ਸੂਝ ਬੂਝ ਵਾਲ ਵਿਅਕਤੀ ਤੋਂ ਅਰਥ ਸਮਝਣ ਦਾ ਯਤਨ ਕਰਨਾ ਚਾਹੀਦਾ ਹੈ। ਅਸੀਂ ਸਿਖ ਸੰਸਥਾਵਾਂ ਨੂੰ ਵੀ ਬੇਨਤੀ ਕਰਦੇ ਹ; ਕਿ ਉਹ ਚੌਕੰਨੀਆਂ ਰਹਿਣ ਤੇ ਇਹੋ ਜਿਹੀ ਬੇਅਦਬੀ ਤ ਗੁਰਬਾਣੀ ਦੇ ਅਰਥਾਂ ਨੂੰ ਗ਼ਲਤ ਕਰਨ ਦੀ ਕੋਸ਼ਿਸ਼ ਨੂੰ ਕਾਮਯਾਬ ਨਾ ਹੋਣ ਦੇਣ।

[ਖ਼ਾਲਸਾ ਸਮਾਚਾਰ ਨਵੀਂ ਦਿੱਲੀ, ੨੨-੪-੯੩

ਦੀ ਜਗ੍ਹਾ ਹਿੰਦੁਸਤਾਨ ਦੇ ਤਖ਼ਤ ਉਤੇ ਬਿਠਾਉਣ ਵਿਚ ਸਹਾਈ ਹੋਏ। ਇਸਲਾਮ ਦੀ ਸੇਵਾ ਲਈ ਜਨੂੰਨੀ ਹੋ ਚੁਕੇ ਜਹਾਂਗੀਰ ਨੂੰ ਚੰਗੀ ਆਰ ਲਾਈ। ਖ਼ੁਸਰੋ ਦੀ ਬਗ਼ਾਵਤ ਸਮੇਂ ਉਸ ਨੂੰ ਲੋੜੀਂਦਾ ਬਹਾਨਾ ਮਿਲ ਗਿਆ।

ਖ਼ੁਸਰੋ ਆਪਣੀ ਸ਼ਰਧਾ ਕਰਕੇ ਗੁਰੂ ਸਾਹਿਬ ਪਾਸ ਗਿਆ ਸੀ। ਗੁਰੂ ਸਾਹਿਬ ਨੇ ਉਸ ਨੂੰ ਬੁਲਾਇਆ ਨਹੀਂ ਸੀ ਕਿ ਗੋਇੰਦਵਾਲ ਦੇ ਪਤਣੋਂ ਲੰਘਦਾ ਹੋਇਆ ਸਾਨੂੰ ਜ਼ਰੂਰ ਮਿਲ ਕੇ ਜਾਵੀਂ। ਸ਼ਰਧਾ ਤੇ ਕੋਈ ਪਾਬੰਦੀ ਨਹੀਂ ਲਾਈ ਜਾ ਸਕਦੀ, ਨਾ ਹੀ ਅੱਜ ਤਕ ਲੱਗੀ ਹੈ। ਗੁਰੂ ਘਰ ਦੀ ਹਾਜ਼ਰੀ ਤੇ ਕੋਈ ਰੋਕ ਨਹੀਂ, ਕਿਉਂਕਿ ਇਹ ਰੱਬ ਦਾ ਘਰ ਹੈ। ਮੱਕਾ ਮੁਅਜ਼ਮਾ ਤੇ ਮਦੀਨਾ ਮੁਨੱਵਰਾ ਦੀ ਹਦੂਦ ਵਿਚ ਕੋਈ ਗ਼ੈਰ-ਮੁਸਲਮਾਨ ਕਦਮ ਵੀ ਨਹੀਂ ਰੱਖ ਸਕਦਾ। ਜੇ ਰਖੇ, ਫੜਿਆ ਜਾਵੇ ਤਾਂ ਸਜ਼ਾ ਮੌਤ ਹੈ। ਮੰਨ ਲਉ ਉਹ ਰੱਬ ਦੇ ਘਰ ਹਨ, ਪਰ ਕਬਜ਼ਾ ਉਥੇ ਅਰਬ ਮੁਸਲਮਾਨਾਂ ਦਾ ਹੈ। ਕੋਈ ਰੱਬ ਦਾ ਬੰਦਾ, ਜੋ ਦੀਨ ਵਿਚ ਨਹੀਂ, ਉਥੇ ਹਾਜ਼ਰੀ ਦਾ ਸੁਪਨਾ ਵੀ ਨਹੀਂ ਲੈ ਸਕਦਾ। ਹਿੰਦੁਸਤਾਨ ਅੰਦਰ ਵੀ ਦੱਖਣ ਦੇ ਕਈ ਐਸੇ ਮੰਦਰ ਹਨ ਜਿਥੇ ਸੂਦਰ ਤਾਂ ਇਕ ਪਾਸੇ, ਕਈ ਹਿੰਦੂ ਵੀ ਅੰਦਰ ਪੈਰ ਨਹੀਂ ਧਰ ਸਕਦੇ। ਹਿੰਦੁਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਹਿਰੂ ਦੀ ਧੀ ਇੰਦਰਾ ਜੋ ਆਪਣੇ ਸਮੇਂ ਖ਼ੁਦ ਪ੍ਰਧਾਨ ਮੰਤਰੀ ਸੀ, ਪੁਰੀ ਦੇ ਮੰਦਰ ਵਿਚ ਨਹੀਂ ਸੀ ਵੜਨ ਦਿਤੀ, ਉਥੋਂ ਦੇ ਪੁਜਾਰੀ ਬ੍ਰਾਹਮਣਾਂ ਨੇ। ਅਰਬ ਦੇ ਸੱਜਦਾਂ ਵਾਂਗ ਇਥੇ ਬ੍ਰਾਹਮਣ ਰੱਬ ਦੇ ਬੂਹੇ ਅਗੇ ਸੋਟਾ ਲਈ ਖਲੋਤਾ ਹੈ। ਰੋਮ ਵਿਖੇ ਪੋਪ ਸਾਹਿਬ ਨੇ ਵੀ ਇਕ ਖਾਸ ਕਿਸਮ ਦਾ ਜ਼ਾਬਤਾ ਨਿਰਧਾਰਤ ਕੀਤਾ ਹੈ ਕਿ ਐਰਾ ਗੈਰਾ ਅੰਦਰ ਨਾ ਲੰਘ ਆਵੇ। ਸਿੱਖਾਂ ਦੇ ਧਰਮ-ਅਸਥਾਨਾਂ ਵਿਚ ਤੇ ਲੰਗਰਾਂ ਅੰਦਰ ਹਰ ਇਕ ਨੂੰ 'ਜੀ ਆਇਆਂ' ਕਿਹਾ ਜਾਂਦੈ; ਸਿੱਖ, ਈਸਾਈ, ਹਿੰਦੂ, ਮੁਸਲਮਾਨ, ਬੋਧੀ, ਜੈਨੀ, ਯਹੂਦੀ ਦਾ ਕੋਈ ਵਿਤਕਰਾ ਨਹੀਂ। ਸਿੱਖ ਸੇਵਾਦਾਰ, ਪਹਿਰੇਦਾਰ ਤਾਂ ਜ਼ਰੂਰ ਹੈ, ਪਰ ਇਥੋਂ ਦਾ ਮਾਲਿਕ ਨਹੀਂ। ਕੀ ਮਜਾਲ ਕੋਈ ਕਿਸੇ ਨੂੰ ਰੋਕੇ। ਬਸ ਐਸੀ ਹੀ ਖੁਲ੍ਹ ਖ਼ੁਸਰੋ ਨੂੰ ਵੀ ਸੀ। ਹਾਂ, ਗੁਰੂ ਜੀ ਪਾਸ ਖ਼ੁਸਰੋ ਦੇ ਜਾਣ ਤੋਂ ਜਹਾਂਗੀਰ ਨੂੰ ਜੇ ਚਿੜ ਸੀ ਕਿ ਉਸ ਨੇ ਬੁਰਾ ਕੀਤਾ, ਤਾਂ ਮੁਗ਼ਲ ਰਾਜ ਦੇ ਬਾਨੀ ਬਾਬਰ, ਜਹਾਂਗੀਰ ਦੇ ਪੜਦਾਦੇ ਬਾਬਰ ਨੇ ਵੀ ਜੁਰਮ ਕੀਤਾ, ਜੁ ਉਹ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਨੂੰ ਗਿਆ, (ਭਾਵੇਂ ਉਹ ਉਸ ਵੇਲੇ ਉਸ ਦੀ ਕੈਦ ਵਿਚ ਹੀ ਸਨ) ਦੀਦਾਰ ਕਰਕੇ ਗਦ ਗਦ ਹੋ ਗਿਆ। ਉਨ੍ਹਾਂ ਨਾਲ ਬੇਸ਼ੁਮਾਰ ਬੰਦੀਆਂ ਦੀ ਬੰਦ-ਖਲਾਸੀ ਹੋਈ। ਇਹੋ ਜੁਰਮ ਉਸ ਦੇ ਬਾਬੇ ਹੁਮਾਯੂੰ, ਤੇ ਉਸ ਦੇ ਆਪਣੇ ਬਾਪ ਅਕਬਰ ਨੇ ਕੀਤਾ। ਅਕਬਰ ਨੇ ਤਾਂ ਕਈ ਵਾਰ ਕੀਤਾ। ਇਸ 'ਕੁਫ਼ਰ' ਦੀ ਦੁਕਾਨ ਤੇ ਉਸ ਦਾ ਬਾਪ, ਦਾਦਾ, ਪੜਦਾਦਾ ਕਿਉਂ ਤੇ ਕੀ ਸੌਦਾ ਲੈਣ ਗਏ ? ਜਹਾਂਗੀਰ ਦੇ ਅਸੂਲ ਅਨੁਸਾਰ ਬਾਬਰ ਤੋਂ ਲੈ ਕੇ ਖ਼ੁਸਰੋ ਤਕ ਸਭ ਕਾਫ਼ਰ ਹੋ ਗਏ। ਸੁਆਦ ਤਾਂ ਸੀ ਜੇ ਉਹ ਆਪਣੀ 'ਤੋਜ਼ਕ' ਵਿਚ ਲਿਖ ਦੇਂਦਾ ਕਿ ਇਨ੍ਹਾਂ ਦੇ ਕੁਫ਼ਰ ਕਾਰਨ ਮੈਂ ਇਨ੍ਹਾਂ ਨੂੰ ਆਪਣੇ ਬਾਪ ਦਾਦੇ ਪੜਦਾਦੇ ਹੀ ਨਹੀਂ ਮੰਨਦਾ। ਇਹ ਸਤਰਾਂ ਸਪੱਸ਼ਟ ਕਰਦੀਆਂ ਹਨ ਕਿ ਜਹਾਂਗੀਰ, ਜਿਸਨੂੰ ਇਤਿਹਾਸਕਾਰ ਬੜਾ ਨਿਆਈਂ ਤੇ ਖੁਲ੍ਹਦਿਲਾ ਮੰਨਦੇ ਹਨ, ਬੜਾ ਇਨਸਾਫ਼ੋਂ ਦੂਰ; ਤੰਗ-ਨਜ਼ਰ, ਤੁਅਸਬੀ, ਝੂਠਾ ਸੀ ਤੇ ਝੂਠੇ ਬਹਾਨਿਆਂ ਦਾ ਆਸਰਾ ਲੈ ਕੇ ਉੱਲੂ ਸਿੱਧਾ ਕਰਨ ਲਈ ਵੱਡੀ ਤੋਂ ਵੱਡੀ ਨੀਚਤਾ ਤੇ ਉੱਤਰ ਸਕਦਾ ਸੀ। ਮੇਰਾ ਵਿਸ਼ਾ ਆਗਿਆ ਨਹੀਂ ਦੇਂਦਾ ਕਿ ਜਹਾਂਗੀਰ ਉਤੇ ਹੋਰ ਜ਼ਿਆਦਾ ਲਿਖਣ ਲਈ ਚਲਦੇ ਮਜ਼ਮੂਨ ਦੀ ਸੇਧ ਤੋਂ ਹਟ ਕੇ ਅਜਾਈਂ ਔਝੜੇ ਰਾਹ ਪਵਾਂ। ਉਸ ਦੀ ਆਪਣੀ ਲਿਖਤ ਵਿਚ ਹੀ ਏਨਾ ਮਸਾਲਾ ਮੌਜੂਦ ਹੈ ਕਿ ਉਸ ਨੂੰ ਨਿਆਈਂ ਤੇ ਦਇਆਵਾਨ ਕਹਿਣਾ ਸੱਚ ਦਾ ਅਪਮਾਨ ਕਰਨ ਵਾਲੀ ਗੱਲ ਹੈ। ਇਸ ਦੀ ਪੂਰੀ ਤਸਵੀਰ, ਜੋ ਬੜੀ ਘਿਨ ਉਣੀ ਹੈ, ਚਿਤਰਨ ਲਈ ਬੜੀ ਜਗ੍ਹਾ ਦਰਕਾਰ ਹੈ। ਸੂਝਵਾਨ ਪਾਠਕ ਭਲੀ ਭਾਂਤ ਇਸ ਆਦਮੀ ਬਾਰੇ ਅਸਲੀਅਤ ਤਕ ਪਹੁੰਚ ਸਕਦੇ ਹਨ, ਜਦ ਉਹ ਜਾਣ ਲੈਣਗੇ ਕਿ ਇਸ ਨੇ ਆਪਣੇ ਬਾਪ ਨੂੰ ਬਹੁਤ ਦੁਖੀ ਕੀਤਾ, ਖ਼ੁਸਰੋ ਵਾਂਗ ਉਸ ਦੇ ਖ਼ਿਲਾਫ਼ ਬਗ਼ਾਵਤ ਕੀਤੀ, ਬਹੁਤ ਆਪ-ਹੁਦਰੀਆਂ ਕਰਤੂਤਾਂ ਕੀਤੀਆਂ, ਸਮੇਂ ਦੇ ਮਹਾਨ ਵਿਦਵਾਨ, ਮੁਗ਼ਲ ਰਾਜ ਦੇ ਥੰਮ੍ਹ, ਅਕਬਰ ਦੇ ਵੱਡੇ ਯਾਰ, ਨੌ ਰਤਨਾਂ ਚੋਂ ਸ੍ਰੇਸ਼ਟ ਅਬੁਲ ਫ਼ਜ਼ਲ ਨੂੰ ਅਕਬਰ ਦੇ ਜੀਉਂਦਿਆਂ ਕਤਲ ਕਰਵਾਇਆ, ਨੂਰ ਜਹਾਨ ਨੂੰ ਹਾਸਲ ਕਰਨ ਲਈ ਆਪਣੇ ਉੱਘੇ ਸੂਰਮੇ ਤੇ ਮੁਗ਼ਲ ਰਾਜ ਦੇ ਵਫ਼ਾਦਾਰ

ਅਫ਼ਸਰ ਸ਼ੇਰ ਅਫ਼ਗਨ ਨੂੰ ਕਤਲ ਕਰਵਾ ਕੇ ਨੂਰ ਜਹਾਨ ਨੂੰ ਉਸ ਦੀ ਮਰਜ਼ੀ ਦੇ ਉਲਟ ਆਪਣੇ ਘਰ ਪਾਇਆ, ਮਾਮੂਲੀ ਦੋਸ਼ਾਂ ਵਾਲੇ ਲੋਕਾਂ ਨੂੰ ਹਾਥੀਆਂ ਦੇ ਪੈਰਾਂ ਥੱਲੇ ਕੁਚਲਵਾਇਆ, ਦੂਜੇ ਧਰਮਾਂ ਦਿਆਂ ਮਹਾਂਪੁਰਸ਼ਾਂ ਨੂੰ ਗੰਦੀਆਂ ਗਾਲ੍ਹਾਂ ਕਢੀਆਂ, ਧਰਮ-ਅਸਥਾਨਾਂ ਦੀ ਬੇਅਦਬੀ ਕਰਵਾਈ; ਜਦ ਅਕਬਰ ਮੌਤ ਦੇ ਮੰਜੇ ਤੇ ਅੱਡੀਆਂ ਰਗੜ ਰਿਹਾ ਸੀ ਤਾਂ ਇਸ ਨੇ ਉਸ ਦੇ ਜੀਊਂਦਿਆਂ ਹੀ ਆਪਣੇ ਬਾਦਸ਼ਾਹ ਹੋਣ ਦਾ ਐਲਾਨ ਕਰ ਦਿਤਾ। ਅਕਬਰ ਦੇ ਆਖ਼ਰੀ ਸਾਹ ਸਮੇਂ ਸਿਆਣੇ ਦਰਬਾਰੀਆਂ ਨੇ ਮਸਾਂ ਮੰਨਾ ਤੇ ਧਕ-ਧਕਾ ਕੇ ਉਸ ਪਾਸ ਲਿਆਂਦਾ। ਇਸ ਥੋੜੇ ਨੂੰ ਬਹੁਤਾ ਕਰ ਕੇ ਜਾਣਿਆ ਜਾਵੇ, ਕਿਉਂਕਿ ਵਿਸਥਾਰ ਸਹਿਤ ਸਭ ਕੁਝ ਇਨ-ਬਿਨ ਲਿਖਣ ਲਈ ਇਕ ਵੱਡੇ ਆਕਾਰ ਦੀ ਕਿਤਾਬ ਬਣ ਜਾਵੇਗੀ।

**ਇਕ ਹੋਰ ਹੈਰਾਨੀ ਵਾਲੀ ਗੱਲ–**

ਖ਼ੁਸਰੋ ਆਪਣੀ ਮਨ-ਮਰਜ਼ੀ ਤੇ ਸ਼ਰਧਾ ਨਾਲ ਗੁਰੂ ਜੀ ਨੂੰ ਮਿਲਿਆ, ਏਨੇ 'ਚ ਹੀ ਸਤਿਗੁਰੂ ਦੋਸ਼ੀ ਹੋ ਗਏ ਤੇ ਸਜ਼ਾ ਕਤਲ, ਉਹ ਵੀ ਤਸੀਹੇ ਦੇ ਦੇ ਕੇ। ਪਰ ਜਦ ਉਹ ਆਪ ਇਹ ਲਿਖਦਾ ਹੈ–"ਚੂੰ ਦਰ ਵਾਕਿਆ ਹਜ਼ਰਤ ਅਰਸ਼ ਆਸ਼ਿਆਨੀ ਬਾਫ਼ਸਾਦ ਬਅਜ਼ੇ ਮੁਫਸਦਾਂ ਇਰਾਦਹਾ ਅਜ਼ ਖ਼ਾਤਰ ਊ ਸਰ ਬਰ ਜ਼ਦਾ ਬੂਦ ਵ ਮੇਦਾਨ ਸਤ ਕਿ ਈਂਹਾ ਬਮਨ ਰਸੀਦਾ ਅਸਤ ਇਤਮਾਦ ਬਰ ਮਿਹਰੋ ਸ਼ਫ਼ਕਤ ਮਨ ਨਮੀ ਕਰਦੀ..." (ਤੌਜ਼ਕ, ਸਫ਼ਾ ੨੬)।

ਅਰਥਾਤ, ਜਿਸ ਵੇਲੇ ਮੇਰਾ ਬਾਪ, ਉਨ੍ਹਾਂ ਦਾ ਸੁਰਗਾਂ ਵਿਚ ਵਾਸਾ ਹੋਵੇ, ਮੌਤ ਦੇ ਬਿਸਤਰੇ ਤੇ ਪਿਆ ਸੀ, ਖੁਸਰੋ ਚੰਦ ਸਾਜ਼ਸ਼ੀਆਂ ਦੇ ਇਸ਼ਾਰੇ ਤੇ ਰਾਜ ਭਾਗ ਉਤੇ ਕਬਜ਼ਾ ਕਰ ਲੈਣ ਦੇ ਖ਼ਿਆਲਾਂ ਦਾ ਪ੍ਰਗਟਾਵਾ ਵਾਰ ਵਾਰ ਕਰਦਾ ਰਹਿੰਦਾ ਸੀ ਅਤੇ ਉਸ ਨੂੰ ਇਹ ਬਿਲਕੁਲ ਪਤਾ ਸੀ ਕਿ ਇਸ ਦੀਆਂ ਖ਼ਬਰਾਂ ਮੇਰੇ ਤਕ ਪਹੁੰਚ ਰਹੀਆਂ ਹਨ। ਮੇਰੇ ਰਾਜ ਸਿੰਘਾਸਨ ਉਤੇ ਬਿਰਾਜਮਾਨ ਹੋਣ ਤੋਂ ਪਿਛੋਂ ਉਹ ਮੇਰੀ ਨਰਮੀ ਤੇ ਮਿਹਰਬਾਨੀ (ਜੋ ਉਸ ਪ੍ਰਤੀ ਮੈਂ ਰਖਦਾ ਸਾਂ) ਉਤੇ ਭਰੋਸਾ ਨਹੀਂ ਸੀ ਕਰਦਾ

ਜ਼ਰਾ ਵਿਚਾਰੋ ਇਨ੍ਹਾਂ ਸਤਰਾਂ ਨੂੰ। ਖੁਸਰੋ ਕੁਝ ਕੁ ਸਾਜ਼ਸ਼ੀਆਂ ਤੇ ਉਪੱਦਰ ਖੜਾ ਕਰਨ ਵਾਲਿਆਂ ਨਾਲ ਮਿਲ ਕੇ ਅਕਬਰ ਦੇ ਬੀਮਾਰ ਹੋਣ ਸਮੇਂ, ਤਖ਼ਤ ਤੇ ਧੀਂਗੋ ਜ਼ੋਰੀ ਕਬਜ਼ਾ ਕਰ ਲੈਣ ਦੀਆਂ ਗੱਲਾਂ ਕਰਦਾ ਹੈ। ਇਸ ਦੀਆਂ ਪੂਰੀਆਂ ਪੂਰੀਆਂ ਖ਼ਬਰਾਂ ਜਹਾਂਗੀਰ ਨੂੰ ਪਹੁੰਚ ਰਹੀਆਂ ਹਨ। ਜਹਾਂਗੀਰ ਅਕਬਰ ਦੇ ਮਰਨ ਤੋਂ ਇਕ ਦਿਨ ਪਹਿਲਾਂ ਤਖ਼ਤ ਤੇ ਬੈਠਦਾ ਹੈ। ਇਸ ਤੋਂ ਛੇ ਮਹੀਨੇ ਬਾਅਦ ਖੁਸਰੋ ਬਗ਼ਾਵਤ ਕਰਨ ਲਈ ਫ਼ਰਾਰ ਹੁੰਦਾ ਹੈ। ਉਨ੍ਹਾਂ ਸਾਰੇ ਫਸਾਦੀਆਂ ਤੇ ਸਾਜ਼ਸ਼ੀਆਂ, ਜਿਹੜੇ ਖੁਸਰੋ ਨਾਲ ਸਨ ਤੇ ਤਖ਼ਤ ਹੜੱਪਣ ਲਈ ਉਸ ਨੂੰ ਉਭਾਰਦੇ ਸਨ, ਬਾਰੇ ਜਹਾਂਗੀਰ ਆਪਣੀ ਜੀਵਨੀ ਵਿਚ ਕੁਝ ਨਹੀਂ ਲਿਖਦਾ ਕਿ ਇਨ੍ਹਾਂ ਦੋਸ਼ੀਆਂ ਨਾਲ ਉਹ ਕਿਵੇਂ ਨਿਬੜਿਆ? ਕੀ ਕੀ ਸਜ਼ਾਵਾਂ ਦਿੱਤੀਆਂ? ਇਨ੍ਹਾਂ ਛੇ ਮਹੀਨਿਆਂ ਅੰਦਰ ਉਨ੍ਹਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਕਿ ਨਾ? ਸਨ ਤਾਂ ਉਹ ਵੀ ਬਾਗੀ ਹਾਂ! ਪਰ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਗੁਰੂ ਸਾਹਿਬ ਦੇ ਦੀਦਾਰ ਨੂੰ ਗਏ ਖੁਸਰੋ ਤੇ ਉਥੋਂ ਪ੍ਰਸਾਦਾ ਛਕ ਕੇ ਅੱਗੇ ਤੁਰ ਜਾਣ ਦੀ ਘਟਨਾ ਨੇ ਗੁਰੂ ਸਾਹਿਬ ਨੂੰ ਤਾਂ ਦੋਸ਼ੀ ਬਣਾ ਦਿਤਾ, ਜਦ ਕਿ ਤਖ਼ਤ ਖੋਹ ਲੈਣ ਬਾਰੇ ਉਥੇ ਗੱਲ ਹੀ ਕੋਈ ਨਹੀਂ ਹੋਈ ਸੀ, ਤੇ ਜਿਨ੍ਹਾਂ ਅਲੇ-ਐਲਾਨ ਖੁਸਰੋ ਨੂੰ ਉਕਸਾਇਆ ਸੀ ਕਿ ਵੇਲਾ ਹੈ ਹੜੱਪ ਲੈ ਤਖ਼ਤ ਨੂੰ, ਉਨ੍ਹਾਂ ਨੂੰ ਸਜ਼ਾ ਹਾਂ ਕਈ ਨਾ ਦਿਤੀ ਜਾਵੇ। ਇਹ ਹੈ ਜਹਾਂਗੀਰ ਦਾ ਇਨਸਾਫ਼!

ਜਹਾਂਗੀਰ ਲਿਖਦਾ ਹੈ ਕਿ ਕੁਝ ਪਹਿਲਾਂ ਤੋਂ ਸੁਣੀਆਂ ਮਿਥੀਆਂ ਗੱਲਾਂ ਗੁਰੂ ਅਰਜਨ ਦੇਵ ਨੇ ਉਸ (ਖੁਸਰੋ) ਨੂੰ ਦੱਸੀਆਂ। ਕਿਡੀ ਹਾਸੋ ਹੀਣੀ ਗੱਲ ਹੈ। ਜੇ ਉਸ ਨੂੰ ਇਹ ਪਤਾ ਹੈ ਕਿ ਕੋਈ ਖ਼ਾਸ ਐਸੇ ਭੇਤ ਜਾਂ ਐਸੀਆਂ ਗੱਲਾਂ ਬਾਰੇ ਗੁਰੂ ਸਾਹਿਬ ਨੂੰ ਪਤਾ ਹੈ ਜੋ ਜਹਾਂਗੀਰ ਲਈ ਨੁਕਸਾਨ-ਦੇਹ ਹਨ ਤਾਂ ਛੇ ਮਹੀਨੇ ਉਡੀਕਣ ਦੀ ਕੀ ਲੋੜ ਸੀ? ਪਹਿਲਾਂ ਹੀ ਉਨ੍ਹਾਂ ਨੂੰ ਫੜ ਕੇ ਕਤਲ ਕੀਤਾ ਜਾ ਸਕਦਾ ਸੀ, ਜਾਂ ਘਟੋ-ਘਟ ਬਿਆਸ ਲੰਘਦਾ ਹੀ ਉਨ੍ਹਾਂ ਨੂੰ ਕੈਦ ਕਰ ਲੈਂਦਾ। ਕਿ ਉਨ੍ਹਾਂ ਨੂੰ ਫੜ ਕੇ ਮਾਰਨ ਦੀ ਬਾਦਸ਼ਾਹ ਨੇ ਕਿਸੇ ਹੋਰ ਤੋਂ ਆਗਿਆ ਲੈਣੀ ਸੀ? ਗੁਰੂ ਸਾਹਿਬ ਨੂੰ ਖੁਸਰੋ ਦੀ ਬਗ਼ਾਵਤ ਨਾਲ ਹਿੱਸੇਦਾਰੀ ਦਾ ਬਹਾਨਾ ਚਿੱਟਾ ਨੰਗਾ ਝੂਠ ਹੈ। ਬਾਦਸ਼ਾਹ ਦੇ ਮੱਥੇ ਤੇ ਇਹ ਇਕ ਬੜਾ ਵੱਡਾ ਕਲੰਕ ਦਾ ਅਲੱਥ ਟਿੱਕਾ ਹੈ।


www.AKJ.Org

**ਖ਼ੁਸਰੋ ਦਾ ਆਗਰਿਓਂ ਭਜਣਾ ਤੇ ਬਾਦਸ਼ਾਹ ਦਾ ਪਿਛੇ ਲੱਗਣਾ, ਜਹਾਂਗੀਰ ਦੀ ਜ਼ਬਾਨੀ–**

ਸ਼ਹਿਜ਼ਾਦਾ ਖੁਸਰੋ ਦੇ ਮਨ ਵਿਚ ਤੀਬਰ ਖ਼ਾਹਿਸ਼ ਸੀ ਕਿ ਉਹ ਰਾਜ ਭਾਗ ਉਤੇ ਕਬਜ਼ਾ ਕਰ ਲਵੇ। ਮੇਰੇ ਬਾਪ ਦੀ ਬੀਮਾਰੀ ਦੇ ਦਿਨਾਂ ਵਿਚ ਉਸ ਦੀ ਇਹ ਖ਼ਾਹਿਸ਼ ਹੋਰ ਵੀ ਤੇਜ਼ ਹੋ ਗਈ। ਕਈ ਗ਼ਰਜ਼ਮੰਦ ਤੇ ਖੁਸ਼ਾਮਦੀ ਦਰਬਾਰੀ ਖੁਸਰੋ ਨੂੰ ਤਖ਼ਤ ਉਤੇ ਬਿਠਾਉਣਾ ਚਾਹੁੰਦੇ ਸਨ, ਪਰ ਰਾਜ ਭਾਗ ਅੱਲਾ ਤਾਅਲਾ ਨੇ ਮੇਰੇ ਵਰਗੇ ਤੁੱਛ ਆਦਮੀ ਦੇ ਨਸੀਬ ਵਿਚ ਲਿਖ ਦਿਤਾ ਸੀ। ਭਾਵੇਂ ਮੈਂ ਉਸ ਨਾਲ ਪਿਆਰ ਤੇ ਨਰਮੀ ਨਾਲ ਪੇਸ਼ ਆਉਂਦਾ ਰਿਹਾ, ਪਰ ਕੋਈ ਲਾਹੇਵੰਦਾ ਸਿੱਟਾ ਨਾ ਨਿਕਲਿਆ। ਆਖ਼ਰਕਾਰ ਢਿੱਡ ਦੇ ਕਾਲੇ ਬੰਦਿਆਂ ਦੇ ਸਲਾਹ ਮਸ਼ਵਰੇ ਨਾਲ ਉਹ ਮਿਤੀ ੮ ਜ਼ੁਲ ਹਿੱਜ੍ਹਾ ੧੦੧੫ ਹਿਜਰੀ ਐਤਵਾਰ ਦੀ ਰਾਤ ਦੋ ਘੜੀ ਗੁਜ਼ਰਨ ਪਿਛੋਂ, ਸ਼ਹਿਨਸ਼ਾਹ ਅਕਬਰ ਦੇ ਮਕਬਰੇ ਦੇ ਦਰਸ਼ਨ ਕਰਨ ਦਾ ਬਹਾਨਾ ਬਣਾ ਕੇ ਆਪਣੇ ਸਾਥੀਆਂ ਨਾਲ ਮੇਲ ਮੁਲਾਕਾਤ ਲਈ ਸਾਢੇ ਤਿੰਨ ਸੌ ਸਵਾਰਾਂ ਨਾਲ ਆਗਰੇ ਦੇ ਕਿਲ੍ਹੇ ਤੋਂ ਰਵਾਨਾ ਹੋਇਆ। ਉਸ ਦੇ ਥੋੜ੍ਹੀ ਦੇਰ ਬਾਅਦ ਇਕ ਮਸਾਲਚੀ ਨੇ ਵਜ਼ੀਰੁੱਲ ਮੁਲਕ ਪਾਸ ਆ ਕੇ ਬੇਨਤੀ ਕੀਤੀ ਕਿ ਖੁਸਰੋ ਫ਼ਰਾਰ ਹੋ ਗਿਆ ਹੈ। ਵਜ਼ੀਰੁੱਲ ਮੁਲਕ ਉਸ ਨੂੰ ਅਮੀਰੁਲ ਉਮਰਾ ਪਾਸ ਲਿਆਇਆ। ਜਦ ਖ਼ਬਰ ਦੀ ਤਸਦੀਕ ਹੋ ਗਈ ਤਾਂ ਅਮੀਰੁਲ ਉਮਰਾ ਦੀਵਾਨਿਆਂ ਵਾਂਗ ਮਹੱਲ ਦੇ ਦਰਵਾਜ਼ੇ ਤੇ ਆਇਆ ਤੇ ਖਵਾਜਾ ਸਰਾ ਨੂੰ ਆਖਿਆ ਕਿ ਸਤਿਕਾਰ ਸਹਿਤ ਬਾਦਸ਼ਾਹ ਨੂੰ ਬੇਨਤੀ ਕਰੋ ਕਿ ਇਕ ਜ਼ਰੂਰੀ ਅਰਜ਼ ਕਰਨ ਲਈ ਆਇਆ ਹਾਂ। ਮੈਂ ਬਾਹਰ ਆਇਆ ਤਾਂ ਮੈਨੂੰ ਖ਼ੁਸਰੋ ਬਾਬਤ ਖ਼ਬਰ ਦਾ ਪਤਾ ਲਗਾ। ਮੈਂ ਕਿਹਾ ਕਿ ਹੁਣ ਕੀ ਕਰਨਾ ਚਾਹੀਦਾ ਹੈ ? ਮੈਂ ਆਪ ਸਵਾਰ ਹੋ ਕੇ ਪਿੱਛਾ ਕਰਾਂ ਜਾਂ ਸ਼ਹਿਜ਼ਾਦਾ ਖ਼ੁਰਮ (ਪਿਛੋਂ ਸ਼ਾਹ ਜਹਾਨ) ਨੂੰ ਮਗਰ ਘਲਾਵਾਂ। ਅਮੀਰੁਲਉਮਰਾ ਨੇ ਅਰਜ਼ ਕੀਤੀ ਕਿ ਹੁਕਮ ਹੋਵੇ ਤਾਂ ਮੈਂ ਜਾਵਾਂ ? ਮੁੱਕਦੀ ਗੱਲ ਇਹ ਕਿ ਉਸ ਨੂੰ ਜਾਣ ਦੀ ਇਜਾਜ਼ਤ ਦਿਤੀ। ਫਿਰ ਉਸ ਨੇ ਪੁਛਿਆ ਕਿ ਜੇ ਸਮਝਾਉਣ ਬੁਝਾਉਣ ਤੇ ਖ਼ੁਸਰੋ ਵਾਪਸ ਆਉਣ ਲਈ ਤਿਆਰ ਨਾ ਹੋਵੇ ਅਤੇ ਮੁਕਾਬਲੇ ਤੇ ਆ ਜਾਵੇ ਤਾਂ ਉਸ ਹਾਲਤ ਵਿਚ ਮੈਂ ਕੀ ਕਰਾਂ ? ਮੈਂ ਕਿਹਾ ਕਿ ਜੇ ਸਮਝਾਉਣ ਬੁਝਾਉਣ ਤੇ ਸਿੱਧੇ ਰਾਹ ਤੇ ਨਾ ਆਵੇ ਤਾਂ ਮੌਕੇ ਤੇ ਜੋ ਮੈਨੂੰ ਸਮਝ ਪਵੇ ਉਹੋ ਕਰ ਲਵਾਂ, ਉਸ ਵਿਚ ਕੋਈ ਢਿੱਲ ਕਮੀ ਨਹੀਂ ਕਰਨੀ, ਕਿਉਂਕਿ ਮਿੱਤਰਾਂ ਪਿਆਰਿਆਂ ਨਾਲ ਰਿਆਇਤ ਕਰਨ ਨਾਲ ਰਾਜ ਦਾ ਪ੍ਰਬੰਧ ਪੱਕੇ ਪੈਰੀਂ ਕਾਇਮ ਨਹੀਂ ਰਹਿੰਦਾ, ਕਿਹਾ ਗਿਆ ਹੈ–

ਬਾਦਸ਼ਾਹ ਕਿਸੇ ਤਾਈਂ ਨਾ ਜਾਣੇ ਆਪਣਾ।

ਇਹ ਸਾਰੀਆਂ ਗੱਲਾਂ ਸਮਝਾ ਕੇ ਅਮੀਰੁਲ ਉਮਰਾ ਨੂੰ ਜਦ ਤੋਰ ਦਿੱਤਾ ਤਾਂ ਮੈਨੂੰ ਖ਼ਿਆਲ ਆਇਆ ਕਿ ਇਹ ਅਮੀਰ ਖ਼ੁਸਰੋ ਨਾਲ ਵਿਡੋਂ ਔਖਾ ਹੈ। ਖ਼ੁਸਰੋ ਨੂੰ ਜੋ ਕਦਰ ਤੇ ਸਤਿਕਾਰ ਹਾਸਲ ਹੈ, ਉਸ ਕਰਕੇ ਉਸ ਦੇ ਬਰਾਬਰ ਵਾਲੇ ਉਸ ਨਾਲ ਈਰਖਾ ਭਾਵ ਰਖਦੇ ਹਨ। ਕਿਤੇ ਐਸਾ ਨਾ ਹੋਵੇ ਕਿ ਅਮੀਰੁਲ ਉਮਰਾ ਆਪਣੀ ਈਰਖਾ ਤੇ ਵੈਰ ਭਾਵ ਕਾਰਨ ਉਸ ਨੂੰ ਮਰਵਾ ਦੇਵੇ। ਤਾਂ ਮੈਂ ਮੁਅਜ਼ੁਲ ਮੁਲਕ ਨੂੰ ਕਿਹਾ ਕਿ ਜਾ ਕੇ ਅਮੀਰੁਲ ਉਮਰਾ ਨੂੰ ਵਾਪਸ ਲੈ ਆਵੇ। ਇਹ ਮੁਹਿੰਮ ਸ਼ੇਖ ਫ਼ਰੀਦ ਬਖਸ਼ ਦੇ ਸਪੁਰਦ ਕੀਤੀ। ਜਿੰਨੇ ਮਨਸਬਦਾਰ ਤੇ ਅਹਿਦੀਏ ਉਥੇ ਮੌਜੂਦ ਸਨ, ਸਭ ਉਨ੍ਹਾਂ ਨਾਲ ਕੀਤੇ। ਅਹਿਤਮਾਮ ਖ਼ਾਨ ਕੋਤਵਾਲ ਨੂੰ ਖ਼ਬਰਾਂ ਪਹੁੰਚਾਉਣ ਦੇ ਕੰਮ ਤੇ ਲਾਇਆ। ਇਸ ਦੇ ਨਾਲ ਨਾਲ ਮੈਂ ਤੈਅ ਕੀਤਾ ਕਿ ਦਿਨ ਨਿਕਲਣ ਤੇ ਮੈਂ ਖ਼ੁਸਰੋਂ ਮਗਰ ਆਪ ਰਵਾਨਾ ਹੋ ਜਾਵਾਂਗਾ। ਮੁਅਜ਼ੁਲ ਮੁਲਕ ਏਨੇ ਚਿਰ ਵਿਚ ਅਮੀਰੁਲ ਉਮਰਾ ਨੂੰ ਲੈ ਕੇ ਵਾਪਸ ਆ ਗਿਆ। ਇਨ੍ਹੀਂ ਦਿਨੀਂ ਅਹਿਮਦ ਬੇਗ ਖਾਨ ਤੇ ਦੋਸਤ ਮੁਹੰਮਦ ਖ਼ਾਨ ਬਕਾਵਲ ਮੈਥੋਂ ਛੁੱਟੀ ਲੈ ਕੇ ਸਕੰਦਰਾ ਦੇ ਲਾਗੇ ਹੀ, ਜੋ ਉਨ੍ਹਾਂ ਦੇ ਰਾਹ ਵਿਚ ਸੀ, ਪੜਾਅ ਕਰੀ ਬੈਠੇ ਸਨ। ਉਨ੍ਹਾਂ ਨੂੰ ਜਦ ਪਤਾ ਲੱਗਾ ਕਿ ਖ਼ੁਸਰੋ ਵੀ ਇਧਰ ਲਾਗੇ ਹੀ ਆਇਆ ਹੋਇਆ ਹੈ ਤਾਂ ਉਹ ਆਪਣੇ ਸਵਾਰਾਂ ਸਮੇਤ ਉਸ ਨਾਲ ਮਿਲ ਗਏ। ਮੈਨੂੰ ਖ਼ਬਰ ਮਿਲੀ ਕਿ ਉਹ ਪੰਜਾਬ ਵਲ ਵੱਧ ਰਿਹਾ ਹੈ।......

ਵਾਲਦ ਬਜ਼ੁਰਗਵਾਰ ਦੀ ਸਮਾਧੀ, ਜੋ ਸ਼ਹਿਰੋਂ ਤਿੰਨ ਕੋਹ ਦੀ ਵਿੱਥ ਤੇ ਹੈ, ਉਸ ਦੀ ਆਤਮਾ ਤੋਂ ਸਹਾਇਤਾ ਮੰਗੀ। ਐਨ ਉਸ ਵੇਲੇ ਮਿਰਜ਼ਾ ਸ਼ਾਹ ਰੁਖ ਦਾ ਪੁਤ ਮਿਰਜ਼ਾ ਹਸਨ, ਜੋ ਖ਼ੁਸਰੋ ਨਾਲ ਮਿਲ ਜਾਣਾ

ਚਾਹੁੰਦਾ ਸੀ, ਬੰਦੀ ਬਣਾ ਕੇ ਮੇਰੇ ਪੇਸ਼ ਕੀਤਾ ਗਿਆ। ਜਦ ਇਸ ਬਾਰੇ ਮੈਂ ਉਸ ਤੋਂ ਪੁਛ ਗਿਛ ਕੀਤੀ ਤਾਂ ਉਹ ਮੁੱਕਰ ਨਾ ਸਕਿਆ। ਇਸ ਲਈ ਮੇਰੇ ਹੁਕਮ ਨਾਲ ਉਸ ਦੇ ਹੱਥ ਜੂੜ ਕੇ ਉਸ ਨੂੰ ਹਾਥੀ ਉਤੇ ਲੱਦ ਦਿਤਾ। ਇਹ ਪਹਿਲਾ ਚੰਗਾ ਸ਼ਗਨ ਸੀ, ਜੋ ਮੇਰੇ ਬਾਪ ਦੀ ਆਤਮਕ ਦਇਆ ਨਾਲ ਹੋਇਆ। .. ਹਸਨ ਬੇਗ ਬਦਖ਼ਸ਼ਾਨੀ ਜੋ ਮੇਰੇ ਬਾਪ ਦਾ ਪਰਵਰਦਾ ਸੀ, ਮੇਰੀ ਨੌਕਰੀ ਕਰਨ ਲਈ ਕਾਬਲ ਤੋਂ ਆ ਰਿਹਾ ਸੀ। ਮਥਰਾ ਦੇ ਮੁਕਾਮ ਤੇ ਖ਼ੁਸਰੋ ਨੂੰ ਮਿਲਿਆ। ਜਿਵੇਂ ਕਿ ਬਦਖਸ਼ੀਆਂ ਦੀ ਫ਼ਿਤਨੇ ਤੇ ਫਸਾਦ ਖੜੇ ਕਰਨ ਦੀ ਆਦਤ ਹੈ, ਖ਼ੁਸਰੋ ਨਾਲ ਮਿਲ ਕੇ ਉਸ ਦੀ ਫ਼ੌਜ ਦਾ ਸਿਪਾਹ ਸਾਲਾਰ ਬਣ ਗਿਆ.... ਸੁਕਦੀ ਗੱਲ ਇਹ ਕਿ ਮੰਗਲਵਾਰ ੧੦ ਜ਼ੂਲ ਹਿੱਜ੍ਹਾ ਨੂੰ ਮੈਂ ਹੋਡਲ ਦੇ ਮੁਕਾਮ ਤੇ ਪੜਾਅ ਕੀਤਾ ਤੇ ਸ਼ੇਖ ਫਰੀਦ ਬੁਖ਼ਾਰੀ ਨੂੰ ਆਪਣੀ ਫ਼ੌਜ ਦੇ ਮੋਹਰਲੇ ਦਸਤੇ ਦਾ ਸਰਦਾਰ ਨਿਯੁਕਤ ਕਰਕੇ ਖ਼ੁਸਰੋ ਦੇ ਮਗਰ ਰਵਾਨਾ ਕੀਤਾ। ਇਕ ਘੁਰਾਣੇ ਤੇ ਬੁਢੇ ਸੇਵਾਦਾਰ ਦੋਸਤ ਮੁਹੰਮਦ ਨੂੰ ਆਗਰੇ ਦੇ ਕਿਲ੍ਹੇ, ਦਬਾਈ ਹੋਈ ਦੌਲਤ ਤੇ ਬਾਬਰ ਖ਼ਜ਼ਾਨਿਆਂ ਦੀ ਰਾਖੀ ਵਾਸਤੇ ਵਾਪਸ ਆਗਰੇ ਭੇਜਿਆ। ਆਗਰਿਓਂ ਤੁਰਨ ਸਮੇਂ ਉਥੋਂ ਦੀ ਹਕੂਮਤ ਇਤਮਾਦੁੱ-ਦੌਲਾ ਵਜ਼ੀਰੁਲ ਮੁਲਕ ਦੇ ਸਪੁਰਦ ਕਰ ਕੇ ਆਇਆ ਸਾਂ। ਮੈਂ ਦੋਸਤ ਮੁਹੰਮਦ ਨੂੰ ਕਿਹਾ ਕਿ ਮੈਂ ਪੰਜਾਬ ਵਲ ਜਾ ਰਿਹਾ ਹਾਂ, ਜਿਥੋਂ ਦੀ ਦੀਵਾਨੀ (ਸਿਵਲ ਐਡਮਨਿਸਟਰੇਸ਼ਨ) ਵੀ ਇਤਮਾਦੁੱ-ਦੌਲਾ ਵਜ਼ੀਰੁਲ ਮੁਲਕ ਦੇ ਜ਼ਿੰਮੇ ਹੈ, ਇਸ ਲਈ ਉਸ ਨੂੰ ਮੇਰੀ ਸੇਵਾ ਵਿਚ ਰਵਾਨਾ ਕਰਨਾ। ਉਸ ਨੂੰ ਕਹਿਣਾ ਕਿ ਹਕੀਮ ਮਿਰਜ਼ਾ ਦੇ ਪੁਤਰ ਜੋ ਆਗਰੇ ਵਸਦੇ ਹਨ, ਉਨ੍ਹਾਂ ਨੂੰ ਫੜ ਕੇ ਕੈਦ ਵਿਚ ਡੱਕ ਦੇਵੇ। ਜਦ ਇਸ ਕਿਸਮ ਦੀ ਕਰਤੂਤ ਸਕਾ ਪੁਤ ਕਰ ਸਕਦੈ, ਭੀਤਜਿਆਂ ਤੇ ਚਾਚੇ ਦੇ ਪੁਤ ਭਰਾਵਾਂ ਤੋਂ ਕੀ ਆਸ ਰਖੀ ਜਾ ਸਕਦੀ ਹੈ?

ਦੋਸਤ ਮੁਹੰਮਦ ਦੇ ਜਾਣ ਤੋਂ ਬਾਅਦ ਮੁਅਜ਼ੂਲ ਮੁਲਕ ਨੂੰ ਬਖ਼ਸ਼ੀ ਦੇ ਅਹੁਦੇ ਤੇ ਨਿਯੁਕਤ ਕੀਤਾ। ਬੁਧ ਦੇ ਰੋਜ਼ ਪਲਵਲ ਜੁਮਅਰਾਤ ਵਾਲੇ ਦਿਨ ਫਰੀਦਾਬਾਦ ਡੇਰਾ ਲਾਇਆ। ਸ਼ੁਕਰਵਾਰ ੧੩ ਜ਼ੂਲ ਹੱਜ੍ਹਾ ਨੂੰ ਦਿੱਲੀ ਅੱਪੜ ਕੇ ਸਵਰਗਵਾਸ ਹੁਮਾਯੂੰ ਦੇ ਮਕਬਰੇ ਤੇ ਗਿਆ।......੧੪ ਜ਼ੂਲ ਹੱਜ੍ਹਾ ਨੂੰ ਨਰੇਲਾ ੧੬ ਤਾਰੀਖ ਨੂੰ ਪਾਨੀਪਤ ਮੁਕਾਮ ਕੀਤਾ। .. ੧੭ ਨੂੰ ਕਰਨਾਲ ਕੰਪੂ ਲਾਇਆ। ਸ਼ੇਖ ਨਿਜ਼ਾਮ ਥਾਨੇਸਰੀ ਜੋ ਸ਼ਹਿਜ਼ਾਦੇ ਨੂੰ ਝੂਠੀਆਂ ਗੱਲਾਂ ਸੁਣਾ ਸੁਣਾ ਕੇ ਖੁਸ਼ ਕਰਦਾ ਸੀ, ਜਦ ਮੇਰੇ ਪਾਸ ਆਇਆ, ਉਸ ਬਾਰੇ ਮੈਂ ਪਹਿਲਾਂ ਹੀ ਸੁਣ ਚੁਕਾ ਸੀ, ਖ਼ਰਚ ਦੇ ਕੇ ਮੱਕੇ ਦੇ ਦਰਸ਼ਨਾਂ ਨੂੰ ਤੋਰ ਦਿਤਾ। ੧੯ ਨੂੰ ਸ਼ਾਹਬਾਦ ਠਹਿਰਿਆ। ਮੰਗਲ ੨੪ ਜ਼ੂਲ ਹੱਜ੍ਹਾ ਨੂੰ ਖ਼ੁਸਰੋ ਦੇ ਸਾਥੀਆਂ 'ਚੋਂ ਪੰਜ ਆਦਮੀ ਫੜ ਕੇ ਮੇਰੇ ਸਾਹਮਣੇ ਲਿਆਂਦੇ ਗਏ। ਉਨ੍ਹਾਂ ਚੋਂ ਦੋ ਅ ਦਮੀ ਜਿਨ੍ਹਾਂ ਖ਼ੁਸਰੋ ਦੇ ਨੌਕਰ ਹੋਣ ਦਾ ਇਕਬਾਲ ਕੀਤਾ, ਮੈਂ ਹਾਥੀ ਦੇ ਪੈਰਾਂ ਥਲੇ ਕੁਚਲਵਾ ਦਿਤੇ, ਬਾਕੀ ਤਿੰਨਾਂ ਨੂੰ ਕੈਦ ਕਰ ਲਿਆ ਗਿਆ।

੨੪ ਨੂੰ ਦਲਾਵਰ ਖ਼ਾਂ ਦੇ ਘਲੇ ਆਦਮੀ ਨੇ ਖ਼ਬਰ ਦਿਤੀ ਕਿ ਸ਼ਹਿਜ਼ਾਦਾ ਖ਼ੁਸਰੋ ਹਮਲੇ ਦੀ ਨੀਅਤ ਧਾਰ ਕੇ ਲਾਹੌਰ ਵਲ ਵਧ ਰਿਹਾ ਹੈ। ਦੋ ਦਿਨ ਪਿਛੋਂ ਖ਼ੁਸਰੋ ਨੇ ਲਾਹੌਰ ਦੇ ਕਿਲ੍ਹੇ ਦੁਆਲੇ ਘੇਰਾ ਘਤ ਲਿਆ।......ਜਦ ਉਸ ਨੂੰ ਮੇਰੇ ਆਉਣ ਦੀ ਖ਼ਬਰ ਮਿਲੀ ਤਾਂ ਘੇਰਾ ਘਤਣ ਵਾਲੀ ਫੌਜ ਦੇ ਪੈਰ ਉਖੜ ਗਏ।

## ਖ਼ੁਸਰੋ ਦਾ ਸ਼ਾਹੀ ਫੌਜ ਨਾਲ ਟਾਕਰਾ

ਉਨ੍ਹਾਂ ਕਿਲ੍ਹੇ ਦਾ ਮੁਹਾਸਰਾ ਉਠਾ ਲਿਆ ਤੇ ਅੱਗੇ ਵਧ ਕੇ ਮੇਰੇ ਲਸ਼ਕਰ ਦਾ ਮੁਕਾਬਲਾ ਕਰਨ ਦਾ ਇਰਾਦਾ ਕਰ ਲਿਆ ਖ਼ੁਸਰੋ ਦਾ ਇਰਾਦਾ ਸ਼ਬਖ਼ੂਨ ਮਾਰਨ ਦਾ ਸੀ। ਇਹ ਖ਼ਬਰ ਮੈਨੂੰ ਕਾਜ਼ੀ ਅਲੀ ਦੀ ਸਰਾਂ ਵਿਖੇ ਮਿਲੀ। ਮੀਂਹ ਪੈ ਰਿਹਾ ਸੀ ਤੇ ਮੈਂ ਇਸਦੇ ਬਾਵਜੂਦ ਕੂਚ ਕਰਨ ਦਾ ਨਗਾਰਾ ਵਜਵਾ ਦਿਤਾ। ਆਪਣੇ ਲਸ਼ਕਰ ਨਾਲ ਬਾਰਸ਼ ਵਿਚ ਹੀ ਰਵਾਨਾ ਹੋ ਗਿਆ। ਜਿਸ ਵਕਤ ਸੁਲਤਾਨਪੁਰ ਪਹੁੰਚਿਆ ਤਾਂ ਦੁਪਹਿਰ ਤਕ ਉਥੇ ਆਰਾਮ ਕੀਤਾ। ਉਸ ਵੇਲੇ ਮੇਰੀ ਅੱਗੇ ਗਈ ਫੌਜ ਤੇ ਖ਼ੁਸਰੋ ਦੀ ਫੌਜ ਵਿਚਕਾਰ ਜੰਗ ਛਿੜ ਜਾਣ ਦੀ ਖ਼ਬਰ ਮਿਲੀ। ਮੇਰੇ ਨਾਲ ਫੌਜ ਘਟ ਹੋਣ ਦੇ ਬਾਵਜੂਦ ਫ਼ੌਰਨ ਸਵਾਰ ਹੋ ਕੇ ਰਵਾਨਾ ਹੋ ਗਿਆ। ਤੁਰਦੇ ਸਮੇਂ ਮੈਂ ਆਪਣਾ ਚਿਲਤਾ (ਜ਼ਰ੍ਹਾ ਬਕਤਰ) ਮੰਗਿਆ, ਕਿਸੇ ਨੇ ਮੁਹੱਈਆ ਨਹੀਂ ਕੀਤਾ। ਨੇਜ਼ਾ ਤੇ ਤਲਵਾਰ ਤੋਂ ਸਿਵਾ ਮੇਰੇ ਪਾਸ ਕੋਈ ਹਥਿਆਰ ਨਹੀਂ ਸੀ। ਅੱਲਾ ਦੀ ਜ਼ਾਤ ਤੇ ਭਰੋਸਾ ਰਖ ਕੇ ਨਿਡਰ ਹੋ ਕੇ ਅੱਗੇ



www.AKJ.org

ਵਧਿਆ। ਇਸ ਵੇਲੇ ਮੇਰੇ ਨਾਲ ੫੦ ਸਵਾਰਾਂ ਤੋਂ ਵਧ ਨਹੀਂ ਸਨ। ਕਿਸੇ ਨੂੰ ਵੀ ਇਸ ਗੱਲ ਦਾ ਪਤਾ ਨਹੀਂ ਸੀ ਕਿ ਅੱਜ ਖ਼ੁਸਰੋ ਤੇ ਸ਼ਾਹੀ ਫ਼ੌਜ ਨਾਲ ਜੰਗ ਛਿੜ ਗਈ ਹੈ। ਜਦ ਮੈਂ ਗੋਇੰਦਵਾਲ ਦੇ ਪੁਲ ਤੇ ਪਹੁੰਚਿਆ ਤਾਂ ਮੇਰੇ ਨਾਲ ਘਟੋ ਘਟ ਪੰਜ ਸੌ ਸਵਾਰ ਹੋ ਗਏ ਸਨ। ਜਦ ਮੈਂ ਪੁਲ ਨੂੰ ਪਾਰ ਕਰ ਰਿਹਾ ਸਾਂ ਤਾਂ ਸ਼ਮਸੀ ਤੋਸ਼ਕਚੀ ਨੇ ਸਭ ਤੋਂ ਪਹਿਲਾਂ ਖ਼ਬਰ ਦਿਤੀ ਕਿ ਖ਼ੁਸਰੋ ਦੀ ਫੌਜ ਤੇ ਸ਼ਾਹੀ ਲਸ਼ਕਰ ਨੇ ਜਿਤ ਪ੍ਰਾਪਤ ਕਰ ਲਈ ਹੈ। ਇਹ ਖ਼ਬਰ ਸੁਣਾਉਣ ਦੀ ਖੁਸ਼ੀ ਵਿਚ ਮੈਂ ਉਸਨੂੰ ਖੁਸ਼ਖ਼ਬਰ ਖ਼ਾਨ ਦਾ ਖਿਤਾਬ ਦਿਤਾ। .....'ਪੀਰ ੩੦ ਜ਼ੁਲਹਿੱਜ੍ਹਾ ਨੂੰ ਕਾਮਰਾਨ ਮਿਰਜ਼ਾ ਦੇ ਬਾਗ ਵਿਚ (ਇਹ ਲਾਹੌਰ ਦੇ ਨਾਲ ਹੀ ਹੈ) ਮੈਨੂੰ ਖਬਰ ਮਿਲੀ ਕਿ ਖ਼ੁਸਰੋ ਨੂੰ ਫੜ ਲਿਆ ਗਿਆ ਹੈ।...

ਜੁਮਅਰਾਤ ਦੇ ਰੋਜ਼, ੩ ਮੁਹੱਰਮ ੧੦੧੫ ਹਿਜਰੀ ਨੂੰ ਕਾਮਰਾਨ ਦੇ ਬਾਗ ਵਿਚ ਖ਼ੁਸਰੋ ਨੂੰ ਬੇੜੀਆਂ ਪਾ ਕੇ ਚੰਗੇਜ਼ੀ ਕਾਨੂੰਨ ਅਨੁਸਾਰ ਮੇਰੇ ਸਾਹਮਣੇ ਪੇਸ਼ ਕੀਤਾ ਗਿਆ। ਹੁਸੈਨ ਬੇਗ ਨੂੰ ਇਸ ਦੇ ਸੱਜੇ ਹੱਥ ਤੇ ਅਬਦੁਲ ਰਹੀਮ ਨੂੰ ਉਸ ਦੇ ਖੱਬੇ ਹੱਥ ਖੜਾ ਕੀਤਾ ਗਿਆ। ਸ਼ਹਿਜ਼ਾਦਾ ਖ਼ੁਸਰੋ ਇਨ੍ਹਾਂ ਦੇ ਵਿਚਕਾਰ ਖੜਾ ਕੰਬ ਤੇ ਰੋ ਰਿਹਾ ਸੀ। ਹੁਸੈਨ ਬੇਗ ਪਾਗਲਾਂ ਵਾਂਗ ਬੇਥਵ੍ਹੀਆਂ ਗੱਲਾਂ ਕਰਨ ਲੱਗ ਪਿਆ, ਸ਼ਾਇਦ ਇਸ ਤਰ੍ਹਾਂ ਕਰਨ ਨਾਲ ਉਸ ਨੂੰ ਕੋਈ ਲਾਭ ਪਹੁੰਚੇ। ਮੈਂ ਉਸਦੇ ਫ਼ਰੇਬ ਨੂੰ ਸਮਝ ਗਿਆ ਤੇ ਉਸ ਨੂੰ ਇਹ ਗੱਲਾਂ ਕਰਨ ਤੋਂ ਮਨ੍ਹਾ ਕੀਤਾ। ਖ਼ੁਸਰੋ ਬਾਰੇ ਹੁਕਮ ਦਿਤਾ ਕਿ ਇਸ ਨੂੰ ਹਮੇਸ਼ਾ ਇੰਜ ਹੀ ਬੇੜੀਆਂ ਪਾ ਕੇ ਕੈਦ ਵਿਚ ਰਖੋ। ਦੂਜੇ ਦੋਵੇਂ ਸ਼ਰਾਰਤੀਆਂ ਬਾਰੇ ਹੁਕਮ ਸਾਦਰ ਕੀਤਾ ਕਿ ਇਕ ਨੂੰ ਗਾਂ ਦੀ ਖਲ ਵਿਚ, ਦੂਜੇ ਨੂੰ ਗਧੇ ਦੀ ਖਲ ਵਿਚ ਮੜ੍ਹ ਕੇ ਦੋਵਾਂ ਨੂੰ ਗਧਿਆਂ ਉਤੇ ਉਲਟਾ ਚੜ੍ਹਾ ਕੇ ਸਾਰੇ ਸ਼ਹਿਰ ਵਿਚ ਫਿਰਾਇਆ ਜਾਵੇ। ਗਾਂ ਦੀ ਖਲ ਗਧੇ ਦੀ ਖਲ ਨਾਲੋਂ ਖੁਸ਼ਕ ਹੁੰਦੀ ਹੈ, ਇਸ ਲਈ ਹੁਸੈਨ ਬੇਗ ਚਾਰ ਪਹਿਰ ਜ਼ਿੰਦਾ ਰਹਿ ਕੇ ਦਮ ਘੁਟਣ ਕਾਰਨ ਮਰ ਗਿਆ। ਅਬਦੁੱਲਰਹੀਮ ਗਧੇ ਦੀ ਖਲ ਵਿਚ ਸੀਤਾ ਸੀ, ਗਾਂ ਦੀ ਖਲ ਨਾਲੋਂ ਇਹ ਦੇਰ ਨਾਲ ਖੁਸ਼ਕ ਹੁੰਦੀ ਹੈ ਤੇ ਨਾਲੇ ਉਸ ਦੇ ਹਮਦਰਦ ਉਸ ਉਤੇ ਪਾਣੀ ਛਿੜਕਦੇ ਰਹਿਣ ਕਰਕੇ ਖੁਸ਼ਕ ਨਾ ਹੋਈ, ਉਹ ਬਚ ਗਿਆ। ਮੈਂ ਪੀਰ ੩੦ ਜ਼ੁਲਹਿਜ੍ਹਾ ਤੋਂ ੯ ਮੁਹੱਰਮ (੧੦ ਦਿਨ ਤਕ) ਸ਼ੁਭ ਘੜੀ ਦੀ ਉਡੀਕ ਵਿਚ ਮਿਰਜ਼ਾ ਕਾਮਰਾਨ ਦੇ ਬਾਗ ਵਿਚ ਹੀ ਰਿਹਾ। ਪਿੰਡ ਭੈਰੋਵਾਲ, ਜਿਥੇ ਸ਼ਹਿਜ਼ਾਦਾ ਖੁਸਰੋ ਨਾਲ ਸ਼ੇਖ ਫਰੀਦ ਦੀ ਫੌਜ ਦੀ ਲੜਾਈ ਹੋਈ ਸੀ, ਉਸ ਨੂੰ ਬਖਸ਼ ਦਿਤਾ ਤੇ ਨਾਲੇ ਮੁਰਤਜ਼ਾ ਖ਼ਾਨ ਦਾ ਖ਼ਿਤਾਬ ਦਿਤਾ।

ਸਲਤਨਤ ਵਿਚ ਅਮਨ ਅਮਾਨ ਕਾਇਮ ਰਖਣ ਦੀ ਗ਼ਰਜ਼ ਨਾਲ ਹੁਕਮ ਦਿਤਾ ਕਿ ਬਾਗ ਮਿਰਜ਼ਾ ਕਾਮਰਾਨ ਤੋਂ ਸ਼ਹਿਰ ਤਕ ਸੜਕ ਦੇ ਦੋਹੀਂ ਪਾਸੀਂ ਲਕੜੀਆਂ ਗੱਡ ਕੇ ਉਨ੍ਹਾਂ ਨਾਲ ਬਾਗੀਆਂ ਤੇ ਉਨ੍ਹਾਂ ਲੋਕਾਂ ਨੂੰ, ਜਿਨ੍ਹਾਂ ਇਸ ਬਗਾਵਤ ਵਿਚ ਹਿੱਸਾ ਲਿਆ ਹੈ, ਫਾਂਸੀ ਤੇ ਲਟਕਾ ਦਿਤਾ ਜਾਵੇ, ਤਾਂਕਿ ਉਨ੍ਹਾਂ ਨੂੰ ਕੀਤੀ ਦਾ ਫਲ ਮਿਲੇ। ... ੯ ਮੁਹੱਰਮ ਦਿਨ ਬੁਧਵਾਰ ਨੂੰ ਇਸ ਬਾਗ ਤੋਂ ਚਲ ਕੇ ਲਾਹੌਰ ਸ਼ਹਿਰ ਵਿਖੇ ਕਿਲ੍ਹੇ ਵਿਚ ਆ ਗਿਆ।

**ਇਕ ਜ਼ਰੂਰੀ ਵਿਚਾਰ—**

ਬਾਦਸ਼ਾਹ ਖ਼ੁਸਰੋ ਦੇ ਭਜਣ ਤੋਂ ਅਗਲੇ ਦਿਨ ਹੀ ਉਸ ਮਗਰ ਲੱਗ ਤੁਰਦਾ ਹੈ। ਉਪਰਲਾ ਵੇਰਵਾ ਉਸ ਦੀ ਆਪਣੀ ਜ਼ਬਾਨੀ ਹੈ। ਆਗਰੇ ਵਸਦੇ ਆਪਣੇ ਚਾਚੇ ਦੇ ਪੁਤ ਭਰਾਵਾਂ ਨੂੰ ਕੈਦ ਕਰ ਲੈਂਦਾ ਹੈ। ਕਿਉਂ? ਇਸ ਡਰੋਂ ਕਿ ਖ਼ੁਸਰੋ ਨਾਲ ਨਾ ਮਿਲ ਜਾਣ। ਉਹ ਅਜੇ ਕਿਸੇ ਬਗ਼ਾਵਤ ਵਿਚ ਸ਼ਾਮਲ ਨਹੀਂ ਹਨ। ਇਕ ਹੋਰ ਮੁਗਲ ਸਰਦਾਰ ਸਕੰਦਰਾ ਲਾਗੇ ਹੀ ਇਸ ਦੇ ਕਾਬੂ ਆ ਜਾਂਦਾ ਹੈ ਤੇ ਉਸਨੇ ਖ਼ੁਸਰੋ ਨਾਲ ਹਮਦਰਦੀ ਸਵੀਕਾਰ ਕੀਤੀ ਤਾਂ ਉਸ ਨੂੰ ਵੀ ਕੈਦ ਕਰ ਲਿਆ। ਸ਼ੇਖ ਨਿਜ਼ਾਮ ਥਾਨੇਸਰੀ, ਜੋ ਖ਼ੁਸਰੋ ਨੂੰ ਝੂਠੀਆਂ ਸੱਚੀਆਂ ਗੱਲਾਂ ਸੁਣਾਉਂਦਾ ਹੁੰਦਾ ਸੀ, ਫੜ ਕੇ ਮੁਲਕੋਂ ਕਢ ਦਿਤਾ, ਮੱਕੇ ਵਲ ਤੋਰ ਦਿੱਤਾ। ਖ਼ੁਸਰੋ ਦੇ ਦੋ ਮੁਲਾਜ਼ਮ ਕਾਬੂ ਆ ਗਏ ਤਾਂ ਉਨ੍ਹਾਂ ਨੂੰ ਹਾਥੀਆਂ ਦੇ ਪੈਰਾਂ ਥਲੇ ਕੁਚਲਵਾ ਦਿਤਾ ਤੇ ਹੋਰ ਤਿੰਨਾਂ ਨੂੰ ਬੰਦੀ ਬਣਾ ਲਿਆ। ਬਾਦਸ਼ਾਹ ਗੋਇੰਦਵਾਲ ਦਾ ਪੁਲ ਚੁਪ ਚਾਪ ਪਾਰ ਕਰ ਜਾਂਦਾ ਹੈ, ਗੁਰੂ ਸਾਹਿਬ ਨੂੰ ਗ੍ਰਿਫਤਾਰ ਤੱਕ ਨਹੀਂ ਕਰਦਾ। ਫਿਰ ਲਾਹੌਰ ਲਾਗੇ ਕਾਮਰਾਨ ਦੇ ਬਾਗ ਵਿਚ ਜਦ ਉਸ ਦਾ ਪੁਤ (ਖ਼ੁਸਰੋ) ਤੇ ਉਸ ਦੇ ਦੋ ਹਮਾਇਤੀ ਫੜੇ ਆਉਂਦੇ ਹਨ ਤਾਂ ਉਨ੍ਹਾਂ ਨੂੰ ਸਜ਼ਾਵਾਂ ਦੇਂਦਾ ਹੈ। ਇਸ ਤੋਂ ਛੇ ਦਿਨ ਬਾਅਦ ਬਾਗੀ ਤੇ ਬਾਗੀਆਂ ਨਾਲ ਹਮਦਰਦੀ ਰਖਣ ਵਾਲਿਆਂ ਨੂੰ ਸੜਕ ਦੇ


www.AKJ.Org

ਦੋਹੀਂ ਪਾਸੀਂ ਲਕੜੀਆਂ ਗੱਡ ਕੇ ਸੂਲੀ ਤੇ ਲਟਕਾ ਦੇਂਦਾ ਹੈ। ਇਹ ਸੈਂਕੜੇ ਆਦਮੀ ਉਸ ਦੇ ਬਹੁਤੇ ਦੀਨੀ ਭਾਈ ਸਨ। ਸਾਰੇ ਦੋਸ਼ੀਆਂ ਨੂੰ ਸਜ਼ਾਵਾਂ ਦਿਤੀਆਂ ਜਾਂਦੀਆਂ ਹਨ। ਜਿਨ੍ਹਾਂ ਬਾਦਸ਼ਾਹ ਦੀ ਸਹਾਇਤਾ ਕੀਤੀ ਉਨ੍ਹਾਂ ਨੂੰ ਇਨਾਮ ਵਗੈਰਾ ਵੀ ਦਿਤੇ ਜਾਂਦੇ ਹਨ। ੧੦ ਮੁਹੱਰਮ ਤੱਕ ਬਾਦਸ਼ਾਹ ਨੂੰ ਗੁਰੂ ਅਰਜਨ ਦੇਵ ਜੀ ਬਾਰੇ ਚੇਤਾ ਹੀ ਨਹੀਂ ਆਉਂਦਾ। ਉਸ ਦੇ ਜ਼ਬਾਨੀ ਉਹ ਵੀ ਤਾਂ ਖ਼ੁਸਰੋ ਦੇ ਹਮਦਰਦ ਸਨ। ੧੦ ਮੁਹੱਰਮ ਤੋਂ ਪਿਛੋਂ ਕਈ ਦਿਨ ਇਸ ਪਾਸੇ ਧਿਆਨ ਹੀ ਨਹੀਂ ਆਇਆ। ਤੇ ਫਿਰ ਅਚਨਚੇਤ ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਤੇ ਮੌਤ ਦੀ ਸਜ਼ਾ ਦੇ ਹੁਕਮ ਸਾਦਰ ਹੋ ਜਾਂਦੇ ਹਨ। ਕਿਉਂ? ਗੱਲ ਸਾਫ਼ ਹੈ, ਗੁਰੂ ਸਾਹਿਬ ਦਾ ਕੋਈ ਦੋਸ਼ ਨਹੀਂ ਸੀ। ਜਿਹੜੀ ਝੂਠੀ ਊਜ ਬਾਦਸ਼ਾਹ ਨੇ ਲਾਈ, ਜੇ ਉਹ ਗੱਲ ਸੱਚ ਹੁੰਦੀ ਤਾਂ ਉਸਦੇ ਸੂਹ ਵਿਭਾਗ ਨੇ ਗੋਇੰਦਵਾਲ ਆਉਣ ਤੋਂ ਪਹਿਲਾਂ ਹੀ ਬਾਦਸ਼ਾਹ ਨੂੰ ਦਸ ਦੇਣਾ ਸੀ ਕਿ ਖ਼ੁਸਰੋ ਨਾਲ ਗੁਰੂ ਸਾਹਿਬ ਨੇ ਕਿਹੋ ਜਿਹਾ ਵਿਹਾਰ ਤੇ ਬਾਦਸ਼ਾਹ ਦੇ ਵਿਰੁਧ ਹਮਦਰਦੀ ਕੀਤੀ ਸੀ। ਚਾਰ ਦੁਫੇਰੇ ਠੰਡ ਵਰਤ ਜਾਣ ਪਿਛੋਂ ਗੁਰੂ ਅਰਜਨ ਦੇਵ ਜੀ ਨੂੰ ਗ੍ਰਿਫਤਾਰ ਕਰਨਾ ਤੇ ਬਿਨਾਂ ਤਫ਼ਤੀਸ਼ ਉਨ੍ਹਾਂ ਦੇ ਕਤਲ ਦਾ ਹੁਕਮ ਦੇਣਾ ਸਭ ਕੁਝ ਕਿਸੇ ਵੱਡੀ ਸਾਜ਼ਿਸ਼ ਅਧੀਨ ਸੀ। ਹੁਣ ਚਰਚਾ ਉਨ੍ਹਾਂ ਦੇ ਘਿਨਾਉਣੇ ਚਿਹਰਿਆਂ ਤੋਂ ਮਖੌਟੇ ਲਾਹੁਣੇ ਬਣਦੇ ਹਨ। ਅਗਲੀ ਕਿਸ਼ਤ ਵਿਚ ਦੇਖੋ। [ਚਲਦਾ

## ਹਵਾਲੇ ਤੇ ਫੁਟ ਨੋਟ]

(੧) ਹਜ਼ਰਤ ਮੁਹੰਮਦ ਸਾਹਿਬ ਬਾਨੀ-ਇ-ਇਸਲਾਮ ਤੋਂ ੧੫ ਕੁ ਸਾਲ ਘਟ ਹਜ਼ਾਰ ਸਾਲ ਪਿਛੋਂ ਸ਼ੇਖ ਅਹਿਮਦ ਸਿਰਹੰਦ ਪੈਦਾ ਹੋਇਆ। (ਸੰਨ ਹਿਜਰੀ ੯੮੮-੮੫)। ਮੁਜੱਦਦ ਦਾ ਅਰਥ ਹੈ ਤਜਦੀਦ ਕਰਨਾ, ਕਿਸੇ ਚੀਜ਼ ਨੂੰ ਮੁੜ ਸਿਰੇ ਤੋਂ ਨਵੀਨ ਕਰ ਦੇਣਾ, ਮੁੜ ਪਹਿਲਾਂ ਵਰਗਾ ਕਰ ਦੇਣਾ। ਸ਼ੇਖ ਅਹਿਮਦ ਵੀ ਦੂਜਿਆਂ ਮੁਜੱਦਦਾਂ ਵਾਂਗ ਇਸਲਾਮ ਦਾ ਨਵੀਨ ਕਰਨ ਦਾ ਦਾਅਵਾ ਕਰਦਾ ਹੈ। ਇਹ ਮੁਜੱਦਦ ਅਲਫ਼ ਹੈ। ਅਲਫ਼ ਦਾ ਅਰਥ ਹੈ ਹਜ਼ਾਰ ਸਾਲ। ਸੋ ਪਹਿਲਾਂ ਕੋਈ ਮੁਜੱਦਦ ਅਲਫ਼, ਭਾਵ, ਹਜ਼ਾਰ ਸਾਲ ਵਾਲਾ ਨਹੀਂ ਹੋਇਆ। ਅਲਫ਼ ਸਾਨੀ ਦਾ ਆਰੰਭ ਤਾਂ ਹਜ਼ਾਰ ਸਾਲ ਬੀਤੇ ਤੋਂ ਹੋਣਾ ਸੀ। ਇਸ ਲਈ ਪਹਿਲਾਂ ਹੋਣ ਵਾਲੇ ਕਿਸੇ ਮੁਜੱਦਦ ਨੂੰ ਅਲਫ਼ ਸਾਨੀ ਨਹੀਂ ਸੀ ਕਿਹਾ ਜਾ ਸਕਦਾ। ਸਾਨੀ ਤੋਂ ਮਤਲਬ ਦੂਜਾ। ਅਲਫ਼ ਸਾਨੀ ਦੇ ਮਾਅਨੇ ਦੂਜਾ ਹਜ਼ਾਰਾ।

ਇਸ ਤੋਂ ਪਹਿਲਾਂ ਜਿੰਨੇ ਮੁਜੱਦਦ ਹੋਏ ਉਨ੍ਹਾਂ ਚੋਂ ਕੋਈ ਵੀ ਦੀਨ ਦੀਆਂ ਸਾਰੀਆਂ ਸ਼ਾਖ਼ਾਂ ਜਾਂ ਹਿਸਿਆਂ ਦਾ ਨਹੀਂ ਹੋਇਆ। ਇਹ ਹਿਸੇ ਹਨ: ਹਦੀਸ, ਫ਼ਿਕਾ (ਫ਼ਿਕੇ-ਧਰਮ ਫ਼ਿਲਾਸਫ਼ੀ—ਵੀ ਕਈ ਹਨ, ਜਿਵੇਂ ਫ਼ਿਕਾ ਹਨਫ਼ੀ, ਫ਼ਿਕਾ ਸ਼ਾਫ਼ੀ ਆਦਿ) ਇਲਮ-ਇ-ਕਲਾਮ, ਸਲੂਕੋ ਅਹਿਸਾਨ (ਤਸੱਵਫ਼ ਜਾਂ ਸੂਫ਼ੀ ਮਾਰਗ ਨੂੰ ਹੀ ਹਦੀਸ ਵਿਚ ਅਹਿਸਾਨ ਕਿਹਾ ਜਾਂਦਾ ਹੈ)। ਪਹਿਲੇ ਮੁਜੱਦਦ ਇਨ੍ਹਾਂ ਹਿਸਿਆਂ ਵਿਚੋਂ ਕਿਸੇ ਇਕ ਦਾ ਨਵੀਨਕਰਨ ਕਰਨ ਵਾਲੇ ਹੁੰਦੇ ਸਨ। ਇਨ੍ਹਾਂ ਸਾਰਿਆਂ ਹਿਸਿਆਂ ਦੀ ਪੁਨਰ ਸਰਜੀ ਕੀਤੀ ਹੈ। ਪਹਿਲੇ ਮੁਜੱਦਦਾਂ ਦੀ ਮੁਜੱਦਦੀ ਕਿਸੇ ਇਕ ਹਿੱਸੇ ਲਈ ਹੀ ਹੁੰਦੀ ਸੀ ਤੇ ਉਨ੍ਹਾਂ ਦੀ ਮੁਜੱਦਦੀ ਦਾ ਅਸਰ ਸਿਰਫ ਇਕ ਸਦੀ (ਸੌ ਸਾਲ) ਤਕ ਹੀ ਰਹਿੰਦਾ ਸੀ। ਸ਼ੇਖ ਅਹਿਮਦ ਦੀ ਮੁਜੱਦਦੀ ਇਕ ਹਜ਼ਾਰ ਸਾਲ ਵਾਸਤੇ ਜ਼ਹੂਰ ਵਿਚ ਆਈ ਹੈ, ਜਿਸ ਦਾ ਹੁਣ ਦਕ ਚਾਰ ਕੁ ਸੌ ਸਾਲ ਲੰਘਣ ਵਾਲਾ ਹੈ। ੧੦੦੮ ਹਿਜਰੀ ਵਿਚ ਇਸਨੇ ਸ਼ਾਹ ਬਾਕੀ ਬਿੱਲਾ ਦੀ ਮੁਰੀਦੀ ਕਬੂਲੀ। ੧੦੩੪ ਹਿ: ਵਿਚ ਇਸ ਦੀ ਮੌਤ ਹੋ ਗਈ। ਸ਼ੇਖ ਅਹਿਮਦ ਦਾ ਹਾਲ ਪਾਠਕ ਅਗੇ ਵਿਸਥਾਰ ਨਾਲ ਪੜ੍ਹਨਗੇ।

ਸ਼ਬਦ ਮੁਜੱਦਦ ਕੁਰਾਨ ਵਿਚ ਕਿਤੇ ਵੀ ਨਹੀਂ ਹੈ। ਇਹ ਇਕ ਹਦੀਸ ਚੋਂ ਲਿਆ ਗਿਆ ਹੈ, ਜਿਸ ਨੂੰ ਅਸਹਾਬ ਸਹਾਹ ਵਿਚੋਂ ਇਮਾਮ ਅਬੂ ਦਾਊਦ ਨੇ ਆਪਣੀ ਲਿਖਤ ਵਿਚ ਰਵਾਇਤ ਕੀਤਾ ਹੈ। ਉਸ ਅਸਲ ਅਰਬੀ ਦਾ ਪੰਜਾਬੀ ਰੂਪ ਇਹ ਹੈ—ਇਨ ਅੱਲਾ ਅਜ਼ੋ ਜਲ ਯਬਅਸ ਹਾਜ਼ਾ ਅਲਉਮਤ ਰਾਸ ਕੁਲ ਮਾਯਤ੍ਰ ਸਨਤ੍ਰ ਮਿਨ ਯਜਦਦ ਲਹਾ ਦੀਨਹਾ।

ਅਰਥਾਤ :—ਅੱਲਾ ਤਆਲਾ ਇਸ ਉਮਤ (ਇਸਲਾਮ ਨੂੰ ਮੰਨਣ ਵਾਲੇ) ਲਈ ਹਰ ਸੌ ਸਾਲ ਦੇ ਸਿਰੇ ਤੇ ਐਸੇ ਬੰਦੇ ਪੈਦਾ ਕਰੇਗਾ ਜੋ ਇਸ ਦੇ ਦੀਨ ਨੂੰ ਨਵਾਂ ਤੇ ਤਾਜ਼ਾ ਕਰਦੇ ਰਹਿਣਗੇ।

[ਫ਼ੀ ਕਰਨ ਅਲ ਮਾਇਤਾ ਨਾਮੀ ਕਿਤਾਬ ਦੇ ਕਾਂਡ "ਮਾ ਯਜ਼ਿਕਰ" ਵਿਚੋਂ


www.AKJ.Org

# ਸਿਖ ਵਿਦਵਾਨਾਂ ਨੂੰ ਸਾਵਧਾਨੀ ਦੀ ਲੋੜ

[ਡਾ: ਪਿਆਰ ਸਿੰਘ ਨੇ 'ਗਾਥਾ ਸ੍ਰੀ ਆਦਿ ਗ੍ਰੰਥ' ਪੁਸਤਕ ੧੯੯੨ ਵਿਚ ਲਿਖੀ, ਜਿਸ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਪ੍ਰਕਾਸ਼ਤ ਕੀਤਾ। ਉਸ ਵਿਚਲੀ ਬਹੁਤੀ ਸਮਗ੍ਰੀ ਇਤਰਾਜ਼-ਜੋਗ ਸੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣੀਕਤਾ ਉਤੇ ਕਿੰਤੂ ਪ੍ਰੰਤੂ ਕਰਦੀ ਸੀ। ਸਿਖ ਸੰਗਤਾਂ ਵਲੋਂ ਅਵਾਜ਼ ਉਠਾਏ ਜਾਣ ਤੇ ਇਸ ਪੁਸਤਕ ਦੀ ਪੜਚੋਲ ਵਿਦਵਾਨ ਸਜਣਾਂ ਤੋਂ ਕਰਵਾਈ ਗਈ ਅਤੇ ਮਸਲਾ ਸ੍ਰੀ ਅਕਾਲ ਤਖਤ ਸਾਹਿਬ ਨੂੰ ਸੌਂਪਿਆ ਗਿਆ। ਸ੍ਰੀ ਅਕਾਲ ਤਖਤ ਸਾਹਿਬ ਵਲੋਂ ਡਾ: ਪਿਆਰ ਸਿੰਘ ਨੂੰ ਮਿਤੀ ੩੧-੩-੯੩ ਨੂੰ ਤਲਬ ਕਰ ਕੇ ਇਸ ਬਾਰੇ ਪੁਛ-ਗਿਛ ਕੀਤੀ, ਜਿਸ ਦੇ ਫਲ-ਸਰੂਪ ਉਸ ਨੇ ਲਾਏ ਗਏ ਦੋਸ਼ ਸਵੀਕਾਰ ਕੀਤੇ। ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਕੀਤੇ ਹੁਕਮਨਾਮੇ ਦੀ ਨਕਲ ਹੂ-ਬ-ਹੂ ਥਲੇ ਦਿਤੀ ਜਾਂਦੀ ਹੈ। ਲਾਈ ਗਈ ਤਨਖ਼ਾਹ ਭੁਗਤ ਕੇ ਡਾ: ਪਿਆਰ ਸਿੰਘ ਸੁਰਖ਼ਰੂ ਹੋ ਚੁਕੇ ਹਨ।]

## ਸ੍ਰੀ ਅਕਾਲ ਤਖ਼ਤ ਸਾਹਿਬ

ਸ੍ਰੀ ਅੰਮ੍ਰਿਤਸਰ ੧-੪-੯੩

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਤਖ਼ਤ ਸਾਹਿਬ ਤੇ ਪੇਸ਼ ਹੋਏ ਡਾਕਟਰ ਪਿਆਰ ਸਿੰਘ ਜੀ ਨੇ ਆਪਣੀ ਲਿਖੀ ਪੁਸਤਕ "ਗਾਥਾ ਸ੍ਰੀ ਆਦਿ ਗ੍ਰੰਥ" ਵਿਚਲੇ ਉਹ ਸਾਰੇ ਇਤਰਾਜ਼ ਯੋਗ ਤੱਥ ਇਕ ਇਕ ਕਰਕੇ ਸਵੀਕਾਰ ਕੀਤੇ ਹਨ ਜਿਨ੍ਹਾਂ ਦੁਆਰਾ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਮਾਣੀਕਤਾ ਤੇ ਕਿੰਤੂ ਪ੍ਰੰਤੂ ਕਰਨ ਅਤੇ ਇਸ ਤਰ੍ਹਾਂ ਸਿੱਖ ਜਗਤ ਦੀ ਸ਼ਰਧਾ-ਭਾਵਨੀ ਨੂੰ ਠੇਸ ਲਾਉਣ ਦੇ ਦੋਸ਼ੀ ਬਣਦੇ ਹਨ।

ਆਪਣੇ ਦੋਸ਼ ਸਵੀਕਾਰ ਕਰਦਿਆਂ ਡਾਕਟਰ ਪਿਆਰ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਹਰ ਫੈਸਲੇ ਨੂੰ ਪੂਰਨ ਰੂਪ ਵਿਚ ਮੰਨਣ ਦੀ ਵਚਨ-ਬਧਤਾ ਦਰਸਾਈ ਹੈ। ਸ੍ਰੀ ਅਕਾਲ ਤਖਤ ਸਾਹਿਬ ਨੇ ਆਪਣੇ ਨਿਆਂਸ਼ੀਲ ਬਿਰਦ ਅਨੁਸਾਰ ਉਨ੍ਹਾਂ ਦੀ ਇਸ ਭਾਵਨਾ ਨੂੰ ਧਿਆਨ ਵਿਚ ਰਖਦਿਆਂ ਹੇਠ ਲਿਖੇ ਮੁਤਾਬਿਕ ਤਨਖ਼ਾਹ ਨੀਯਤ ਕੀਤੀ ਹੈ :—

੧— ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਨਾਲ ਸਬੰਧਤ ਪਾਵਨ ਅਸਥਾਨ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ੪੦ ਦਿਨ ਇਕ ਪਾਠ ਸ੍ਰੀ ਜਪੁਜੀ ਸਾਹਿਬ ਦਾ ਕੀਤਾ ਜਾਵੇ।

੨— ਇਸੇ ਪਾਵਨ ਅਸਥਾਨ ਉਤੇ ੪੦ ਦਿਨ ਇਕ ਪਾਠ ਸ੍ਰੀ ਸੁਖਮਨੀ ਸਾਹਿਬ ਦਾ ਕੀਤਾ ਜਾਵੇ।

੩— ਇਸੇ ਪਾਵਨ ਅਸਥਾਨ ਉਤੇ ੪੦ ਦਿਨ ਸਿੱਖ ਸੰਗਤਾਂ ਦੇ ਜੋੜੇ ਝਾੜਨ ਦੀ ਸੇਵਾ ਕੀਤੀ ਜਾਵੇ।

੪— ਇਸੇ ਪਾਵਨ ਅਸਥਾਨ ਉਤੇ ੪੦ ਦਿਨ ਝਾੜੂ ਦੇਣ ਦੀ ਸੇਵਾ ਕੀਤੀ ਜਾਵੇ।

੫— ਸਾਰੀ ਤਨਖ਼ਾਹ ਪੂਰੀ ਹੋਣ ਤੋਂ ਮਗਰੋਂ ੧੦੧ ਰੁਪਏ ਦੇ ਕੜਾਹ ਪ੍ਰਸ਼ਾਦਿ ਦੀ ਦੇਗ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪੇਸ਼ ਹੋ ਕੇ ਅਰਦਾਸ ਕਰਵਾਈ ਜਾਵੇ।

ਉਪਰੋਕਤ ਸਾਰੀ ਕਾਰਵਾਈ ਤੋਂ ਮਗਰੋਂ ਡਾਕਟਰ ਪਿਆਰ ਸਿੰਘ ਸਤਿਗੁਰੂ ਜੀ ਅਤੇ ਸਿਖ ਸੰਗਤ ਵਲੋਂ ਬਖਸ਼ੇ ਜਾਣ ਉਪਰੰਤ ਸੁਰਖਰੂ ਹੋ ਜਾਣਗੇ। ਸ੍ਰੀ ਅਕਾਲ ਤਖਤ ਸਾਹਿਬ ਦੇ ਇਸ ਨਿਰਣੇ ਉਪਰੰਤ ਅਜ ਤੋਂ ਮਗਰੋਂ ਇਸ ਪੁਸਤਕ ਬਾਰੇ ਕਿਸੇ ਕਿਸਮ ਦੀ ਚਰਚਾ ਪ੍ਰੈਸ ਵਿਚ ਜਾਂ ਕਿਸੇ ਹੋਰ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੀ ਮਨਜ਼ੂਰੀ ਤੋਂ ਬਿਨਾਂ ਕਿਸੇ ਵਲੋਂ ਵੀ ਨਾ ਕੀਤੀ ਜਾਵੇ।

ਗੁਲਾਮ ਗੁਰੂ ਦਾ—(ਮਨਜੀਤ ਸਿੰਘ) ਐਕਟਿੰਗ ਜਥੇਦਾਰ, ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਅੰਮ੍ਰਿਤਸਰ

---

# ਦੇਸ ਪਰਦੇਸ ਦੇ ਅਮਾਨਤੀ ਲਾਈਫ਼ ਮੈਂਬਰ

ਸੂਰਾ ਦੇ ਅਮਾਨਤੀ ਲਾਈਫ਼ ਮੈਂਬਰਾਂ ਦੇ ਪਰਚਿਆਂ ਉਪਰ ਲਗੀਆਂ ਐਡਰੈਸ-ਚਿੱਟਾਂ ਤੇ ਲਾਲ ਸਿਆਹ ਨਾਲ ਲਿਖੀਆਂ ਰਕਮਾਂ ਉਨ੍ਹਾਂ ਪਾਠਕਾਂ ਵਲ ਨਿਕਲਦੇ ਸੂਰਾ ਦੇ ਬਕਾਏ ਦਰਸਾਉਂਦੀਆਂ ਹਨ। ਕਿਰਪਾ ਕਰਕੇ ਇਹ ਬਕਾਏ ਛੇਤੀ ਭੇਜੋ ਜੀ। ਨਹੀਂ ਤਾਂ ਇਸ ਚਿਤਾਵਨੀ ਪਿਛੋਂ ਸਾਨੂੰ ਅਮਾਨਤੀ ਲਾਈਫ਼ ਮੈਂਬਰਸ਼ਿਪ ਖ਼ਤਮ ਕਰਨ ਲਈ ਮਜਬੂਰ ਹੋਣਾ ਪਵੇਗਾ ਜੀ।

www.AKJ.Org

# ਸਾਡੀ ਸਿਰਦਾਰੀ, ਦਸਤਾਰ ਦੇ ਨਾਲ ਹੈ

[ਪ੍ਰੋਫੈਸਰ ਹਰਬੰਸ ਸਿੰਘ ਜੀ, ਲੁਧਿਆਣਾ]

ਨੰਗੇ ਸਿਰ ਬਾਹਰ ਅੰਦਰ ਫਿਰਨ ਨਾਲ ਰਾਹਾਂ ਗਲੀਆਂ ਦਾ ਪਸ਼ੂ ਪੰਛੀਆਂ ਦੇ ਮਲ ਮੂਤਰ ਰਚਿਆ ਕੂੜਾ ਕਰਕਟ ਉਡ ਪੁਡ ਕੇ ਕੇਸਾਂ ਵਿਚ ਪੈਂਦਾ ਰਹਿੰਦਾ ਹੈ। ਦਸਤਾਰ ਜਿੱਥੇ ਸਾਡੇ ਕੇਸਾਂ ਨੂੰ ਸਾਫ ਸੁਥਰੇ ਰੱਖਣ ਵਿਚ ਸਹਾਈ ਹੁੰਦੀ ਹੈ ਉਥੇ ਸਾਨੂੰ ਸਰਦੀ ਗਰਮੀ ਅਤੇ ਸੱਟ ਚੋਟ ਤੋਂ ਵੀ ਬਚਾਉਂਦੀ ਹੈ।

ਦਸਤਾਰ ਸਾਡੇ ਸਿਰ ਦਾ ਤਾਜ ਹੈ। ਸਿਰਦਾਰ, ਦਸਤਾਰ ਤੋਂ ਹੀ ਪਹਿਚਾਣਿਆ ਜਾਂਦਾ ਹੈ। ਜੇ ਕੋਈ ਸਾਡੀ ਪੱਗ ਨੂੰ ਹੱਥ ਪਾਵੇ ਤਾਂ ਅਸੀਂ ਮਰਨ ਮਾਰਨ ਨੂੰ ਤਿਆਰ ਹੋ ਜਾਂਦੇ ਹਾਂ, ਪਰ **ਜੇ ਅਸੀਂ ਆਪ ਹੀ ਦਸਤਾਰ ਨੂੰ ਤਿਲਾਂਜਲੀ ਦੇ ਦੇਈਏ, ਤਾਂ ਕੀ ਸਾਡਾ ਖ਼ਾਸ ਰੂਪ** (ਨਿਆਰਾ-ਪਣ) **ਖ਼ਤਮ ਨਹੀਂ ਹੋ ਜਾਵੇਗਾ ? ਸਾਨੂੰ ਫੇਰ ਸਿਰਦਾਰ ਕੌਣ ਆਖੇਗਾ ?** ਇਹੋ ਤੇ ਸਾਡੇ ਦੋਖੀ ਚਾਹੁੰਦੇ ਹਨ ਕਿ ਸਾਡੀ ਸਿਰਦਾਰੀ ਖ਼ਤਮ ਹੋ ਜਾਏ, ਸਾਡਾ ਨਾਮੋ ਨਿਸ਼ਾਨ ਮਿਟ ਜਾਏ।

ਬਿਪਰਨ ਦੀਆਂ ਰੀਤਾਂ ਵਿਚ ਫਸ ਕੇ ਸਿੱਖ ਬੀਬੀਆਂ ਨੰਗੇ ਸਿਰ ਫਿਰਦੀਆਂ ਆਮ ਦੇਖੀਆਂ ਜਾਂਦੀਆਂ ਹਨ, ਕੋਈ ਹਰਿਆ ਬੂਟੁ ਰਹਿਓ ਰੀ।* ਸਿੱਖ ਧਰਮ ਦੇ ਦੋਖੀਆਂ ਨੇ ਸਾਡਾ ਅੱਧਾ ਕਿਲ੍ਹਾ ਤਾਂ ਸਰ ਕਰ ਲਿਆ ਹੈ ਅਤੇ ਦੂਜਾ ਅੱਧ ਢਾਹੁਣ ਵਾਸਤੇ ਲਗਾਤਾਰ ਹਮਲੇ ਜਾਰੀ ਹਨ। ਭਾਈ ਕਾਨ੍ਹ ਸਿੰਘ ਨਾਭਾ ਦੀ ਪੁਸਤਕ "ਹਮ ਹਿੰਦੂ ਨਹੀਂ" ਦੇ ਮੁਕਾਬਲੇ "ਹਮ ਹਿੰਦੂ ਹੈਂ" ਦਾ ਛਪਣਾ ਅਤੇ ਸਿੱਖ ਘਰਾਂ ਵਿਚ ਵੰਡਿਆ ਜਾਣਾ ਇਸੇ ਹੀ ਗਿਣੀ ਮਿੱਥੀ ਸਾਜ਼ਸ਼ ਦਾ ਹਿੱਸਾ ਹੈ।

ਐ ਖਾਲਸਾ ! ਜਾਗ ! ਹੋਸ਼ ਸੰਭਾਲ ! ਤੇਰੀ ਗਠੜੀ ਮੇਂ ਲਾਗਾ ਚੋਰ ! ਆਪਣੀ ਪਗੜੀ ਸੰਭਾਲ ਅਤੇ ਘਰ ਘਰ ਇਹ ਸੁਨੇਹਾ ਪਹੁੰਚਾ— ਦਸਤਾਰ ਸਜਾਓ ਤੇ ਕੇਸਾਂ ਨੂੰ ਗੰਦਗੀ ਤੋਂ ਬਚਾਓ।

*ਆਸਾ ਮ: ੫, ਪੰਨਾ ੩੭੪

---

# ਸਮਾਗਮਾਂ ਤੇ ਕਕਾਰ ਅਤੇ ਭਾਈ ਸਾਹਿਬ ਦੀਆਂ ਪੁਸਤਕਾਂ

ਕੀਰਤਨ ਸਮਾਗਮਾਂ ਤੇ ਕੰਘੇ, ਕੜੇ, ਕਿਰਪਾਨਾਂ, ਕਛਹਿਰੇ, ਕੇਸਕੀਆਂ ਪੰਜੇ ਕਕਾਰ ਲਾਗਤ ਰੇਟਾਂ ਉਤੇ ਅਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ, ਸਣੇ 'ਸੂਰਾ' ਵਲੋਂ ਛਪੀਆਂ ਪੁਸਤਕਾਂ/ਟ੍ਰੈਕਟਾਂ ਦੇ ਯੋਗ ਕੀਮਤਾਂ ਤੇ ਦਿਤੇ ਜਾਣ ਦਾ ਪਰਬੰਧ **'ਗੁਰਮਤਿ ਪ੍ਰਚਾਰ ਸੁਸਾਇਟੀ'** ਦੇ ਸੇਵਕਾਂ ਨੂੰ ਦਿਤਾ ਗਿਆ ਹੈ। ਸੰਗਤਾਂ ਸੇਵਕਾਂ ਤੋਂ ਲਾਭ ਉਠਾਉਣ।

---

## ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਗੁਰਮਤਿ ਸਮਾਗਮ

(1) ਮਿਤੀ 26-6-93 ਕੀਰਤਨ ਰੈਣ ਸਬਾਈ ਗੁ: ਸ੍ਰੀ ਗੁਰੂ ਸਭਾ, ਵੈਕਸਹਮ ਕੋਰਟ, *Sheehey Way*, ਸਲੋਅ ਵਿਖੇ । ਗੁਰਦੁਆਰਾ ਫ਼ੋਨ 0753-26828
ਫ਼ੋਨ ਭਾ: ਜਸਵੰਤ ਸਿੰਘ/ਭਾ: ਸੋਹਣ ਸਿੰਘ 0753-820604 ਅਤੇ 0753–530624

(2) ਸ੍ਰੀ ਅਖੰਡ ਪਾਠ 8 ਤੋਂ 10 ਜੁਲਾਈ 93, ਭੋਗ ਉਪ੍ਰੰਤ ਅਨੰਦ ਕਾਰਜ, ਗੁਰਦਵਾਰਾ ਬੇਬੇ ਨਾਨਕੀ, ਰੌਕਰੀ ਰੋਡ ਬਰਮਿੰਘਮ, ਫੋਨ ਗੁਰਦਵਾਰਾ 021-551-3489, ਭਾ: ਤ੍ਰਿਲੋਚਨ ਸਿੰਘ 021-515-4522

**ਯੂ. ਕੇ. ਵਿਚ ਚੰਦੇ ਤੇ ਹੋਰ ਰਕਮਾਂ ਜਮ੍ਹਾ ਕਰਾਉਣ ਲਈ ਪਤਾ** (ਫ਼ੋਨ 0734-262900)
**Bhai Gurnam Singh, 10-Lambourne Gardens, Earley, Reading. Berk U.K.**

## ਸ਼ਹੀਦੀ ਅਤੇ ਪੀੜਤ ਪਰਵਾਰਾਂ ਲਈ ਪੁਜੀ ਸਹਾਇਤਾ

| | |
|---|---|
| *Sgt.* ਕਲਦੀਪ ਸਿੰਘ ਪਞ ਏ.ਪੀ.ੳ. | ੫੦੦-੦੦ |
| ਗੁਪਤ ਸੇਵਾ ੫੦੦-੦੦ ਗੁਪਤ ਸੇਵਾ ਸ਼ਿਮਲਾ | ੩੨੦-੦੦ |
| ਸ: ਤ੍ਰਿਲੋਚਨ ਸਿੰਘ ਕਾਦੀਆਂ | ੨੦-੦੦ |
| ਸ: ਸਵਰਨ ਸਿੰਘ ਲੁਧਿਆਣਾ | ੩੦-੦੦ |
| ਬੀਬੀ ਗੁਰਬਚਨ ਕੌਰ ਲੁਧਿਆਣਾ | ੧੦੦-੦੦ |
| ਭਾਈ ਜਗਤਾਰ ਸਿੰਘ ਟੌਰੰਟੋ | ੧੦੦੦੦-੦੦ |
| ਸ: ਗੁਰਚਰਨ ਸਿੰਘ ਵਾਰਾਨਸੀ | ੩੦੦-੦੦ |
| ਸ. ਬਖਸ਼ੀਸ਼ ਸਿੰਘ ਰੁਦਰਾਪੁਰ | ੨੦੦-੦੦ |
| ਸ: ਕੁਲਦੀਪ ਸਿੰਘ ਖਾਲਸਾ ਰੈਡਿੰਗ ਯੂ.ਕੇ | ੨੭੬੦-੦੦ |
| ਸ: ਸੁੱਚਾ ਸਿੰਘ ਡਰਬੀ ,, | ੪੭੦-੦੦ |
| ਸ: ਕਰਨੈਲ ਸਿੰਘ ਰੈਡਿੰਗ ,, | ੮੨੫-੦੦ |
| ਬੀਬੀ ਬਲਬੀਰ ਕੌਰ ਰੈਡਿੰਗ ,, | ੧੨੫੦੦-੦੦ |
| ਸ: ਗੁਰਚੈਨ ਸਿੰਘ ਚੰਨੀ ਰੈਡਿੰਗ ,, | ੧੨੨੫-੦੦ |
| ਗੁਰਦਆਰਾ ਸਿੱਖ ਟੈਂਪਲ ਲੇਟਨ ;, | ੧੧੫੦-੦੦ |
| ਸ: ਪਰਮਜੀਤ ਸਿੰਘ ਚਾਰਲਟਨ ਲੰਡਨ,, | ੨੨੫੦-੦੦ |
| ਸ: ਮੋਹਨ ਸਿੰਘ ਸਲੌਅ ,, | ੨੨੭੫-੦੦ |
| ਸ: ਮਲਕੀਅਤ ਸਿੰਘ ਸਲੌਅ ,. | ੨੨੭੫·੦੦ |
| ਬੀਬੀ ਜਗੀਰ ਕੌਰ ਸਲੌਅ ,, | ੬੭੫-੦੦ |
| ਬੀਬੀ ਸਤਨਾਮ ਕੌਰ ਸਲੌਅ ,, | ੬੭੫-੦੦ |
| ਸ: ਸਰਵਨ ਸਿੰਘ ਠਾਕਰ ਸਲੌਅ ,, | ੯੦੦-੦੦ |
| ਗੁਪਤ ਸੇਵਾ | ੧੦੦੦-੦੦ |
| ਸ: ਅਮਰਜੀਤ ਸਿੰਘ ਲੁਧਿਆਣਾ | ੫੦੦-੦੦ |
| ਭਾਈ ਮਨਜੀਤ ਸਿੰਘ ਬਰਮਿੰਘਮ ਯੂ.ਕੇ. | ੪੬੦੯-੦੦ |
| ਬੀਬੀ ਜਸਬੀਰ ਕੌਰ ਬੱਗਾ ਲੁਧਿਆਣਾ | ੧੦੦-੦੦ |
| ਸ: ਦਰਸ਼ਨ ਸਿੰਘ ਮੂਲੀਆਂਵਾਲ | ੫੦-੦੦ |
| ਕਾਕਾ ਪਰਦੀਪ ਸਿੰਘ ਲੁਧਿਆਣਾ | ੫੦-੦੦ |
| ਸ: ਬਿਕਰਮਜੀਤ ਸਿੰਘ (ਸ: ਜਸਪਾਲ ਸਿੰਘ ਦੇ ਅੰਤਲੇ ਭੋਗ ਸਮੇਂ) | ੪੪੯-੫੦ |
| ਭਾਈ ਮਲਕੀਅਤ ਸਿੰਘ ਸਲੌਅ ਯੂਕੇ | ੨੦੫੦-੦੦ |
| ਭਾਈ ਲਹਿੰਬਰ ਸਿੰਘ ਡਰਬੀ ਵਾਲੇ (ਭਾਈ ਭੰਡਾਰ ਸਿੰਘ ਦੀ ਲੜਕੀ ਦੇ ਅਨੰਦ ਸਮੇਂ) | ੪੨੧੦-੦੦ |
| ਬੀਬੀ ਸੁਰਜੀਤ ਕੌਰ ਚੈਥਮ ਯੂਕੇ | ੪੨੦-੦੦ |
| ਸ: ਦਰਸ਼ਨ ਸਿੰਘ ਲਿਸਟਰ ਵਾਲੇ ਯੂਕੇ | ੧੦੫੧੦-੦੦ |
| ਬੀਬੀ ਚਰਨਜੀਤ ਕੌਰ ਢਿਲੋਂ ਰੈਡਿੰਗ ਯੂਕੇ | ੨੧੧੦-੦੦ |
| ਸ: ਮਲਕੀਅਤ ਸਿੰਘ ਸਲੌਅ ਯੂ ਕੇ | ੨੧੧੦-੦੦ |
| ਕੁਆਲਟੀ ਯੂ ਕੇ ਲਿਮਟਿਡ ਗਲਾਸਗੋ | ੮੪੦੦-੦੦ |
| ਸਾਧ ਸੰਗਤ ਸਲੌਅ ਯੂ ਕੇ | ੮੧੦੧-੦੦ |
| ਬੀਬੀ ਬਲਬੀਰ ਕੌਰ ਸੁਰਿੰਦਰ ਕੌਰ ਰੈਡਿੰਗ | ੮੦੦-੦੦ |
| ਸ: ਅਵਤਾਰ ਸਿੰਘ ਲਮਿੰਗਟਨ ਸਪਾ | ੪੨੧੦-੦੦ |
| ਸ: ਮੋਹਨ ਸਿੰਘ ਸਲੌਅ ਯੂ.ਕੇ. | ੨੦੦੦-੦੦ |
| ਸ: ਮਲਕੀਤ ਸਿੰਘ ਸਲੌਅ ,, | ੨੦੦੦-੦੦ |
| ਗੁਪਤ ਸੇਵਾ ਬੀਬੀ ਜੀ ਸਲੌਅ ,, | ੮੦੦-੦੦ |
| ਬੀਬੀ ਸੁਰਿੰਦਰ ਕੌਰ ਚੈਥਮ ਕੈਂਟ ,, | ੫੦੪੦-੦੦ |
| ਬੀਬੀ ਹਰਭਜਨ ਕੌਰ ਸਿੱਧੂ ਕੋਵੈਂਟਰੀ ਯੂ.ਕੇ. | ੨੬੭੦-੦੦ |
| ਸ: ਜਸਵਿੰਦਰ ਸਿੰਘ ਲਿਸਟਰ ਯੂ.ਕੇ. | ੨੦੫੦੦-੦੦ |
| ਸ: ਜਗੀਰ ਸਿੰਘ ਲਿਸਟਰ ,, | ੪੧੦੦-੦੦ |
| ਸ: ਝਲਮਨ ਸਿੰਘ ਗਿਲ ਸਲੌਅ ,, | ੬੧੫੦-੦੦ |
| ਗੁਰਦੁਆਰਾ ਰਾਮਗੜ੍ਹੀਆ ਸਭਾ ਕੋਵੈਂਟਰੀ | ੩੫੦੦-੦੦ |
| ਭਾਈ ਜਸਮੇਲ ਸਿੰਘ ਸਲੌਅ ਯੂ ਕੇ. | ੨੧੨੧੦-੦੦ |
| ਭਾਈ ਮਲਕੀਤ ਸਿੰਘ ਸਲੌਅ ,, | ੨੧੦੦-੦੦ |
| ਅਖੰਡ ਕੀਰਤਨੀ ਜਥਾ ਗ੍ਰੇਵਜ਼ੈਂਡ ਕੈਂਟ | ੮੩੦੦-੦੦ |
| ਬੀਬੀਆਂ ਚੈਥਮ ਯੂ ਕੇ. | ੪੨੧੦-੦੦ |
| ਬੀਬੀ ਸੀਤਲ ਕੌਰ ਅਤੇ ਬੱਚੀ ਸ਼ਰਨਜੀਤ ਕੌਰ (ਮਦਰਾਸੀ ਪ੍ਰਵਾਰ ਲਈ) ਰੈਡਿੰਗ | ੨੦੦੦-੦੦ |

## ਸ਼ਹੀਦੀ ਅਤੇ ਪੀੜਤ ਪਰਵਾਰਾਂ ਨੂੰ ਦਿਤੀ ਸਹਾਇਤਾ

| | |
|---|---|
| ਬੀਬੀ ਗੁਰਜੀਤ ਕੌਰ ਮਾਤਾ ਸ਼ਹੀਦ ਜਸਪਾਲ ਸਿੰਘ ਮੱਢੀ ਵਾਲਾ—ਪੁੱਤਰ ਸ਼ਹੀਦ, ਇਲਾਜ ਲਈ | ੭੦੦-੦੦ |
| ਸ: ਕਰਮ ਸਿੰਘ ਪਿਤਾ ਸ਼ਹੀਦ ਹਰਜਿੰਦਰ ਸਿੰਘ ਸੈਫਲਾਬਾਦ—ਪੁਤਰ ਸ਼ਹੀਦ, ਲੜਕੀ ਦੀ ਸ਼ਾਦੀ | ੪੨੦੦-੦੦ |
| ਬੀ: ਸੁਰਿੰਦਰ ਕੌਰ ਮਾਤਾ ਭਾਈ ਸਰਬਜੀਤ ਸਿੰਘ ਨਵੀਂ ਦਿੱਲੀ—ਪੁਤਰ ਜੇਲ੍ਹ, ਘਰੇਲੂ ਲੋੜਾਂ | ੩੦੦੦-੦੦ |
| ਬੀ: ਸੁਖਵੰਤ ਕੌਰ ਪਤਨੀ ਭਾਈ ਲਖਵਿੰਦਰ ਸਿੰਘ ਅੰਮ੍ਰਿਤਸਰ—ਪਤੀ ਜੇਲ੍ਹ, ਕੇਸ ਦੀ ਪੈਰਵੀ ਲਈ | ੫੦੦੦-੦੦ |
| ਬੀ: ਪਰਮਜੀਤ ਕੌਰ ਪਤਨੀ ਸ਼ਹੀਦ ਜਰਨੈਲ ਸਿੰਘ, ਛੋਟੀ ਲਲਤੋਂ—ਪਤੀ ਸ਼ਹੀਦ, ਘਰੇਲੂ ਲੋੜਾਂ | ੮੦੦੦-੦੦ |
| ਬੀ: ਮਨਜੀਤ ਕੌਰ ਪਤਨੀ ਸ਼ਹੀਦ ਗੁਰਮੀਤ ਸਿੰਘ ਛੋਟੀ ਲਲਤੋਂ—ਪਤੀ ਸ਼ਹੀਦ, ਘਰੇਲੂ ਲੋੜਾਂ | ੮੦੦੦-੦੦ |

## 'ਸੂਰਾ' ਮਾਸਕ ਪੱਤਰ ਦੀ ਚੜ੍ਹਦੀ ਕਲਾ ਲਈ ਪੁਜੀ ਸਹਾਇਤਾ

| | |
|---|---|
| ਸ: ਭੁਪਿੰਦਰ ਸਿੰਘ ਅਬੂਧਾਬੀ | ੫੦੦-੦੦ |
| ਸ: ਸੁਖਦੇਵ ਸਿੰਘ ਸੇਖਾ | ੨੦੦-੦੦ |
| ਬੀਬੀ ਜਸਵਿੰਦਰ ਕੌਰ ਸਲੌਅ | ੮੦੦-੦੦ |
| ਸ: ਸੁਖਦੇਵ ਸਿੰਘ ਸੇਖਾ | ੨੦੦-੦੦ |
| ਸ: ਜਰਨੈਲ ਸਿੰਘ ਲਿਸਟਰ ਯੂ. ਕੇ. | ੬੪੦-੦੦ |
| ਸ: ਅਜੀਤ ਸਿੰਘ ਹਡਰਸ ਫ਼ੀਲਡ ,, | ੨੦੦-੦੦ |
| ਸ: ਪਰਮਜੀਤ ਸਿੰਘ ਪਟਿਆਲਾ—ਮਾਤਾ ਦੀ ਅੰਤਮ ਯਾਦ ਵਿਚ ਭੋਗ ਸਮੇਂ | ੧੦੦-੦੦ |

www.AKJ.Org

## ਬੀਬੀ ਸੁਖਦੇਵ ਕੌਰ ਜੀ ਨਾਰੰਗਵਾਲ ਗੁਰਪੁਰੀ ਸਿਧਾਰ ਗਏ



ਭਾ: ਸਾ: ਭਾਈ ਰਣਧੀਰ ਸਿੰਘ ਜੀ ਬਾਲੜੀ ਅਵਸਥਾ ਤੋਂ ਬੀਬੀ ਨਾਲ ਬਹੁਤ ਪਿਆਰ ਕਰਦੇ, ਕੀਰਤਨ ਸਿਖਾਂਦੇ, ਸ੍ਰੀ ਗੁਰੂ ਗ੍ਰੰਥ ਜੀ ਨੂੰ ਆਪ ਚੌਰ ਕਰਦੇ ਤੇ ਬੀਬੀ ਦੇ ਸਿਰ ਤੇ ਹੱਥ ਰਖ ਕੇ ਪਾਠ ਕਰਾਂਦੇ, ਜਿਸ ਸਦਕਾ ਬਾਣੀ ਦੇ ਅਮੋਘ ਬਾਣਾਂ ਨਾਲ ਅਲੌਕਿਕ ਕਲਾ ਵਰਤਦੀ। ਬੀਬੀ ਨੂੰ ਵਿਆਹੁਣ ਲਈ ਭਾਈ ਦਿਆਲ ਸਿੰਘ ਨੂੰ ਭਾਈ ਸਾਹਿਬ ਨੇ ਆਪ ਚੁਣਿਆ ਅਤੇ ਗ੍ਰਿਹਸਤ ਵਿਚ ਵਿਚਰਦਿਆਂ ਵੀ ਕੀਰਤਨ-ਅਖਾੜਿਆਂ ਵਿਚ ਕੀਰਤਨ ਕਰਨ ਅਤੇ ਲੰਗਰ ਦੀ ਸੇਵਾ ਵਿਚ ਜੋੜੀ ਰਖਦੇ। ਬੀਬੀ ਜੀ ੨ ਮਈ ੧੯੯੩ ਨੂੰ ਗੁਰਪੁਰੀ ਪਿਆਨੇ ਕਰ ਗਏ ਹਨ।

## ਨਾਰੰਗਵਾਲ (ਲੁਧਿਆਣਾ) ਵਿਖੇ ਭਾਈ ਸਾਹਿਬ ਜੀ ਦੀ ੧੧੫ਵੀਂ ਜਨਮ-ਸ਼ਤਾਬਦੀ
## ੧੦ ਜੂਨ ਵੀਰਵਾਰ ਸਵੇਰ ਤੋਂ ੧੩ ਜੂਨ ਐਤਵਾਰ ਸਵੇਰ ਤਕ

ਪੰਥ ਰਤਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਜਨਮ-ਸ਼ਤਾਬਦੀ ਉਨ੍ਹਾਂ ਦੇ ਜਨਮ-ਅਸਥਾਨ ਨਾਰੰਗਵਾਲ ਵਿਖੇ ਅਖੰਡ ਕੀਰਤਨੀ ਜਥਿਆਂ ਵਲੋਂ ਮਨਾਈ ਜਾ ਰਹੀ ਹੈ – ੧੦ ਤੋਂ ੧੨ ਜੂਨ ਸ੍ਰੀ ਅਖੰਡਪਾਠ ਗੁ: ਅਕਾਲੀ ਵਾਲਾ ਵਿਖੇ। ੧੧ ਜੂਨ ਸਵੇਰੇ ਕੀਰਤਨ ਆਸਾ ਦੀ ਵਾਰ ਭਾਈ ਸਾਹਿਬ ਜੀ ਦੀ ਹਵੇਲੀ ਵਾਲੇ ਥਾਂ ਤੇ ਨਵੇਂ ਹਾਲ ਵਿਖੇ। ੧੨ ਜੂਨ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਕੀਰਤਨ, ਸ਼ਾਮ ਨੂੰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸੰਚਾਰ ਸਮਾਗਮ ਅਰੰਭ ਗੁਰਦਵਾਰਾ ਅਕਾਲੀ ਵਾਲਾ ਵਿਖੇ। ੧੩ ਜੂਨ ਸਵੇਰੇ ਸਮਾਪਤੀ।

ਪ੍ਰਾਰਥਕ ਸੰਗਤ ਨਾਰੰਗਵਾਲ ਅਤੇ ਅਖੰਡ ਕੀਰਤਨੀ ਜਥਾ

## ਖੰਨਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ
## ੨੪ ਜੂਨ ਵੀਰਵਾਰ ਸਵੇਰ ਤੋਂ ੨੭ ਜੂਨ ਐਤਵਾਰ ਸਵੇਰ ਤਕ

੨੪ ਜੂਨ ਸਵੇਰੇ ਕੀਰਤਨ ਆਸਾ ਦੀ ਵਾਰ ਉਪ੍ਰੰਤ ਸ੍ਰੀ ਅਖੰਡਪਾਠ ਅਰੰਭ ਗੁ: ਸ੍ਰੀ ਕਲਗੀਧਰ ਜੀ, ਸ਼ਾਮ ੭ ਤੋਂ ੯ ਕੀਰਤਨ ਗੁ: ਸਿੰਘ ਸਭਾ ਮਾਡਲ ਟਾਊਨ ਸਮਰਾਲਾ ਰੋਡ, ੨੫ ਜੂਨ ਸਵੇਰੇ ਕੀਰਤਨ ਗੁ: ਸ੍ਰੀ ਗੁਰੂ ਤੇਗ ਬਹਾਦਰ (ਨੰਦੀ ਕਲੋਨੀ),ਸ਼ਾਮ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ ਮਾਤਾ ਰਾਣੀ ਮੁਹਲਾ,੨੬ ਜੂਨ ਸਵੇਰੇ ਭੋਗ ਸ੍ਰੀ ਅਖੰਡਪਾਠ ਉਪ੍ਰੰਤ ਦੁਪਹਿਰ ਤਕ ਕੀਰਤਨ, ਸ਼ਾਮ ਅੰਮ੍ਰਿਤ ਸੰਚਾਰ ਸਮਾਗਮ ਅਰੰਭ ਗੁ: ਸ੍ਰੀ ਗੁਰੂ ਸਿੰਘ ਸਭਾ ਮਾਤਾ ਰਾਣੀ ਮੁਹੱਲਾ, ਰੈਣ ਸਬਾਈ ਕੀਰਤਨ ਗੁ: ਸ੍ਰੀ ਕਲਗੀਧਰ ਸਾਹਿਬ ਜੀ.ਟੀ. ਰੋਡ। ੨੭ ਜੂਨ ਸਵੇਰੇ ੬ ਵਜੇ ਸਮਾਪਤੀ।

ਨੋਟ—ਲੰਗਰ ਤੇ ਰਿਹਾਇਸ਼ ਗੁ: ਸ੍ਰੀ ਗੁਰੂ ਸਿੰਘ ਸਭਾ ਮਾਤਾ ਰਾਣੀ ਮੁਹਲਾ ਵਿਖੇ।

ਦਾਸਰੇ --ਅਖੰਡ ਕੀਰਤਨੀ ਜਥਾ ਖੰਨਾ

---

**ਨਕੋਦਰ (ਰੇਲਵੇ ਰੋਡ ਮਹੱਲਾ ਖਹਿਰਾ)ਗ੍ਰਿਹਿ ਭਾ: ਸੁਖਦੇਵ ਸਿੰਘ, ਰੈਣ ਸਬਾਈ ਕੀਰਤਨ ੫ ਜੂਨ**

**ਧਾਰੀਵਾਲ ਬੇਟ ਕਪੂਰਥਲਾ ਗੁਰਦਵਾਰਾ ਬਾਬਾ ਜਵਾਹਰ ਸਿੰਘ ਵਿਖੇ ਸਾਲਾਨਾ ਕੀਰਤਨ ਸਮਾਗਮ**

੧੨ ਜੂਨ ਸਵੇਰੇ ਭੋਗ ਸ੍ਰੀ ਅਖੰਡ ਪਾਠ ਉਪ੍ਰੰਤ ਕੀਰਤਨ, ਰਾਤ ਰੈਣ ਸਬਾਈ ਕੀਰਤਨ।

**ਮਾਸਕ ਰੈਣ ਸਬਾਈ ਗੁ. ਦੇਗਸਰ ਸਾਹਿਬ (ਪਾ. ੬,੧੦) ਕਟਾਣਾ ਸਾਹਿਬ, (ਨੇੜੇ ਦੋਰਾਹਾ) ੧੯ ਜੂਨ**

**ਰਾਮਪੁਰ ਖੇੜਾ (ਹੁਸ਼ਿਆਰਪੁਰ) ਨਾਮ-ਅਭਿਆਸ ਕਮਾਈ ਸਮਾਗਮ ੨੦ ਤੋਂ ੨੭ ਜੂਨ**

**ਹਰਚੋਵਾਲ (ਗੁਰਦਾਸਪੁਰ) ਗੁ ਰਾਜਾ ਰਾਮ,੩ ਜੁਲਾਈ ਭੋਗ ਅਖੰਡ ਪਾਠ ਉਪ੍ਰੰਤ ਕੀਰਤਨ, ਰੈਣ ਸਬਾਈ**

---

ਮਨੀਆਰਡਰ, ਬੈਂਕ ਡਰਾਫ਼ਟ ਤੇ ਚਿੱਠੀ ਪੱਤਰ ਭੇਜਣ ਦਾ ਪਤਾ :

'ਸੂਰਾ' ਮੰਥਲੀ, 93-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ 143006

www.AKJ.Org